PUNJABI UNIVERSITY PATIALA

ਬੀ.ਏ. ਭਾਗ ਦੂਜਾ ਪੰਜਾਬੀ ਲਾਜ਼ਮੀ

ਸਮੈਸਟਰ - ਤੀਜਾ

ਯੂਨਿਟ ਨੰ: 2

ਪਾਠ ਨੰ:


2.1 : ਪੰਜਾਬੀ ਭਾਸ਼ਾ ਦਾ ਆਰੰਭ ਤੇ ਵਿਕਾਸ

2.2 : ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ

2.3 : ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ

2.4 : ਗੁਰਮੁਖੀ ਆਰਥੋਗਰਾਫੀ

2.5 : ਪੰਜਾਬੀ ਧੁਨੀ ਵਿਉਂਤ

2.6 : ਪੰਜਾਬੀ ਪੱਤਰਕਾਰੀ

2.7 : ਇਸ਼ਤਿਹਾਰ ਲੇਖਣ : ਸੰਕਲਪ ਤੇ ਇਤਿਹਾਸ

2.8 : ਇਸ਼ਤਿਹਾਰ ਖ਼ਬਰ : ਸੰਕਲਪ ਅਤੇ ਅਭਿਆਸ

2.9 : ਨਾਵਲ, ਨਾਵਲੈਟ ਅਤੇ ਲੰਮੀ ਕਹਾਣੀ : ਰੂਪਾਕਾਰਕ ਅੰਤਰ ਨਿਖੇੜ


ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰ : 2.1

# ਪੰਜਾਬੀ ਭਾਸ਼ਾ ਦਾ ਆਰੰਭ ਤੇ ਵਿਕਾਸ

**ਰੂਪ ਰੇਖਾ :**

1. ਭੂਮਿਕਾ
2. ਪੰਜਾਬੀ ਭਾਸ਼ਾ ਦਾ ਆਰੰਭ ਤੇ ਵਿਕਾਸ
3. ਗੁਰੂ ਕਾਲ ਦੀ ਪੰਜਾਬੀ
4. ਅੰਗਰੇਜ਼ੀ ਰਾਜ ਸਮੇਂ ਦੀ ਪੰਜਾਬੀ

**1. ਭੂਮਿਕਾ :** ਹਰੇਕ ਬੋਲੀ ਕਿਸੇ ਵਿਸ਼ੇਸ਼ ਸਭਿਅਤਾ ਦੀ ਜਿੰਦ-ਜਾਨ ਹੁੰਦੀ ਹੈ। ਇਸ ਦੁਆਰਾ ਹੀ ਅਸੀਂ ਸੰਸਕ੍ਰਿਤੀ, ਅਤੇ ਲੋਕ-ਸਭਿਅਤਾ ਅਤੇ ਲੋਕ ਇਤਿਹਾਸ ਤੱਕ ਪਹੁੰਚ ਸਕਦੇ ਹਾਂ। ਕਿਸੇ ਵਿਸ਼ੇਸ਼ ਖਿੱਤੇ ਦੀ ਪਰੰਪਰਾ ਉਸ ਖਿੱਤੇ ਦੀ ਬੋਲੀ ਰਾਹੀਂ ਹੀ ਪਛਾਣੀ ਜਾ ਸਕਦੀ ਹੈ। ਸਾਡੇ ਪ੍ਰਦੇਸ਼ ਪੰਜਾਬ ਦੇ ਸਭਿਆਚਾਰ ਬਾਰੇ ਅਸੀਂ ਪੰਜਾਬੀ ਬੋਲੀ ਰਾਹੀਂ ਹੀ ਜਾਣੂ ਹੋ ਸਕਦੇ ਹਾਂ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਬੋਲੀ ਪੰਜਾਬੀ ਨੂੰ ਸਮਝੀਏ, ਇਸ ਦੀ ਨੁਹਾਰ ਨੂੰ ਪਛਾਣੀਏ ਤੇ ਇਸ ਦੇ ਸੂਖ਼ਮ ਗੁਣਾਂ ਤੋਂ ਵਾਕਿਫ਼ ਹੋਈਏ। ਬੋਲੀ ਦਾ ਇਕ ਉਚਾਰਣ ਰੂਪ ਹੁੰਦਾ ਹੈ ਅਤੇ ਦੂਜਾ ਲਿਖਿਤ ਰੂਪ। ਹਰੇਕ ਅਮੀਰ ਬੋਲੀ ਦੇ ਲਿਖਣ ਲਈ ਵਿਸ਼ੇਸ਼ ਚਿੰਨ੍ਹ ਹੁੰਦੇ ਹਨ ਜਿਨ੍ਹਾਂ ਨੂੰ ਲਿੱਪੀ ਆਖਿਆ ਜਾਂਦਾ ਹੈ। ਪੰਜਾਬੀ ਨੂੰ ਲਿਖਣ ਲਈ ਇਕੋ ਇਕ ਵਿਸ਼ੇਸ਼ ਲਿੱਪੀ ਗੁਰਮੁਖੀ ਲਿੱਪੀ ਹੀ ਹੈ। ਇਸ ਲਈ ਇਸ ਯੂਨਿਟ ਵਿਚ ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਤੋਂ ਇਲਾਵਾ ਗੁਰਮੁੱਖੀ ਲਿੱਪੀ ਦੇ ਵਿਕਾਸ ਬਾਰੇ ਚਰਚਾ ਕਰਨ ਤੋਂ ਬਾਅਦ ਪੰਜਾਬੀ ਭਾਸ਼ਾ ਲਈ ਗੁਰਮੁਖੀ ਦੇ ਢੁਕਵੇਂਪਣ ਦੀ ਚਰਚਾ ਵੀ ਕੀਤੀ ਜਾਏਗੀ।

## 2.0 ਪੰਜਾਬੀ ਭਾਸ਼ਾ ਦਾ ਆਰੰਭ ਤੇ ਵਿਕਾਸ

## 2.1 ਪੰਜਾਬੀ ਅਤੇ ਪੰਜਾਬੀ ਦਾ ਖੇਤਰ

ਪੰਜਾਬ ਦੀ ਬੋਲੀ ਨੂੰ ਪੰਜਾਬੀ ਕਹਿੰਦੇ ਹਨ। 'ਪੰਜਾਬ' ਦੋ ਫ਼ਾਰਸੀ ਸ਼ਬਦਾਂ – 'ਪੰਜ' ਤੇ 'ਆਬ' ਦਾ ਸਮਾਸ ਹੈ। ਪੰਜ ਦੇ ਫ਼ਾਰਸੀ ਸ਼ਬਦ ਵਿਚ ਵੀ ਪੰਜਾਬੀ ਵਾਲੇ ਅਰਥ ਹਨ, ਅਤੇ 'ਆਬ' ਦਾ ਅਰਥ ਪਾਣੀ ਹੈ ਪਰੰਤੂ ਇਥੇ ਇਸ ਤੋਂ ਭਾਵ 'ਦਰਿਆ' ਹੈ। ਇੰਝ 'ਪੰਜਾਬ' (ਪੰਜ+ਆਬ) ਦੇ ਅਰਥ ਹਨ :- 'ਪੰਜ ਦਰਿਆਵਾਂ (ਪਾਣੀਆਂ) ਦਾ ਦੇਸ਼। ਇਹ ਪੰਜ ਦਰਿਆ ਹਨ – ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ। ਇਹਨਾਂ ਵਿਚੋਂ ਅਖ਼ੀਰਲੇ ਦੋ-ਚਨਾਬ ਤੇ ਜਿਹਲਮ ਪਾਕਿਸਤਾਨੀ ਪੰਜਾਬ ਵਿਚ ਵਗਦੇ ਹਨ। ਰਾਵੀ ਕੁਝ ਮੀਲਾਂ ਤਕ ਪਾਕਿਸਤਾਨ ਤੇ ਭਾਰਤ ਦੀ ਹੱਦ ਬਣਾਉਂਦਾ ਹੈ ਫੇਰ ਪਾਕਿਸਤਾਨ ਵਿਚ ਦਾਖ਼ਲ ਹੋ ਜਾਂਦਾ ਹੈ। ਸਤਲੁਜ ਤੇ ਬਿਆਸ ਪੰਜਾਬ ਵਿਚ ਹਰੀਕੇ ਪੱਤਣ ਲਾਗੇ ਇਕੱਠੇ ਹੋ ਜਾਂਦੇ ਹਨ। ਅੱਗੇ ਇਹ ਵੀ ਕੁਝ ਦੂਰ ਤੱਕ ਪਾਕਿਸਤਾਨ ਤੇ ਭਾਰਤ ਦੀ ਹੱਦ ਬਣਾਉਂਦੇ ਫੇਰ ਪਾਕਿਸਤਾਨ ਵਿਚ ਨਿਕਲ ਜਾਂਦੇ ਹਨ।

ਸੋ ਪੰਜਾਬ ਦੇ ਦੋ ਹਿੱਸੇ ਹਨ – ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ। ਇਹਨਾਂ ਦੋਹਾਂ ਦੀ ਭਾਸ਼ਾ ਪੰਜਾਬੀ ਹੈ ਪਰੰਤੂ ਪੰਜਾਬੀ ਸਿਰਫ਼ ਪੰਜਾਬ ਦੀ ਬੋਲੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਵੀ ਕਾਫ਼ੀ ਇਲਾਕਿਆਂ ਵਿਚ ਪੰਜਾਬੀ ਬੋਲੀ ਜਾਂਦੀ ਹੈ। ਉੱਤਰ ਪ੍ਰਦੇਸ਼ ਦੇ ਤਰਾਈ ਖੇਤਰ ਵਿਚ ਵੀ ਹੁਣ ਪੰਜਾਬੀ ਬੋਲਣ ਵਾਲੀ ਵਸੋਂ ਦੂਰ-ਦੂਰ ਤੱਕ ਖਿੱਲਰੀ ਹੋਈ ਹੈ। ਇੰਜ ਪੰਜਾਬੀ ਅਟਕ ਤੋਂ ਲੈ ਕੇ ਦਿੱਲੀ ਤੀਕ ਬੋਲੀ ਜਾਣ ਵਾਲੀ ਬੋਲੀ ਬੜੇ ਲੰਮੇ ਚੌੜੇ ਇਲਾਕੇ ਦੀ ਭਾਸ਼ਾ ਹੈ। ਇਸ ਤੋਂ ਇਲਾਵਾ ਪੰਜਾਬੀ ਨੂੰ ਬੋਲਣ ਵਾਲਿਆਂ ਦੀ ਇਕ ਵੱਡੀ ਗਿਣਤੀ ਵਿਦੇਸ਼ਾਂ ਵਿਚ ਵੀ ਰਹਿ ਰਹੀ ਹੈ। ਦੁਨੀਆਂ ਦਾ ਸ਼ਾਇਦ ਹੀ ਅਜਿਹਾ ਕੋਈ ਦੇਸ਼ ਹੋਵੇ ਜਿਸ ਵਿਚ ਪੰਜਾਬੀ ਬੋਲਣ ਵਾਲੇ ਨਾ ਰਹਿ ਰਹੇ ਹੋਣ।

## 2.2 ਭਾਸ਼ਾ : ਪੁਰਾਣਾ ਇਤਿਹਾਸ

ਭਾਸ਼ਾ ਸਦਾ ਬਦਲਦੀ ਰਹਿੰਦੀ ਹੈ, ਪਰੰਤੂ ਬੜੀ ਹੌਲੀ-ਹੌਲੀ ਬਦਲਦੀ ਹੈ। ਕੁਝ ਸਦੀਆਂ ਬੀਤਣ ਪਿੱਛੋਂ ਹੀ ਬੋਲੀ ਦਾ ਮੁਹਾਂਦਰਾ ਬਦਲਿਆ ਹੋਇਆ ਨਜ਼ਰ ਆਉਂਦਾ ਹੈ। ਹਜ਼ਾਰ ਵਰ੍ਹਿਆਂ ਵਿਚ ਤਾਂ ਬੋਲੀ ਬਿਲਕੁੱਲ ਹੀ ਬਦਲ ਜਾਂਦੀ ਹੈ। ਅੱਜ ਜਿਹੜੀ ਭਾਸ਼ਾ ਅਸੀਂ ਬੋਲਦੇ ਹਾਂ, ਉਸਦਾ ਅੱਜ ਵਾਲਾ ਰੂਪ ਅੱਜ ਤੋਂ ਇੱਕ ਹਜ਼ਾਰ ਸਾਲ ਪਹਿਲਾਂ ਹੀ ਬੋਲੀ ਨਾਲੋਂ ਬਿਲਕੁਲ ਵੱਖਰਾ ਹੈ। ਉਦੋਂ ਇਸ ਦਾ ਨਾਮ ਵੀ 'ਪੰਜਾਬੀ' ਨਹੀ ਸੀ। ਉਸ ਤੋਂ ਹਜ਼ਾਰ ਦੋ ਹਜ਼ਾਰ ਸਾਲ ਪਹਿਲਾਂ ਭਾਸ਼ਾ ਹੋਰ ਵੀ ਵੱਖਰੇ ਰੂਪ ਵਾਲੀ ਸੀ। ਸਾਡੀ ਭਾਸ਼ਾ ਦਾ ਇਤਿਹਾਸ ਉਦੋਂ ਤੋਂ ਸ਼ੁਰੂ ਹੁੰਦਾ ਹੈ ਜਦੋਂ ਸਾਡੇ ਵਡੇਰੇ ਪੰਜਾਬ ਦੀ ਧਰਤੀ ਉਤੇ ਆ ਕੇ ਵੱਸੇ। ਇਸ ਇਲਾਕੇ ਵਿਚ ਉਸ ਸਮੇਂ ਦੀ ਬੋਲੀ ਵਿਚ ਵੇਦਾਂ ਦੀ ਰਚਨਾ ਦਾ ਸਮਾਂ ਅੱਜ ਤੋਂ ਚਾਰ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਦਾ ਮੰਨਿਆ ਜਾਂਦਾ ਹੈ। ਵੈਦਿਕ ਤੋਂ ਪਿਛੋਂ ਸੰਸਕ੍ਰਿਤ ਦਾ ਸਮਾਂ ਆਉਂਦਾ ਹੈ। ਸੰਸਕ੍ਰਿਤ ਵਿਚ ਅਨੇਕਾਂ ਗ੍ਰੰਥ ਰਚੇ ਗਏ। ਸੰਸਕ੍ਰਿਤ ਵਿਚ ਰਚਿਆ ਸਾਹਿਤ ਸੰਸਾਰ ਦੇ ਸ੍ਰੇਸ਼ਠਤਮ ਸਾਹਿਤ ਵਿਚ ਗਿਣਿਆ ਜਾਂਦਾ ਹੈ। ਕਈ ਲੋਕ ਵੇਦਾਂ ਦੀ ਭਾਸ਼ਾ ਨੂੰ ਵੀ ਸੰਸਕ੍ਰਿਤ ਹੀ ਮੰਨਦੇ ਹਨ, ਪਰੰਤੂ ਇਹਨਾਂ ਦੋਹਾਂ ਬੋਲੀਆਂ ਵਿਚ ਕੁਝ ਫ਼ਰਕ ਹੈ।

ਸੰਸਕ੍ਰਿਤ ਤੋਂ ਪਿੱਛੋਂ ਜਿਹੜੀ ਭਾਸ਼ਾ ਪੰਜਾਬ ਤੇ ਇਸ ਦੇ ਨਾਲ ਲਗਦਿਆਂ ਇਲਾਕਿਆਂ ਵਿਚ ਬੋਲੀ ਜਾਂਦੀ ਸੀ, ਉਸ ਨੂੰ 'ਪਾਲੀ' ਕਹਿੰਦੇ ਹਨ। ਪਾਲੀ ਸੰਸਕ੍ਰਿਤ ਨਾਲੋਂ ਕਾਫ਼ੀ ਫ਼ਰਕ ਵਾਲੀ ਬੋਲੀ ਹੈ। ਫੇਰ ਵੀ ਇਹ ਪੰਜਾਬੀ ਨਾਲੋਂ ਸੰਸਕ੍ਰਿਤ ਦੇ ਵਧੇਰੇ ਨੇੜੇ ਹੈ। ਪਾਲੀ ਵਿਚ ਬੁੱਧ ਧਰਮ ਦਾ ਸਾਹਿਤ ਰਚਿਆ ਗਿਆ। ਇਹ ਸਾਰਾ ਸਾਹਿਤ ਵੀ ਬੜੀ ਉੱਚੀ ਪੱਧਰ ਦਾ ਹੈ।

ਭਾਸ਼ਾ ਦਾ ਰੂਪ ਫੇਰ ਬਦਲਿਆ। ਈਸਵੀਂ ਸੰਨ ਦੇ ਆਰੰਭ ਦੇ ਲਾਗੇ-ਚਾਗੇ ਜਿਹੜੀਆਂ ਭਾਸ਼ਾਵਾਂ ਉਤਰੀ ਭਾਰਤ ਵਿਚ ਬੋਲੀਆਂ ਜਾਂਦੀਆਂ ਹਨ, ਉਹਨਾਂ ਦਾ ਸਾਂਝਾ ਨਾਮ 'ਪ੍ਰਾਕ੍ਰਿਤ' ਹੈ। ਪ੍ਰਾਕ੍ਰਿਤਾਂ ਕਈ ਸਨ ਤੇ ਜਿਹੜੀ ਪ੍ਰਾਕ੍ਰਿਤ ਸਾਡੇ ਇਸ ਖੇਤਰ ਵਿਚ ਬੋਲੀ ਜਾਂਦੀ ਸੀ ਉਸਦਾ ਨਾਂ 'ਸ਼ੋਰਸੈਨੀ' ਸੀ। ਵਿਭਿੰਨ ਪ੍ਰਾਕ੍ਰਿਤਾਂ ਵਿਚੋਂ ਉਸੇ ਨਾਂ ਵਾਲੀਆਂ 'ਅਪਭ੍ਰੰਸ਼ਾਂ' ਦਾ ਵਿਕਾਸ ਹੋਇਆ। ਪੁਰਾਣਿਆਂ ਗ੍ਰੰਥਾਂ ਵਿਚ ਕਈਆਂ ਅਪਭ੍ਰੰਸ਼ਾਂ ਦੇ ਨਾਮ ਮਿਲਦੇ ਹਨ। ਇਹਨਾ ਅਪਭ੍ਰੰਸ਼ਾਂ ਵਿਚੋਂ ਹੀ ਸਾਡੀਆਂ ਅਜੋਕੀਆਂ ਭਾਸ਼ਾਵਾਂ, ਪੰਜਾਬੀ, ਹਿੰਦੀ, ਮਰਾਠੀ, ਗੁਜਰਾਤੀ, ਬੰਗਾਲੀ ਆਦਿ ਨਿਕਲੀਆਂ ਹਨ।

**ਕੁਝ ਯਾਦ ਰੱਖਣਯੋਗ ਤੱਥ**

1. 'ਪੰਜਾਬ ਦਾ ਅਰਥ ਪੰਜ ਦਰਿਆਵਾਂ ਦੀ ਧਰਤੀ ਹੈ।
2. ਭਾਰਤ ਵਿਚ ਭਾਸ਼ਾਵਾਂ ਦਾ ਵਿਕਾਸ ਕ੍ਰਮ ਇਸ ਪ੍ਰਕਾਰ ਹੈ :
   ਵੈਦਿਕ ਸੰਸਕ੍ਰਿਤ/ਸੰਸਕ੍ਰਿਤ/ਪਾਲੀ/ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ/ਆਧੁਨਿਕ ਹਿੰਦ ਆਰਯਾਈ ਭਾਸ਼ਾਵਾਂ
3. ਪੰਜਾਬੀ, ਹਿੰਦੀ, ਮਰਾਠੀ ਆਦਿ ਭਾਸ਼ਾ ਦੀ ਮੂਲ ਜਨਨੀ ਸੰਸਕ੍ਰਿਤ ਹੈ।

## 2.3 ਪੰਜਾਬੀ ਭਾਸ਼ਾ ਦਾ ਆਰੰਭ

ਜਿਵੇਂ ਅਸੀਂ ਪਿੱਛੇ ਵੇਖ ਆਏ ਹਾਂ ਵੈਦਿਕ ਭਾਸ਼ਾ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਵਾਲਾ ਰੂਪ ਧਾਰਨ ਕਰਦੀ ਹੋਈ ਸਾਡੀ ਭਾਸ਼ਾ ਅੱਜ ਵਾਲੇ ਰੂਪ ਤੱਕ ਪੁੱਜੀ ਹੈ। ਹੋਰਨਾਂ ਆਧੁਨਿਕ ਭਾਸ਼ਾਵਾਂ ਵਾਂਗ ਪੰਜਾਬੀ ਵੀ ਕਿਸੇ ਅਪਭ੍ਰੰਸ਼ ਵਿਚੋਂ ਨਿਕਲੀ ਹੈ। ਇਹ ਸੰਨ 1100 ਈਸਵੀ ਦੇ ਲਾਗੇ ਚਾਗੇ ਦੀ ਗੱਲ ਹੈ। ਇਸ ਦੇਸ਼ ਦਾ ਇਤਿਹਾਸ ਜਾਣਨ ਵਾਲਿਆਂ ਨੂੰ ਪਤਾ ਹੈ। ਇਸ ਸਮੇਂ ਤੱਕ ਪੰਜਾਬ ਉਤੇ ਮੁਸਲਮਾਨਾਂ ਦਾ ਰਾਜ ਕਾਇਮ ਹੋ ਗਿਆ ਸੀ। ਇੰਞ ਇਕ ਪਾਸੇ ਤਾਂ ਭਾਸ਼ਾ ਅਪਭ੍ਰੰਸ਼ਾਂ ਵਾਲਾ ਰੂਪ ਛੱਡ ਕੇ ਪੰਜਾਬੀ ਵਾਲਾ ਮੁਹਾਂਦਰਾ ਧਾਰਨ ਕਰ ਰਹੀ ਸੀ, ਦੂਜੇ ਪਾਸੇ ਨਾਲੋ ਨਾਲ ਇਸ ਉਤੇ ਅਰਬੀ ਫ਼ਾਰਸੀ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਸੀ। ਫ਼ਾਰਸੀ ਮੁਸਲਮਾਨਾਂ ਹੁਕਮਰਾਨਾਂ ਦੀ ਬੋਲੀ ਸੀ ਤੇ, ਅਰਬੀ ਉਨ੍ਹਾਂ ਦੀ ਧਾਰਮਿਕ ਜ਼ੁਬਾਨ ਸੀ। ਸੋ ਪੰਜਾਬੀ ਦੇ ਆਰੰਭਿਕ ਸਮੇਂ ਤੋਂ ਇਧ ਵਿਚ ਅਰਬੀ, ਫ਼ਾਰਸੀ ਤੇ ਸ਼ਬਦ ਰਲਣੇ ਸ਼ੁਰੂ ਹੋ ਗਏ ਸਨ।

ਇੰਜ ਗਿਆਰ੍ਹਵੀਂ ਸਦੀ ਈਸਵੀ ਦੇ ਨੇੜੇ ਤੇੜੇ ਪੰਜਾਬੀ ਦਾ ਨਿਕਾਸ ਅਪਭ੍ਰੰਸ਼ ਵਿਚੋਂ ਹੋਇਆ। ਪਰ ਕਿਹੜੀ ਅਪਭ੍ਰੰਸ਼ ਵਿਚੋਂ ਪੰਜਾਬੀ ਨਿਕਲੀ? ਇਸ ਬਾਰੇ ਪੂਰੇ ਵਿਸ਼ਵਾਸ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਵਿਦਵਾਨ ਕਈਆਂ ਅਪਭ੍ਰੰਸ਼ਾਂ ਦੇ ਨਾਮ ਗਿਣਾਉਂਦੇ ਹਨ, ਪਰੰਤੂ ਇਹਨਾਂ ਵਿਚੋਂ ਕਿਸੇ ਦੇ ਵੀ ਨਮੂਨੇ ਸਾਡੇ ਤੱਕ ਨਹੀਂ ਪਹੁੰਚੇ , ਇਸ ਕਰਕੇ ਇਹ ਮੰਨਣਾ ਮੁਸ਼ਕਲ ਹੈ ਕਿ ਕਿਹੜੀ ਅਪਭ੍ਰੰਸ਼ ਵਿਚੋਂ ਪੰਜਾਬੀ ਦਾ ਨਿਕਾਸ ਹੋਇਆ ਹੈ? ਆਰੰਭਿਕ ਕਾਲ ਦੀ ਪੰਜਾਬੀ ਦੇ ਨਮੂਨੇ ਵੀ ਸਾਨੂੰ ਪ੍ਰਾਪਤ ਨਹੀਂ। ਇਸ ਲਈ ਗਿਆਰ੍ਹਵੀਂ ਬਾਰ੍ਹਵੀਂ ਸਦੀ ਵਿਚ ਪੰਜਾਬੀ ਦਾ ਰੂਪ ਕੀ ਸੀ? ਇਸ ਬਾਰੇ ਵੀ ਕੁੱਝ ਨਹੀਂ ਕਿਹਾ ਜਾ ਸਕਦਾ।

ਪੰਜਾਬੀ ਦਾ ਪੁਰਾਣੇ ਤੋਂ ਪੁਰਾਣਾ ਪ੍ਰਮਾਣਿਤ ਨਮੂਨਾ ਜੋ ਸਾਡੇ ਹੱਥਾਂ ਵਿਚ ਹੈ, ਉਹ ਬਾਬਾ ਸ਼ੇਖ ਫ਼ਰੀਦ ਦੀ ਬਾਣੀ ਦੀ ਭਾਸ਼ਾ ਹੈ। ਇਹ ਤੇਰ੍ਹਵੀਂ ਸਦੀ ਦੀ ਰਚਨਾ ਹੈ ਅਤੇ ਪੰਜਾਬੀ ਦੀ ਉਪਭਾਸ਼ਾ ਮੁਲਤਾਨੀ ਵਿਚ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤਾ ਸੀ। ਇੰਜ 1604 ਈ. ਤੋਂ ਅੱਜ ਤੱਕ ਇਸ ਬਾਣੀ ਵਿਚ ਕੋਈ ਫ਼ਰਕ ਨਹੀਂ ਆਇਆ। ਫ਼ਰੀਦ ਜੀ ਦੇ ਦੇਹਾਂਤ ਤੋਂ ਪਿਛੋਂ ਤੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਦਰਜ ਹੋਣ ਤੱਕ ਜੇ ਇਸ ਬਾਣੀ ਵਿਚ ਕੋਈ ਅਦਲਾ ਬਦਲੀ ਹੋਈ ਹੋਵੇ ਤਾਂ ਇਸ ਬਾਰੇ ਅੱਜ ਠੀਕ ਅਨੁਮਾਨ ਲਾਉਣਾ ਮੁਸ਼ਕਲ ਹੈ।

## 2.4 ਪੰਜਾਬੀ ਭਾਸ਼ਾ ਦਾ ਵਿਕਾਸ

ਸ਼ੇਖ ਫ਼ਰੀਦ ਜੀ ਪੰਜਾਬੀ ਤੋਂ ਲੈ ਕੇ ਅੱਜ ਬੋਲੀ ਤੇ ਲਿਖੀ ਜਾ ਰਹੀ ਪੰਜਾਬ ਦੇ ਰੂਪ ਵਿਚ ਕਈਆਂ ਪੱਖਾਂ ਤੋਂ ਫ਼ਰਕ ਪਿਆ ਹੈ। ਜਿਵੇਂ ਕਿ ਅਸੀ ਜਾਣਦੇ ਹਾਂ, ਭਾਸ਼ਾ ਸਦਾ ਬਦਲਦੀ ਰਹਿੰਦੀ ਹੈ ਅਤੇ ਪਿਛਲੀਆਂ ਪੰਜਾਂ ਛਿਆਂ ਸਦੀਆਂ ਵਿਚ ਵੀ ਪੰਜਾਬੀ ਕਾਫ਼ੀ ਬਦਲੀ ਹੈ। ਭਾਸ਼ਾ ਵਿਗਿਆਨ ਦੀ ਬੋਲੀ ਵਿਚ ਕਿਹਾ ਜਾਂਦਾ ਹੈ ਕਿ ਇਨ੍ਹਾਂ ਪੰਜਾਂ ਛਿਆਂ ਸਦੀਆਂ ਵਿੱਚ ਭਾਸ਼ਾ ਨੇ ਕਾਫ਼ੀ ਵਿਕਾਸ ਕੀਤਾ ਹੈ। ਹੁਣ ਅਸੀ ਪੰਜਾਬੀ ਦੇ ਵਿਕਾਸ ਬਾਰੇ ਵਿਚਾਰ ਕਰਨਾ ਹੈ।

ਸਮਝਣ ਵਿਚ ਸੁਖਾਲਾ ਬਣਾਉਣ ਲਈ ਵਿਕਾਸ ਦੇ ਇਸ ਸਮੇਂ ਨੂੰ ਅਸੀਂ ਚਾਰ ਅਵੱਸਥਾਵਾਂ ਜਾਂ ਚਾਰ ਹਿੱਸਿਆਂ ਵਿਚ ਵੰਡਦੇ ਹਾਂ :

(ੳ) ਮੱਧਕਾਲੀ ਪੰਜਾਬੀ ਜਾਂ ਗੁਰੂ ਕਾਲ ਦੀ ਪੰਜਾਬੀ (1700 ਈ. ਤੱਕ)

(ਅ) ਪਿਛਲਾ ਮੁਗ਼ਲ ਕਾਲ ਅਤੇ ਸਿੱਖ ਰਾਜ ਦੇ ਸਮੇਂ ਦੀ ਪੰਜਾਬੀ(1700 ਈ. ਤੋਂ 1850 ਈ. ਤੱਕ)

(ੲ) ਅੰਗਰੇਜ਼ੀ ਰਾਜ ਦੇ ਸਮੇਂ ਦੀ ਪੰਜਾਬੀ (1850 ਈ. ਤੋਂ 1947 ਈ. ਤੱਕ)

(ਸ) ਅਜੋਕੀ ਪੰਜਾਬੀ (1947 ਈ. ਤੋਂ ਹੁਣ ਤੀਕ)

### 2.4.1 ਗੁਰੂ ਕਾਲ ਦੀ ਪੰਜਾਬੀ :

ਗੁਰੂ ਕਾਲ ਦੀ ਪੰਜਾਬੀ ਦੇ ਨਮੂਨੇ ਮੁੱਖ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਹਨ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਪੰਜਾਬੀ ਵਿਚ ਨਹੀਂ। ਵਾਸਤਵ ਵਿਚ ਇਸ ਬਾਣੀ ਦਾ ਬਹੁਤ ਥੋੜ੍ਹਾ ਹਿੱਸਾ ਹੀ ਪੰਜਾਬ ਵਿਚ ਹੈ। ਵਧੇਰੇ ਬਾਣੀ ਉਸ ਬੋਲੀ ਵਿਚ ਹੈ ਜਿਸ ਨੂੰ ਅਸੀਂ 'ਸਾਧ ਭਾਸ਼ਾ' ਕਹਿੰਦੇ ਹਾਂ, ਕਿਉਂਕਿ ਉਸ ਸਮੇਂਸਾਧੂ, ਮਹਾਤਮਾ ਅਤੇ ਧਰਮ-ਪ੍ਰਚਾਰਕ ਇਹ ਭਾਸ਼ਾ ਹੀ ਵਰਤਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬ੍ਰਜ ਭਾਸ਼ਾ ਵਿਚ ਹੈ, ਪੰਜਾਬੀ ਵਿਚ ਨਹੀ, ਕਹਿਣ ਦਾ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁੱਝ ਬਾਣੀ ਪੰਜਾਬੀ ਵਿਚ ਹੈ। ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵੀ ਇਸ ਸਮੇਂ ਦੀ ਰਚਨਾ ਹੈ ਅਤੇ ਇਹਨਾਂ ਦੀ ਭਾਸ਼ਾ ਪੰਜਾਬੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਮੁੱਖ ਰੂਪ ਵਿਚ ਬ੍ਰਜ਼ ਭਾਸ਼ਾ ਵਿਚ ਹੈ ਪਰੰਤੂ ਇਨ੍ਹਾਂ ਦੀ 'ਚੰਡੀ ਦੀ ਵਾਰ' ਤੇ ਇਕ ਦੋ ਸ਼ਬਦ ਪੰਜਾਬੀ ਵਿਚ ਹਨ। ਸੂਫ਼ੀ ਸੰਤ ਸਾਹ ਹੁਸੈਨ ਦੀ ਕਵਿਤਾ ਵੀ ਇਸੇ ਕਾਲ ਦੀ ਉਚਾਰੀ ਹੋਈ ਹੈ। ਦਮੋਦਰ ਦੀ ਹੀਰ ਤੇ ਪੀਲੂ ਦਾ ਮਿਰਜ਼ਾ- ਸਾਹਿਬਾਂ ਵੀ ਇਸੇ ਸਮੇਂ ਰਚੇ ਹੋਏ ਕਿੱਸੇ ਮੰਨੇ ਜਾਂਦੇ ਹਨ।

2.4.1.1 ਵਾਰਤਕ ਇਸ ਕਾਲ ਵਿਚ ਬਹੁਤ ਘੱਟ ਲਿਖੀ ਗਈ। ਪੁਰਾਣੇ ਸਮੇਂ ਵਿਚ ਸਾਹਿਤ-ਰਚਨਾ ਲਈ ਵਧੇਰੇ

ਕਰਕੇ ਕਵਿਤਾ ਦਾ ਮਾਧਿਅਮ ਵਧੇਰੇ ਕਰਕੇ ਕਵਿਤਾ ਦਾ ਮਾਧਿਅਮ ਹੀ ਅਪਣਾਇਆ ਜਾਂਦਾ ਸੀ। ਫੇਰ ਵੀ ਇਸ ਸਮੇਂ ਵਿਚ ਕੁਝ ਜਨਮ ਸਾਖੀਆਂ ਵਾਰਤਕ ਵਿਚ ਲਿਖੀਆਂ ਗਈਆਂ। ਇਹਨਾਂ ਵਿਚ 'ਪੁਰਾਤਨ ਜਨਮ ਸਾਖੀ', 'ਮਿਹਰਬਾਨ ਵਾਲੀ ਜਨਮ ਸਾਖੀ', 'ਸੰਭੂਨਾਥ ਵਾਲੀ ਜਨਮ ਸਾਖੀ' ਦੀ ਬੋਲੀ ਮੁੱਖ ਰੂਪ ਵਿਚ, ਸਾਧਾ-ਭਾਸ਼ਾ ਹੈ। ਸਿਰਫ਼ ਕਿਤੇ-ਕਿਤੇ ਹੀ ਸ਼ੁੱਧ ਪੰਜਾਬੀ ਆਉਂਦੀ ਹੈ। 'ਭਾਈ ਬਾਲੇ ਵਾਲੀ ਜਨਮ ਸਾਖੀ' ਜਿਹੜੀ ਆਮ ਬਜ਼ਾਰ ਵਿਚ ਮਿਲਦੀ ਹੈ ਇਹ ਬਹੁਤ ਪਿਛੋਂ ਦੀ ਲਿਖੀ ਹੋਈ ਹੈ। ਅਸਲ 'ਬਾਲੇ ਵਾਲੀ ਜਨਮ ਸਾਖੀ' ਹੁਣੇ ਜਿਹੇ ਛਾਪੀ ਗਈ ਹੈ। ਇਸ ਦੀ ਬੋਲੀ ਗੁਰੂ ਕਾਲ ਵਾਲੀ ਬੋਲੀ ਨਾਲ ਮਿਲਦੀ ਜੁਲਦੀ ਹੀ ਹੈ।

2.4.1.2 ਇਹਨਾਂ ਰਚਨਾਵਾਂ ਨੂੰ ਵਿਚਾਰਿਆਂ ਸਿੱਧ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਭਾਸ਼ਾ ਸੂਫ਼ੀਆਂ ਤੇ ਕਿੱਸਾਕਾਰਾਂ ਦੀ ਭਾਸ਼ਾ ਨਾਲੋਂ ਕਾਫ਼ੀ ਫ਼ਰਕ ਹੈ। ਜਨਮ ਸਾਖੀ ਦੀ ਬੋਲੀ ਵੀ, ਕਿਸੇ ਹੱਦ ਤੱਕ, ਗੁਰਬਾਣੀ ਦੀ ਭਾਸ਼ਾ ਨਾਲੋਂ ਫ਼ਰਕ ਵਾਲੀ ਹੈ। ਇਸ ਦਾ ਮੁੱਖ ਕਾਰਨ ਤਾਂ ਇਹ ਹੈ ਕਿ ਗੁਰਬਾਣੀ ਦੀ ਭਾਸ਼ਾ ਆਪਣੇ ਮੂਲ ਰੂਪ ਵਿਚ ਉਵੇਂ ਦੀ ਉਵੇਂ ਸੰਭਾਲੀ ਹੋਈ ਹੈ, ਜਦੋਂ ਕਿ ਕਿੱਸਾਕਾਰਾਂ ਦੀਆਂ ਰਚਨਾਵਾਂ ਤੇ ਜਨਮ ਸਾਖੀਆਂ ਆਪਣੇ ਮੁੱਢਲੇ ਰੂਪ ਵਿਚ ਕਾਇਮ ਨਹੀਂ ਰਹਿ ਸਕਦੀਆਂ। ਇਕ ਖਰੜੇ ਤੋਂ ਦੂਜਾ ਖਰੜਾ ਤਿਆਰ ਕਰਨ ਵਾਲਿਆਂ ਨੇ ਆਪਣੇ ਸਮੇਂ ਦੀ ਬੋਲੀ ਮੁਤਾਬਿਕ ਤਬਦੀਲੀਆਂ ਕਰ ਲਈਆਂ। ਦੂਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਾਣੀ ਵਿਚ ਗੂੜ੍ਹ ਅਧਿਆਤਮਿਕ ਵਿਸ਼ੇ ਦਾ ਵਿਵੇਚਨ ਕੀਤਾ ਗਿਆ ਹੈ, ਇਹ ਕੋਈ ਸਾਧਾਰਨ ਕਿੱਸਾ ਕਹਾਣੀ ਨਹੀਂ, ਜੋ ਸਿੱਧੀ ਤੇ ਸਰਲ ਭਾਸ਼ਾ ਵਿਚ ਲਿਖੀ ਜਾ ਸਕੇ। ਗੁਰਬਾਣੀ ਦੀ ਭਾਸ਼ਾ ਬੋਲ-ਚਾਲ ਦੀ ਭਾਸ਼ਾ ਨਾਲੋਂ ਕੁਝ ਫ਼ਰਕ ਹੋਣਾ ਜ਼ਰੂਰੀ ਸੀ। ਅੱਜ ਦੀ ਗੂੜ੍ਹ ਵਿਸ਼ਿਆਂ ਦੀ ਸਹਿੱਤਕ ਪੰਜਾਬੀ ਦਾ ਬੋਲ-ਚਾਲ ਦੀ ਪੰਜਾਬੀ ਨਾਲੋਂ ਕਾਫ਼ੀ ਅੰਤਰ ਹੈ।

2.4.1.3 ਗੁਰੂ ਕਾਲ ਦੀ ਪੰਜਾਬੀ ਦਾ ਅਜੋਕੀ ਪੰਜਾਬੀ ਨਾਲੋਂ ਕੁਝ ਫ਼ਰਕ, ਵਿਆਕਰਣ ਦਾ ਫ਼ਰਕ ਹੈ ਅਤੇ ਇਹ ਫ਼ਰਕ ਕਈਆਂ ਪੱਖਾਂ ਤੋਂ ਹੈ - ਧੁਨੀਆਂ ਦਾ ਫ਼ਰਕ, ਸ਼ਬਦ ਤੇ ਸ਼ਬਦ-ਰਚਨਾ ਦਾ ਫ਼ਰਕ, ਵਿਆਕਰਣ ਦਾ ਫ਼ਰਕ ਆਦਿ। ਤੁਹਾਡੀ ਪੱਧਰ ਦੇ ਵਿਦਿਆਰਥੀਆਂ ਨੂੰ ਅਜਿਹੇ ਫ਼ਰਕ ਦਾ ਪੂਰਾ ਵੇਰਵਾ ਦੇਣਾ ਸੰਭਵ ਨਹੀਂ, ਨਾ ਇਸ ਦੀ ਲੋੜ ਹੈ। ਫਿਰ ਵੀ, ਗੁਰੂ ਕਾਲ ਦੀ ਪੰਜਾਬੀ ਦੇ ਉਘੇ ਲੱਛਣ ਅੱਗੇ ਵਿਚਾਰੇ ਗਏ ਹਨ।

ਧੁਨੀਆਂ ਦੇ ਪੱਖ ਤੋਂ ਗੁਰੂ-ਕਾਲ ਦੀ ਪੰਜਾਬੀ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਸ ਸਮੇਂ ਪੰਜਾਬੀ 'ਸ਼' ਤੇ 'ਜ਼' ਦੀਆਂ ਧੁਨੀਆਂ ਨਹੀਂ ਸਨ ਉਚਾਰੀਆਂ ਜਾਂਦੀਆਂ। ਗੁਰਬਾਣੀ ਵਿਚ ਤੇ ਉਸ ਸਮੇਂ ਦੀਆਂ ਹੋਰਨਾਂ ਰਚਨਾਵਾਂ ਵਿਚ ਇਹ ਧੁਨੀਆਂ ਕਿਤੇ ਨਹੀਂ ਮਿਲਦੀਆਂ। ਕਈ ਲੋਕ ਸਮਝਦੇ ਹਨ ਕਿ ਉਸ ਸਮੇਂ ਅੱਖਰਾਂ ਦੇ ਪੈਰ ਵਿਚ ਬਿੰਦੀ ਲਾਉਣ ਦਾ ਰਿਵਾਜ ਨਹੀਂ ਸੀ, ਇਸ ਲਈ ਇਹ ਧੁਨੀਆਂ ਪੁਰਾਣੀਆਂ ਲਿਖਤਾਂ ਵਿਚ ਅੰਕਿਤ ਨਹੀਂ ਕੀਤੀਆਂ ਗਈਆਂ ਪਰ ਇਹ ਇਕ ਭਰਮ ਹੈ। ਗੁਰਮੁਖੀ ਲਿਪੀ ਗੁਰੂ ਸਾਹਿਬ ਨੇ ਗੁਰਬਾਣੀ ਲਿਖਣ ਲਈ ਹੀ ਸਿਰਜੀ ਸੀ ਅਤੇ ਜਿਹੜੀਆਂ ਜਿਹੜੀਆਂ ਧੁਨੀਆਂ ਉਸ ਸਮੇਂ ਉਚਾਰੀਆਂ ਜਾਂਦੀਆਂ ਸਨ, ਉਹਨਾਂ ਲਈ ਅੱਖਰ ਨਿਸ਼ਚਿਤ ਕਰ ਲਏ ਸਨ। ਜੇ ਇਹ ਧੁਨੀਆਂ ਉਚਾਰਣ ਵਿਚ ਮੌਜੂਦ ਹੁੰਦੀਆਂ ਤਾਂ ਇਹਨਾਂ ਲਈ ਵੀ ਅੱਖਰ ਚੁਣੇ ਜਾਂ ਨਵੇਂ ਘੜੇ ਜਾਂਦੇ। ਪਰ ਇਹ ਧੁਨੀਆਂ ਉਦੋਂ ਬੋਲੀਆਂ ਹੀ ਨਹੀਂ ਸਨ ਜਾਂਦੀਆਂ। ਜਿਥੇ ਅੱਜ ਅਸੀਂ 'ਸ਼' ਉਚਾਰਦੇ ਹਾਂ ਉਸ ਸਮੇਂ 'ਸ' ਉਚਾਰਿਆ ਜਾਂਦਾ ਸੀ। ਇਵੇਂ ਹੀ 'ਜ਼' ਦੀ ਥਾਂ 'ਜ' ਬੋਲਿਆ ਜਾਂਦਾ ਸੀ। ਇਸੇ ਤਰ੍ਹਾਂ ਹੀ ਇਹ ਧੁਨੀਆਂ ਗੁਰਬਾਣੀ ਤੇ ਜਨਮ ਸਾਖੀਆਂ ਆਦਿ ਵਿਚ ਲਿਖੀਆਂ ਹੋਈਆਂ ਹਨ।

ਧੁਨੀਆਂ ਸਬੰਧੀ ਗੁਰੂ ਕਾਲ ਦੀ ਪੰਜਾਬੀ ਦਾ ਅੱਜ ਨਾਲੋਂ ਇੱਕ ਹੋਰ ਅੰਤਰ ਸੀ ਕਿ ਉਸ ਸਮੇਂ ਨਾਸਿਕੀ ਉਚਾਰਣ ਬਹੁਤ ਘੱਟ ਸੀ। ਉਦਾਹਰਣ ਲਈ ਅੱਜ ਅਸੀਂ ਪੁਲਿੰਗ ਤੇ ਇਸਤਰੀ ਲਿੰਗ ਨਾਵਾਂ ਦੇ ਅੰਤ ਵਿਚ ਨਾਸਿਕੀ (ਬਿੰਦੀ ਵਾਲਾ) ਉਚਾਰਣ ਕਰਦੇ ਹਾਂ, ਜਿਵੇਂ 'ਸਲੋਕ' 'ਸ਼ਬਦ' ਤੋਂ 'ਸ਼ਬਦਾਂ', 'ਚੰਗਿਆਈ' ਤੋਂ 'ਚੰਗਿਆਈਆਂ', 'ਬੁਰਿਆਈ' ਤੋਂ 'ਬੁਰਿਆਈਆਂ' ਆਦਿ। ਪਰੰਤੂ ਉਸ ਸਮੇਂ ਉਚਾਰਨ ਵਿਚ ਅੰਤਿਮ ਨਾਸਿਕਤਾ ਅਜੇ ਨਹੀਂ ਸੀ ਆਈ ਅਤੇ ਉਪਰੋਕਤ ਨਾਵਾਂ ਦੇ ਬਹੁਵਚਨ ਰੂਪ 'ਸਲੋਕਾਂ', ਸ਼ਬਦਾਂ, ਚੰਗਿਆਈਆਂ' ਸਨ। ਇਵੇਂ ਹੀ ਇਹ ਸ਼ਬਦ ਗੁਰਬਾਣੀ ਵਿਚ ਤੇ ਹੋਰ ਪੁਰਾਣੀਆਂ ਰਚਨਾਵਾਂ ਵਿਚ ਲਿਖੇ ਮਿਲਦੇ ਹਨ, ਅਰਥਾਤ ਇਹਨਾਂ ਤੇ ਅੰਤ ਵਿਚ ਬਿੰਦੀ ਨਹੀਂ ਲੱਗੀ, ਕਿਉਂਕਿ ਉਦੋਂ ਉਚਾਰਣ ਹੀ ਬਿੰਦੀ ਵਾਲ ਨਹੀਂ ਸੀ।

2.4.1.4 ਗੁਰੂ ਕਾਲ ਦੀ ਪੰਜਾਬੀ ਅੱਜ ਦੀ ਪੰਜਾਬੀ ਨਾਲੋਂ ਵਧੇਰੇ ਸੰਜੋਗਾਤਮਕ ਸੀ। ਜਾਂ ਇੰਝ ਕਹਿ ਸਕਦੇ ਹਾਂ ਕਿ ਅਜੋਕੀ ਪੰਜਾਬੀ ਗੁਰਬਾਣੀ ਦੀ ਭਾਸ਼ਾ ਨਾਲੋਂ ਵਧੇਰੇ ਵਿਜੋਗਾਤਮਕ ਹੈ। ਪਹਿਲਾਂ ਇਹ ਦੱਸਣ ਦੀ ਲੋੜ ਜਾਪਦੀ ਹੈ ਕਿ ਸੰਜੋਗਾਤਮਕ ਤੇ ਵਿਜੋਗਾਤਮਕ ਭਾਸ਼ਾ ਕੀ ਹੁੰਦੀ ਹੈ? ਇਸ ਨੂੰ ਇਕ ਉਦਾਹਰਣ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ। ਮਾਝੇ ਵਿਚ ਆਖਿਆ ਜਾਂਦਾ ਹੈ, ਉਹ 'ਗੱਡੀਓਂ' ਉਤਰਿਆ। ਮਾਲਵੇ ਵਿਚ ਇਸ ਦੀ ਥਾਂ ਕਹਿੰਦੇ ਹਨ, 'ਉਹ ਗੱਡੀ ਤੋਂ ਉਤਰਿਆ' ਜਾਂ 'ਉਹ ਗੱਡੀ ਤੇ ਉਤਰਿਆ' ਅਰਥਾਤ ਮਾਝੀ ਬੋਲਣ ਵਾਲਿਆਂ ਨੇ ਜਿਹੜਾ ਭਾਵ ਨਾਂਵ 'ਗੱਡੀ' ਤੋਂ ਇਲਾਵਾ ਇੱਕ ਵੱਖਰਾ ਸ਼ਬਦ 'ਤੇ' ਵਰਤਿਆ ਗਿਆ ਹੈ। ਮਾਝੀ ਰੂਪ – 'ਗੱਡੀਓਂ' ਸੰਜੋਗਾਤਮਕ ਹੈ, ਅਤੇ ਮਲਵਈ 'ਗੱਡੀ ਤੇ' ਜਾਂ 'ਤੋਂ' ਵਿਜੋਗਾਤਮਕ।

ਅਸੀਂ ਪਿਛੇ ਕਿਹਾ ਸੀ ਕਿ ਗੁਰਬਾਣੀ ਦੀ ਭਾਸ਼ਾ ਅਜੋਕੀ ਪੰਜਾਬੀ ਨਾਲੋਂ ਜ਼ਿਆਦਾ ਸੰਜੋਗਾਤਮਕ ਸੀ। ਇਸ ਦੇ ਉਦਾਹਰਣ ਵੇਖੋ। ਗੁਰੂ ਨਾਨਕ ਸਾਹਿਬ ਦੀ ਇਕ ਤੁਕ ਹੈ :

ਤਿਸ ਦੇ ਚਾਨਣਿ ਸਭ ਮਹਿ ਚਾਨਣੁ ਹੋਏ।

ਇਥੇ ਪਹਿਲੇ 'ਚਾਨਣਿ' ਵਿਚ 'ਣ' ਨੂੰ ਲੱਗੀ ਸਿਹਾਰੀ ਦਾ ਭਾਵ ਹੈ 'ਚਾਨਣ ਨਾਲ' (ਉਸ ਚਾਨਣ ਨਾਲ ਸਾਰਿਆਂ ਵਿਚ ਚਾਨਣ ਹੁੰਦਾ ਹੈ) ਸੋ ਇਥੇ 'ਚਾਨਣਿ' ਸ਼ਬਦ ਸੰਜੋਗਾਤਮਕ ਹੈ।

ਹੋਰ ਵੇਖੋ :

ਜਿਸ ਹਥਿ ਜੋਰੁ ਕਹਿ ਵੇਖੇ ਸੋਇ। (ਜਪੁਜੀ, ਪਉੜੀ 33)

ਏਥੇ 'ਹਥਿ' ਵੀ ਸੰਜੋਗਾਤਮਕ ਹੈ ਜਿਸ ਦਾ ਅਰਥ ਹੈ 'ਹਥ ਵਿਚ'

ਹੁਕਮੀ ਹੋਵਿਨ ਆਕਾਰ ਹੁਕਮ ਨਾ ਕਹਿਆ ਜਾਈ। (ਜਪੁਜੀ, ਪਉੜੀ 2)

'ਹੁਕਮੀ' ਤੋਂ ਭਾਵ ਹੁਕਮ ਨਾਲ। ਸੋ ਹੁਕਮਿ ਵੀ ਸੰਜੋਗਾਤਮਕ ਰੂਪ ਵਾਲਾ ਸ਼ਬਦ ਹੈ।

ਨਾਵਾਂ ਤੋਂ ਇਲਾਵਾ ਗੁਰੂ ਕਾਲ ਦੀ ਪੰਜਾਬੀ ਵਿਚ ਕਿਰਿਆਵਾਂ ਦੇ ਰੂਪ ਵੀ ਸੰਜੋਗਾਤਮਕ ਸਨ। ਜਪੁਜੀ ਵਿਚੋਂ ਹੀ ਨਮੂਨੇ ਵੇਖੇ ਜਾਣ :

ਗਾਵਨਿ ਰਤਨ ਉਪਾਏ ਤੇਰੇ ਅਠਸਠ ਤੀਰਥ ਨਾਲੇ। (ਪਉੜੀ 27)

ਇਥੇ ਆਈ ਕਿਰਿਆ 'ਗਾਵਨਿ' ਦੀ ਥਾਂ ਅੱਜ ਅਸੀਂ ਕਹਿੰਦੇ ਹਾਂ 'ਗਾਉਂਦੇ ਹਨ'। ਅਜੋਕੇ ਰੂਪ 'ਗਾਉਂਦੇ ਹਨ' ਵਿਜੋਗਤਮਕ ਹੈ, ਕਿਉਂਕਿ ਇਸ ਵਿਚ ਦੋ ਵੱਖ-ਵੱਖ ਸ਼ਬਦ 'ਗਾਉਂਦੇ' ਅਤੇ 'ਹਨ' ਵਰਕ ਕੇ ਉਹੋ ਪ੍ਰਗਟ ਕੀਤਾ ਗਿਆ ਹੈ ਜੋ ਗੁਰਬਾਣੀ ਵਿਚ 'ਗਾਵਨਿ' ਵਿਚ ਨੰਨੇ ਨੂੰ ਸਿਹਾਰੀ ਲਾ ਕੇ ਪ੍ਰਗਟਾਇਆ ਗਿਆ ਸੀ। ਗੁਰਬਾਣੀ ਵਾਲਾ ਰੂਪ 'ਗਾਵਨਿ' ਸੰਜੋਗਾਤਮਕ ਹੈ।

ਗੁਰਬਾਣੀ ਦੀ ਭਾਸ਼ਾ ਦੇ ਸੰਜੋਗਾਤਮਕ ਹੋਣ ਦੀਆਂ ਇਹਨਾਂ ਕੁਝ ਮਿਸਾਲਾਂ ਤੋਂ ਇਲਾਵਾ ਹੋਰ ਵੀ ਕਈ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਵਿਦਿਆਰਥੀ ਇੰਨਾਂ ਯਾਦ ਰੱਖਣ ਕਿ ਗੁਰੂ ਕਾਲ ਦੀ ਪੰਜਾਬੀ ਅੱਜ ਨਾਲੋਂ ਕਾਫ਼ੀ ਸੰਜੋਗਾਤਮਕ ਸੀ। ਇਥੇ ਇਹ ਦੱਸਣਾ ਬੇਲੋੜਾ ਨਹੀਂ ਹੋਵੇਗਾ ਕਿ ਪ੍ਰਾਚੀਨ ਭਾਸ਼ਾ-ਸੰਸਕ੍ਰਿਤ-ਬਹੁਤ ਜ਼ਿਆਦਾ ਸੰਜੋਗਾਤਮਕ ਸੀ, ਪਾਲੀ ਵੀ ਸੰਜੋਗਾਤਮਕ ਸੀ। ਪ੍ਰਾਕ੍ਰਿਤਕਾਂ ਇਹਨਾਂ ਨਾਲੋ. ਕੁਝ ਘੱਟ ਸੰਜੋਗਾਤਮਕ ਰਹਿ ਗਈਆਂ। ਅਪਭ੍ਰੰਸ਼ਾਂ ਹੋਰ ਵੀ ਵਿਜੋਗਾਤਮਕ ਹੋ ਗਈਆਂ। ਪੰਜਾਬੀ ਅਪਭ੍ਰੰਸ਼ਾਂ ਤੋਂ ਵੀ ਜ਼ਿਆਦਾ ਵਿਜੋਗਾਤਮਕ ਹੋ ਗਈ ਫੇਰ ਵੀ ਆਰੰਭਿਕ ਪੰਜਾਬੀ ਵਿਚ ਸੰਜੋਗਾਤਮਕਤਾ ਦੇ ਲੱਛਣ ਕਈ ਸਨ ਜੋ ਹੌਲੀ ਹੌਲੀ ਘਟਦੇ ਗਏ। ਪਰੰਤੂ ਅਜੋਕੀ ਪੰਜਾਬੀ ਵਿਚ ਹਿੰਦੀ ਰਾਜਸਥਾਨੀ ਆਦਿ ਗੁਆਂਢੀ ਭਾਸ਼ਾਵਾਂ ਨਾਲੋਂ ਜ਼ਿਆਦਾ ਸੰਜੋਗਾਤਮਕ ਹੈ। ਅਸੀਂ ਪੰਜਾਬੀ ਵਿਚ ਅੱਜ ਵੀ ਕਹਿੰਦੇ ਹਾਂ, 'ਹੱਥੀ ਕੰਮ ਕੀਤਾ', 'ਕੰਨੀ ਸੁਣਿਆ'। ਹਿੰਦੀ ਵਿਚ ਕਿਹਾ ਜਾਂਦਾ ਹੈ 'ਹਾਥੋਂ ਸੇ ਕਾਮ ਕੀਆ ਕਾਨੋ ਸੇ ਸੁਨਾ'। ਭਾਵ ਇਹ ਕਿ ਪੰਜਾਬੀ ਵਿਚ ਹਥੀਂ, ਕੰਨੀਂ ਆਦਿ ਸੰਜੋਗਾਤਮਕ ਰੂਪ ਵਿਚ ਵਰਤੇ ਜਾਂਦੇ ਹਨ, ਜਦੋਂ ਕਿ ਹਿੰਦੀ ਵਿਚ ਇਹਨਾਂ ਦੀ ਥਾਂ ਵਿਜੋਗਾਤਮਕ ਰੂਪ 'ਹਾਥੋਂ ਸੇ', 'ਕਾਨੋਂ ਸੇ' ਆਦਿ ਮਿਲਦੇ ਹਨ।

2.4.1.5 ਗੁਰੂ ਕਾਲ ਦੀ ਪੰਜਾਬੀ ਵਿਚ ਸੰਬੰਧਕਾਂ ਵਿਚ ਵਰਤੋਂ ਅੱਜ ਨਾਲੋਂ ਕਾਫ਼ੀ ਘੱਟ ਸੀ। ਸੰਜੋਗਾਤਮਕ ਭਾਸ਼ਾ ਵਿਚ ਸੰਬੰਧਕਾਂ ਦੀ ਥਾਂ ਪਿਛੇਤਰ ਵਰਤੇ ਜਾਂਦੇ ਹਨ, ਇਸ ਲਈ ਸੰਬੰਧਕਾਂ ਦੀ ਲੋੜ ਨਹੀਂ ਪੈਂਦੀ। ਪਰ ਗੁਰੂ-ਕਾਲ ਦੀ ਪੰਜਾਬੀ ਵਿਚ ਪਿਛੇਤਰ ਦੇ ਨਾਲ-ਨਾਲ ਕੁਝ ਸੰਬੰਧਕ ਵੀ ਵਰਤੇ ਜਾਣ ਲੱਗ ਪਏ ਸਨ, ਭਾਵੇਂ ਇਹਨਾਂ ਵਿਚੋਂ ਕਈਆਂ ਸੰਬੰਧਕਾਂ ਦਾ ਰੂਪ ਅੱਜ ਨਾਲੋਂ ਕੁਝ ਵੱਖਰਾ ਸੀ। 'ਨੂੰ' ਦਾ ਪੁਰਾਣਾ ਰੂਪ 'ਨੋ' ਜਾਂ 'ਨਾਉ' ਦੀ, ਤੇ ਇਹੋ ਰੂਪ ਗੁਰਬਾਣੀ ਵਿਚ ਮਿਲਦੇ ਹਨ। 'ਵਿਚ' ਤੇ 'ਨਾਲ' ਦੇ ਗੁਰਬਾਣੀ 'ਵਿਚਿ' ਤੇ 'ਨਾਲਿ' ਰੂਪ ਮਿਲਦੇ ਹਨ 'ਦਾ', ਦੇ, ਦੀ' ਗੁਰਬਾਣੀ ਵਿਚ ਵਰਤੇ ਗਏ ਹਨ। ਪਰ ਨਾਲ ਨਾਲ 'ਕਾ, ਕੇ, ਕੀ' ਦੀ ਵਰਤੋਂ ਮਿਲਦੀ ਹੈ। 'ਨੇ' ਇਕ ਅਜਿਹਾ ਸੰਬੰਧਕ ਹੈ, ਜੋ ਗੁਰਬਾਣੀ ਤੇ ਹੋਰ ਪੁਰਾਣੀਆਂ ਰਚਨਾਵਾਂ ਵਿਚ ਨਹੀਂ ਮਿਲਦਾ। ਇਹ ਸੰਬੰਧਕ ਸਭ ਤੋਂ ਮਗਰੋਂ ਹੋਂਦ ਵਿਚ ਆਇਆ ਹੈ। ਨੇ ਪਹਿਲੀ ਵਾਰ ਸਾਨੂੰ 'ਚੰਡੀ ਦੀ ਵਾਰ' ਵਿਚ ਵਰਤਿਆ ਮਿਲਦਾ ਹੈ। 'ਚੰਡੀ ਦੀ ਵਾਰ' ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ। ਇਸ ਦੀ ਰਚਨਾ 1690 ਤੋਂ 1700 ਈ. ਵਿਚਾਲੇ ਹੋਈ ਹੈ।

2.4.1.6 ਕੁਝ ਪੜਨਾਂਵ ਵੀ ਅੱਜ ਨਾਲੋਂ ਵੱਖਰੇ ਰੂਪ ਵਾਲੇ ਸਨ। ਮੈਂ ਦਾ ਪੁਰਾਣਾ ਰੂਪ 'ਮੈ' ਸੀ ਤੂੰ ਦੀ ਥਾਂ ਤੇ ਤੂ, ਅਸੀ, 'ਤੁਸੀ' ਦੀ ਥਾਂ 'ਅਸੀ, 'ਤੁਸੀ ਬੋਲਿਆ ਜਾਂਦਾ ਸੀ। ਅਰਥਾਤ ਇਹਨਾਂ ਪੜਨਾਵਾਂ ਵਿਚ ਨਾਸਿਕੀ (ਬਿੰਦੀ ਵਾਲਾ) ਉਚਾਰਣ ਨਹੀਂ ਸੀ ਹੁੰਦਾ। ਇਹੋ ਪੁਰਾਣੇ ਰੂਪ ਗੁਰਬਾਣੀ ਤੇ ਹੋਰ ਪੁਰਾਣੀਆਂ ਰਚਨਾਵਾਂ ਵਿਚ ਆਮ ਮਿਲਦੇ ਹਨ।

2.4.1.7 ਗੁਰੂ ਕਾਲ ਦੀ ਪੰਜਾਬੀ ਦੀ ਸ਼ਬਦਾਵਲੀ ਤੇ ਸ਼ਬਦ-ਰੂਪ ਵੀ ਅੱਜ ਨਾਲੋਂ ਕੁਝ ਫ਼ਰਕ ਵਾਲੇ ਸਨ। ਬਹੁਤ ਸਾਰੇ ਅਜਿਹੇ ਸ਼ਬਦ ਹਨ ਜੋ ਗੁਰੂ ਕਾਲ ਦੀ ਪੰਜਾਬੀ ਵਿਚ ਆਮ ਮਿਲਦੇ ਹਨ। ਪਰ ਅੱਜ ਇਹ ਬਿਲਕੁੱਲ ਨਹੀਂ ਵਰਤੇ ਜਾਂਦੇ। ਕਾਮਣ, ਸਹੁ, ਇਵ, ਜਿਵ, ਵਿਟਹੁ, ਭੀਤਰ, ਹਉ, ਦੋਹੀ ਆਦਿ ਅਜਿਹੇ ਸ਼ਬਦਾਂ ਦੇ ਕੁਝ ਉਦਾਹਰਣ ਹਨ। ਕੁੱਝ ਸ਼ਬਦਾਂ ਦੇ ਰੂਪਾਂ ਵਿਚ ਅੱਜ ਨਾਲੋਂ ਅੰਤਰ ਹੈ। ਗੁਰੂ-ਕਾਲ ਦੀ ਪੰਜਾਬੀ ਵਿਚ 'ਕੋਈ' ਪੁਲਿੰਗ ਹੈ ਤੇ 'ਕਾਈ' ਇਸਤਰੀ ਲਿੰਗ, 'ਸੋਈ' ਪੁਲਿੰਗ ਤੇ 'ਸਾਈ' ਇਸਤਰੀ ਲਿੰਗ, 'ਇਕੋ' ਪੁਲਿੰਗ ਤੇ 'ਏਕਾ' ਇਸਤਰੀ ਲਿੰਗ ਆਦਿ। ਅੱਜ ਇਹਨਾਂ ਸ਼ਬਦਾਂ ਦਾ ਸਿਰਫ਼ ਇਕੋ-ਇਕ ਰੂਪ ਬਾਕੀ ਰਹਿ ਗਿਆ ਹੈ। ਕੋਈ, ਸੋਈ, ਇਕੋ ਅਤੇ ਇਹੋ ਰੂਪ ਪੁਲਿੰਗ ਤੇ ਇਸਤਰੀ ਲਿੰਗ ਦੋਹਾਂ ਲਈ ਵਰਤਿਆ ਜਾਂਦਾ ਹੈ।

2.4.1.8 ਇਸ ਕਾਲ ਦੀ ਵਾਰਤਕ ਵਿਚ ਵਾਕ ਬਹੁਤ ਨਿੱਕੇ ਤੇ ਸਰਲ ਮਿਲਦੇ ਹਨ। ਲੰਮੇ-ਲੰਮੇ ਤੇ ਗੁੰਝਲਦਾਰ ਵਾਕ ਲਿਖਣ ਦਾ ਰਿਵਾਜ ਨਹੀ ਸੀ। ਵਿਸ਼ਰਾਮ ਚਿੰਨ੍ਹਾਂ ਵਜੋਂ ਕੇਵਲ ਦੋ ਡੰਡੀਆਂ (।।) ਵਰਤੀਆਂ ਜਾਂਦੀਆਂ ਸਨ ਜੋ ਅੱਜ ਦੇ ਅੰਗਰੇਜ਼ੀ ਫੁਲਸਟਾਪ ਦਾ ਕੰਮ ਦੇਂਦੀਆਂ ਸਨ। ਹੋਰ ਕੋਈ ਵਿਸ਼ਰਾਮ ਚਿੰਨ੍ਹ ਨਹੀ ਸੀ ਵਰਤਿਆ ਜਾਂਦਾ। ਸ਼ਬਦ ਅੱਜ ਵਾਂਗ ਵੱਖ ਵੱਖ ਕਰਕੇ ਨਹੀ ਸੀ ਲਿਖੇ ਜਾਂਦੇ, ਸਗੋਂ ਸਾਰੀ ਪੰਗਤੀ ਜੁੜਵੀ ਲਿਖੀ ਹੁੰਦੀ ਸੀ, ਜਿਸ ਕਰਕੇ ਪੜ੍ਹਾਂ ਵਿਚ ਕਾਫ਼ੀ ਕਠਿਨਾਈ ਹੁੰਦੀ ਸੀ।

2.4.1.9 ਗੁਰੂ ਕਾਲ ਦੀ ਪੰਜਾਬੀ ਵਿਚ ਲਹਿੰਦੀ ਦਾ ਕਾਫ਼ੀ ਰਲਾ ਮਿਲਦਾ ਹੈ। ਲਹਿੰਦੀ ਪੰਜਾਬੀ ਦਾ ਉਹ ਰੂਪ ਹੈ, ਜੋ ਅੱਜ-ਕੱਲ੍ਹ ਪਾਕਿਸਤਾਨੀ ਪੰਜਾਬ ਵਿਚ ਵਧੇਰੇ ਹਿੱਸੇ ਵਿਚ ਬੋਲਿਆ ਜਾਂਦਾ ਹੈ।

2.4.2 ਪਿਛਲੇ ਮੁਗ਼ਲ ਕਾਲ ਅਤੇ ਸਿੱਖ ਰਾਜ ਸਮੇਂ ਦੀ ਪੰਜਾਬੀ :

2.4.2.1 ਇਸ ਕਾਲ ਦਾ ਵਧੇਰੇ ਸਾਹਿਤ ਕਿੱਸਿਆਂ ਦੇ ਰੂਪ ਵਿਚ ਉਪਲਬਧ ਹੈ। ਪ੍ਰਸਿੱਧ ਕਲਾਕਾਰ ਹਨ : ਵਾਰਿਸ ਸ਼ਾਹ, ਹਾਸ਼ਮ, ਕਾਦਰਯਾਰ ਤੇ ਅਹਿਮਦ ਯਾਰ। ਸੂਫ਼ੀਆਂ ਵਿਚੋਂ ਬੁੱਲ੍ਹੇ ਸ਼ਾਹ ਦਾ ਨਾਮ ਪ੍ਰਮੁੱਖ ਹੈ। ਵਾਰਕਾਰਾਂ ਵਿਚੋਂ ਨਜ਼ਾਬਤ ਦੀ ਲਿਖੀ ਨਾਦਰ ਸ਼ਾਹ ਦੀ ਵਾਰ, ਪੀਰ ਮੁਹੰਮਦ ਰਚਿਤ ਚੱਠਿਆਂ ਦੀ ਵਾਰ ਅਤੇ ਸ਼ਾਹ ਮੁਹੰਮਦ ਦੀ ਰਚਨਾ ਵਿਚੋਂ ਵੀ ਇਸ ਕਾਲ ਦੀ ਪੰਜਾਬੀ ਭਾਸ਼ਾ ਦਾ ਸੁਭਾਅ ਦਿਸ ਆਵੇਗਾ। ਵਾਰਤਕ ਇਸ ਕਾਲ ਵਿਚ ਬਹੁਤੀ ਨਹੀਂ ਰਚੀ ਗਈ। ਭਾਈ ਮਨੀ ਸਿੰਘ ਦੀਆਂ ਰਚਨਾਵਾਂ ਅਤੇ ਸੇਵਾ ਪੰਥੀਆਂ ਦੀਆਂ ਪਰਚੀਆਂ ਤੇ ਇਹਨਾਂ ਦਾ ਰਚਿਆ ਗ੍ਰੰਥ ਇਸ ਕਾਲ ਦੀ ਵਾਰਤਕ ਵਿਚ ਆਉਂਦੇ ਹਨ। ਪਰੰਤੂ ਇਹਨਾਂ ਦੀਆਂ ਭਾਸ਼ਾ ਸ਼ੁੱਧ ਪੰਜਾਬੀ ਨਹੀਂ, ਇਸ ਵਿਚ ਸਾਧ ਭਾਸ਼ਾ ਦਾ ਕਾਫ਼ੀ ਰਲਾ ਹੈ। ਇਕ ਹੋਰ ਵਾਰਤਕ ਰਚਨਾ ਕਿਸੇ ਅਗਿਆਤ, ਲੇਖਕ ਦਾ 'ਪ੍ਰੇਮ ਸੁਮਾਰਗ ਗ੍ਰੰਥ' ਹੈ। ਇਸ ਦੀ ਭਾਸ਼ਾ ਠੇਠ ਪੰਜਾਬੀ ਹੈ ਅਤੇ ਆਪਣੇ ਸਮੇਂ ਦੀ ਚੰਗੀ ਵਾਰਤਕ ਹੈ।

2.4.2.2 ਇਸ ਕਾਲ ਦੀ ਪੰਜਾਬੀ ਦਾ ਗੁਰੂ ਕਾਲ ਦੀ ਭਾਸ਼ਾ ਨਾਲੋਂ ਕਾਫ਼ੀ ਫ਼ਰਕ ਹੈ। ਇਹ ਭਾਸ਼ਾ ਅੱਜ ਵਾਂਗ ਹੀ ਵਿਜੋਗਾਤਮਕ ਹੈ। ਅੱਜ ਵਾਲੇ ਸਾਰੇ ਸੰਬੰਧਕ ਵਰਤੇ ਜਾ ਰਹੇ ਹਨ। ਕਿਰਿਆਵਾਂ ਦੇ ਰੂਪ ਵਿਚ ਅੱਜ ਵਰਗੇ ਹਨ, ਤੇ ਪੜਨਾਂਵੀ ਰੂਪ ਵੀ ਅੱਜ ਵਾਲੀ ਪੰਜਾਬੀ ਨਾਲ ਮਿਲਦੇ ਜੁਲਦੇ ਹਨ, ਕਿਤੇ ਕਿਤੇ ਮਾਮੂਲੀ ਫ਼ਰਕ ਹੈ।

2.4.2.3 ਇਸ ਸਮੇਂ ਵਿਚ ਕੁਝ ਯੂਰਪੀ ਵਿਦਵਾਨਾਂ ਨੇ ਵੀ ਪੰਜਾਬੀ ਵਿਚ ਜਾਂ ਪੰਜਾਬੀ ਬਾਰੇ ਕੁਝ ਪੁਸਤਕਾਂ ਲਿਖੀਆਂ, ਪੰਜਾਬ ਦੇ ਪਾਦਰੀਆਂ ਨੇ ਬਾਈਬਲ ਦਾ ਅਨੁਵਾਦ ਪੰਜਾਬੀ ਵਿਚ ਕੀਤਾ। ਫੋਰੈਟ ਵਿਲੀਅਮ, ਕਲਕੱਤਾ ਦੇ ਈਸਾਈ ਪਾਦਰੀ ਨੇ ਕਈ ਹੋਰ ਕਿਤਾਬਾਂ ਵੀ ਪੰਜਾਬੀ ਵਿਚ ਲਿਖੀਆਂ। ਲਗਭਗ ਇਹ ਸਾਰੀਆਂ ਕਿਤਾਬਾਂ ਵਾਰਤਕ ਵਿਚ ਹਨ, ਅਤੇ ਛਪੀਆਂ ਹੋਈਆਂ ਮਿਲਦੀਆਂ ਹਨ। ਅੰਗਰੇਜ਼ਾਂ ਨੇ ਕਲਕੱਤੇ ਤੇ ਲੁਧਿਆਣੇ ਵਿਚ ਗੁਰਮੁਖੀ ਛਾਪੇ ਖਾਨੇ ਲਾ ਲਏ ਸਨ। ਸਤਲੁਜ ਤੋਂ ਪਾਰ ਅਜੇ ਸਿੱਖਾਂ ਦਾ ਰਾਜ ਸੀ ਤੇ ਉਥੇ ਅਜੇ ਛਾਪਾਖਾਨਾ ਹੋਂਦ ਵਿਚ ਨਹੀਂ ਸੀ ਆਇਆ।

2.4.2.4 ਇਸ ਕਾਲ ਵਿਚ ਪੱਛਮੀ ਵਿਦਵਾਨਾਂ ਦੁਆਰਾ ਲਿਖੇ ਗ੍ਰੰਥ ਤੇ ਸਿੱਖ ਰਾਜ ਵਿਚ ਰਚੇ ਗਏ ਪੰਜਾਬੀ ਗ੍ਰੰਥਾਂ ਦਾ ਇਕ ਵੱਡਾ ਫ਼ਰਕ ਤਾਂ ਇਹ ਹੈ ਕਿ ਅੰਗਰੇਜ਼ਾਂ ਦੇ ਗ੍ਰੰਥ ਛਪੇ ਹੁੰਦੇ ਹਨ, ਜਦੋਂ ਕਿ ਸਿੱਖ ਰਾਜ ਦੀਆਂ ਰਚਨਾਵਾਂ ਹੱਥ-ਲਿਖਿਤ ਹਨ। ਫਿਰ ਅੰਗਰੇਜ਼ ਵਿਦਵਾਨਾਂ ਨੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ ਹੈ ਅਤੇ ਪਹਿਲੀ ਵਾਰ ਪੰਜਾਬੀ ਪਦ-ਛੇਦ ਰੂਪ ਲਿਖੀ ਭਾਵ ਸ਼ਬਦਾਂ ਨੂੰ ਵੱਖ ਵੱਖ ਤੋੜ ਕੇ ਲਿਖੀ ਹੈ। ਸਿੱਖ ਰਾਜ ਦੇ ਕਵੀਆਂ ਤੇ ਲੇਖਕਾਂ ਨੇ ਦੋਵੇਂ ਸਾਧਨ ਅਜੇ ਨਹੀਂ ਸਨ ਅਪਣਾਏ। ਇਸ ਕਾਰਨ ਇਸ ਕਾਲ ਦੀਆਂ ਪੰਜਾਬੀ ਰਚਨਾਵਾਂ ਵੀ ਅਜੇ ਗੁਰੂ ਕਾਲ ਵਾਲੀ ਸ਼ੈਲੀ ਵਿਚ ਹੀ ਹਨ।

ਪੱਛਮੀ ਵਿਦਵਾਨਾਂ ਦੇ ਪੰਜਾਬੀ ਗ੍ਰੰਥਾਂ ਨਾਲ ਉਨੀਵੀਂ ਸਦੀ ਦੇ ਆਰੰਭ ਤੋਂ ਹੀ ਪੰਜਾਬੀ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ। ਭਾਵੇਂ ਸਤਲੁਜ ਤੋਂ ਪਾਰ ਦੇ ਇਲਾਕੇ ਵਿਚ ਅਜੇ ਪੰਜਾਬੀ ਮੱਧਕਾਲੀਨ ਰੂਪ ਵਾਲੀ ਸੀ, ਪਰ ਅੰਗਰੇਜ਼ੀ ਇਲਾਕੇ ਵਿਚ ਆਧੁਨਿਕ ਯੁੱਗ ਦੀ ਪੰਜਾਬੀ ਦਾ ਵਿਕਾਸ ਆਰੰਭ ਹੋ ਗਿਆ ਸੀ।

2.4.3 ਅੰਗਰੇਜ਼ੀ ਰਾਜ ਸਮੇਂ ਦੀ ਪੰਜਾਬੀ : ਅੰਗਰੇਜ਼ੀ ਰਾਜ ਵਿਚ ਪੰਜਾਬੀ ਦਾ ਮੁਹਾਂਦਰਾ ਹੀ ਬਦਲ ਗਿਆ। ਸਕੂਲ ਕਾਲਜ ਖੁੱਲ੍ਹਣ ਕਰਕੇ ਅਤੇ ਛਾਪੇਖਾਨੇ ਆ ਜਾਣ ਕਰਕੇ ਪੰਜਾਬ ਵਿਚ ਅਨੇਕਾਂ ਗ੍ਰੰਥ ਲਿਖੇ ਗਏ। ਨਾਲ ਨਾਲ ਅਖ਼ਬਾਰ ਰਸਾਲੇ ਵੀ ਛਪਣ ਲੱਗ ਪਏ। ਹੁਣ ਤੱਕ ਪੰਜਾਬੀ ਕਵਿਤਾ ਹੀ ਪ੍ਰਧਾਨ ਸੀ, ਹੁਣ ਵਾਰਤਕ ਦਾ ਯੁੱਗ ਸ਼ੁਰੂ ਹੋਇਆ। ਕਵਿਤਾ ਭਾਵੇਂ ਲਿਖੀ ਜਾਂਦੀ ਰਹੀ, ਕਿੱਸੇ ਤੇ ਵਾਰਾਂ ਆਦਿ ਵੀ ਆਮ ਰਚੀਆਂ ਗਈਆਂ, ਪਰ ਸਾਹਿਤ ਰਚਨਾ ਦਾ ਮੁੱਖ ਮਾਧਿਅਮ ਵਾਰਤਕ ਬਣ ਗਈ।

2.4.3.1 ਇਸੇ ਸਮੇਂ ਵਿਚ, ਨਾਵਲ, ਨਾਟਕ, ਨਿੱਕੀ ਕਹਾਣੀ, ਲੇਖ ਆਦਿ ਪੰਜਾਬੀ ਵਿਚ ਲਿਖੇ ਜਾਣ ਲੱਗੇ ਵਿਆਕਰਣਾਂ ਤੇ ਕੋਸ਼ਾਂ ਤੋਂ ਇਲਾਵਾ ਇਤਿਹਾਸ, ਭੂਗੋਲ, ਗਣਿਤ ਦੀਆਂ ਕਿਤਾਬਾਂ ਵੀ ਲਿਖੀਆਂ ਗਈਆਂ।

2.4.3.2 ਪਹਿਲੀ ਵਾਰ ਪੰਜਾਬੀ ਦਾ ਸਟੈਂਡਰਡ (ਮਿਆਰੀ) ਰੂਪ ਵਾਲੀ ਪੰਜਾਬੀ ਵਿਚ ਹੋਣ ਲੱਗੀ। ਨਾਲ ਨਾਲ ਸ਼ਬਦ ਜੋੜਾਂ ਵਿਚ ਇਕਸਾਰਤਾ ਲਿਆਉਣ ਲਈ ਵੀ ਯਤਨ ਕੀਤੇ ਜਾਣ ਲੱਗੇ।

2.4.3.3 ਇਸ ਕਾਲ ਵਿਚ ਲਿਖੀ ਵਾਰਤਕ ਦਾ ਰੂਪ ਪਿਛਲੇ ਸਮਿਆਂ ਦੀ ਵਾਰਤਕ ਨਾਲੋਂ ਕਾਫ਼ੀ ਫ਼ਰਕ ਵਾਲਾ ਹੈ। ਅੰਗਰੇਜ਼ੀ ਵਾਰਤਕ ਨੂੰ ਆਧਾਰ ਮੰਨ ਕੇ ਲਿਖੀ ਹੋਣ ਕਰਕੇ ਕਿਤੇ-ਕਿਤੇ ਇਸ ਕਾਲ ਦੀ ਵਾਰਤਕ ਵਿਚ ਬਨਾਉਟੀਪਨ ਆ ਗਿਆ ਹੈ। ਵਾਕ ਬਹੁਤ ਲੰਮੇ-ਲੰਮੇ ਤੇ ਕੁਝ ਹਾਲਤਾਂ ਵਿਚ ਗੁੰਝਲਦਾਰ ਹਨ। ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਪੂਰੀ ਤਰ੍ਹਾਂ ਅੰਗਰੇਜ਼ੀ ਵਾਲੇ ਨਿਯਮਾਂ ਅਨੁਸਾਰ ਕੀਤੀ ਗਈ ਹੈ, ਇਕੋ ਇਕ ਡੰਡੀ (ਫੁਲ-ਸਟਾਪ) ਤੋਂ ਬਿਨਾਂ ਸਾਰੇ ਵਿਸ਼ਰਾਮ ਚਿੰਨ੍ਹ ਵੀ ਅੰਗਰੇਜ਼ੀ ਵਾਲੇ ਹੀ ਹਨ। ਅੰਗਰੇਜ਼ੀ ਵਾਂਗ ਹੀ ਛੋਟੇ ਛੋਟੇ ਪੈਰਾਗ੍ਰਾਫ਼ ਬਣਾਕੇ ਅਤੇ ਵੱਖ-ਵੱਖ ਸਿਰਲੇਖ ਤੇ ਛੋਟੇ ਹੈਡਿੰਗ ਦੇ ਕੇ ਲਿਖਣ ਦਾ ਰਿਵਾਜ ਪਿਆ। ਸ਼ਬਦਾਂ ਨੂੰ ਤੋੜ ਕੇ (ਪਦ ਛੇਦ ਕਰਕੇ) ਲਿਖਣਾ ਜ਼ਰੂਰੀ ਹੋ ਗਿਆ।

2.4.3.5 ਵਿਦਿਆ ਦੇ ਪ੍ਰਸਾਰ ਕਾਰਨ ਉਚਾਰਣ ਵਿਚ ਕੁੱਲ ਫ਼ਰਕ ਪਿਆ। ਪੜ੍ਹੇ-ਲਿਖੇ ਅਰਬੀ, ਫ਼ਾਰਸੀ ਤੇ ਅੰਗਰੇਜ਼ੀ ਸ਼ਬਦਾਂ ਵਿਚ ਆਉਣ ਵਾਲੀਆਂ ਧੁਨੀਆਂ ਨੂੰ ਠੀਕ-ਠਾਕ ਉਚਾਰਣ ਦਾ ਯਤਨ ਕਰਨ ਲੱਗੇ। ਦੋ ਧੁਨੀਆਂ 'ਸ਼',

ਅਤੇ 'ਜ਼' ਆਮ ਉਚਾਰਣ ਵਿਚ ਆ ਗਈਆਂ। ਕੁਝ ਲੋਕ ਖ, ਗ਼, ਫ਼ ਵੀ ਬੋਲ-ਚਾਲ ਅਤੇ ਲਿਖਤ ਵਰਤਣ ਲੱਗ ਪਏ। ਬੋਲ-ਚਾਲ ਦੀ ਭਾਸ਼ਾ ਤੇ ਸਹਿਤਕ ਪੰਜਾਬੀ ਵਿਚ ਫ਼ਰਕ ਵਧ ਗਿਆ।

2.4.4 ਅਜੋਕੀ ਪੰਜਾਬੀ : ਆਧੁਨਿਕ ਯੁੱਗ ਉਦੋਂ ਤੋਂ ਸ਼ੁਰੂ ਹੈ ਜਦੋਂ ਸੰਨ 1947 ਵਿਚ ਦੇਸ਼ ਆਜ਼ਾਦ ਹੋਣ ਤੋਂ ਪਿੱਛੋਂ ਹਿੰਦੀ ਰਾਸ਼ਟਰ ਭਾਸ਼ਾ ਬਣੀ ਅਤੇ ਉਰਦੂ, ਫ਼ਾਰਸੀ ਨਾਲੋਂ ਪੰਜਾਬੀ ਦਾ ਨਾਤਾ ਕਾਫ਼ੀ ਹੱਦ ਤੱਕ ਟੁੱਟ ਗਿਆ। ਹੁਣ ਹਿੰਦੀ ਰਾਹੀਂ ਸੰਸਕ੍ਰਿਤ ਦਾ ਪ੍ਰਭਾਵ ਪੈਣਾ ਸ਼ੁਰੂ ਹੋਇਆ, ਅਤੇ ਸੰਸਕ੍ਰਿਤ ਦੇ ਕਈ ਅਜਿਹੇ ਸ਼ਬਦ ਵੀ ਪੰਜਾਬੀ ਲਿਖਤਾਂ ਵਿਚ ਵਰਤੇ ਜਾ ਰਹੇ ਹਨ, ਜੋ ਇਸ ਭਾਸ਼ਾ ਵਿਚ ਓਪਰੇ ਜਾਪਦੇ ਹਨ, ਜਿਵੇਂ ਅਨੁਕ੍ਰਮਣਿਕਾ, ਵਿਅਕਤਿਤ੍ਵਵਾਦ, ਅਸਤਿਤ੍ਵਵਾਦ, ਉਦਯੋਗੀਕਰਣ ਆਦਿ। ਅਜਿਹੀ ਗੂੜ੍ਹ ਸ਼ਬਦਾਵਲੀ ਦੇ ਨਾਲ-ਨਾਲ ਕੁਝ ਹਾਲਤਾਂ ਵਿਚ ਸੰਸਕ੍ਰਿਤ ਵਿਆਕਰਣ ਵੀ ਪੰਜਾਬੀ ਉਤੇ ਲੱਦਿਆ ਜਾ ਰਿਹਾ ਹੈ। ਬਹੁਤ ਸਾਰੇ ਸ਼ਬਦਾਂ ਦੇ ਪ੍ਰਚੱਲਿਤ ਤਦਭਵ ਪੰਜਾਬੀ ਰੂਪ ਛੱਡ ਕੇ ਸੰਸਕ੍ਰਿਤ ਦੇ ਤਤਸਮ ਰੂਪ (ਮੂਲ ਸੰਸਕ੍ਰਿਤ ਵਾਲੇ ਰੂਪ) ਫੇਰ ਵਰਤੇ ਜਾ ਰਹੇ ਹਨ, ਜਿਵੇ ਂ ਜੋਗੀ ਦੀ ਥਾਂ ਯੋਗੀ, ਜੁੱਧ ਦੀ ਥਾਂ ਯੁੱਧ, ਸੋਭਾ ਦੀ ਥਾਂ ਸ਼ੋਭਾ, ਸ੍ਰੀਮਾਨ ਦੀ ਥਾਂ ਸ਼੍ਰੀਮਾਨ ਆਦਿ।

2.4.4.1 ਭਾਸ਼ਾ ਦੀਆਂ ਨਵੀਆਂ ਲੋੜਾਂ ਕਰਕੇ ਦੂਜੀਆਂ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਅਪਣਾਏ ਜਾ ਰਹੇ ਹਨ। ਅੰਗਰੇਜ਼ੀ ਤੇ ਅੰਤਰ-ਰਾਸ਼ਟਰੀ ਸ਼ਬਦਾਵਲੀ ਤਾਂ ਬਹੁਤ ਜ਼ਿਆਦਾ ਵਰਤੀ ਜਾ ਰਹੀ ਹੈ, ਨਵੇਂ ਸ਼ਬਦ ਚੋਖੇ ਘੜੇ ਜਾ ਰਹੇ ਹਨ।

2.4.4.2 ਵਿਗਿਆਨਕ ਤੇ ਤਕਨੀਕੀ ਵਿਸ਼ਿਆਂ ਬਾਰੇ ਕਿਤਾਬਾਂ ਲਿਖੀਆਂ ਜਾ ਰਹੀਆਂ ਹਨ। ਅਖ਼ਬਾਰ, ਰਸਾਲੇ ਬਹੁਤ ਵਧ ਗਏ ਹਨ। ਬੋਲ-ਚਾਲ ਦੀ ਭਾਸ਼ਾ ਤੇ ਸਹਿਤਿਕ ਭਾਸ਼ਾ ਵਿਚ ਫ਼ਰਕ ਵਧ ਗਿਆ ਹੈ, ਪਰੰਤੂ ਉਪਭਾਸ਼ਾਈ ਫ਼ਰਕ ਘਟ ਰਿਹਾ ਹੈ।

2.4.4.3 ਵਾਰਤਕ ਦਾ ਰੂਪ ਇਕ ਵਾਰ ਫ਼ੇਰ ਬਦਲ ਰਿਹਾ ਹੈ। ਹੁਣ ਲੱਛੇਦਾਰ ਤੇ ਰਸੀਲੀ ਵਾਰਤਕ ਦੀ ਥਾਂ ਸਰਲ, ਸਪਸ਼ਟ ਤੇ ਅਰਥ-ਭਰਪੂਰ ਵਾਰਤਕ ਲਿਖਣ ਦੀ ਰੁਚੀ ਵਧੀ ਹੈ। ਦਫ਼ਤਰੀ ਭਾਸ਼ਾ ਵਾਲੇ ਘੜੇ-ਘੜਾਏ ਵਾਕ ਰਚਣ ਤੇ ਬਹੁਤ ਜ਼ੋਰ ਹੈ। ਕਵਿਤਾ ਘੱਟ ਲਿਖੀ ਜਾ ਰਹੀ ਹੈ ਅਤੇ ਤੁਕਾਂਤ ਤੇ ਬਹਿਰ ਰਹਿਤ ਖੁੱਲ੍ਹੀ ਵਾਕ ਕਵਿਤਾ ਲਿਖਣ ਦਾ ਰਿਵਾਜ਼ ਵਧ ਰਿਹਾ ਹੈ।

2.4.4.4 ਇਸ ਯੁੱਗ ਵਿਚ ਪੰਜਾਬੀ ਸਾਹਿਤ ਵਿਚ ਬਹੁਤ ਵਾਧਾ ਹੋਇਆ ਹੈ ਅਤੇ ਪੰਜਾਬੀ ਸੰਸਾਰ ਦੀਆਂ ਵਿਕਸਿਤ ਮੰਨੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਇਕ ਮਾਣਯੋਗ ਥਾਂ ਬਣਾ ਚੁੱਕੀ ਹੈ।

ਪਾਠ ਨੰ : 2.2 ਡਾ. ਹਰਕੀਰਤ ਸਿੰਘ

# ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ

**ਰੂਪ ਰੇਖਾ :**

ਉਪਭਾਸ਼ਾ ਵਿਗਿਆਨ ........ ਭਾਰਤ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ ........ ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ ........ ਪੰਜਾਬੀ ਦੀਆਂ ਉਪਭਾਸ਼ਾਵਾਂ ਤੇ ਉਪਬੋਲੀਆਂ ........ ਮਾਝੀ ........ ਮਾਝੀ ਦੀਆਂ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ ........ ਮਾਝੀ ਦੀਆਂ ਵਿਆਕਰਣ ਸੰਬੰਧੀ ਵਿਸ਼ੇਸ਼ਤਾਵਾਂ ........ ਮਲਵਈ ........ ਮਲਵਈ ਦੀਆਂ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ ........ ਮਲਵਈ ਦੀਆਂ ਵਿਆਕਰਣ ਸੰਬੰਧੀ ਵਿਸ਼ੇਸ਼ਤਾਵਾਂ ........ ਸ਼ਬਦਾਵਲੀ ........ ਪੁਆਧੀ ........ ਪੁਆਧੀ ਦੀਆਂ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ ........ ਪੁਆਧੀ ਦੇ ਵਿਆਕਰਣਕ ਲੱਛਣ ........ ਸ਼ਬਦਾਵਲੀ ........ ਲਹਿੰਦੀ ........ ਲਹਿੰਦੀ ਦੀਆਂ ਧੁਨੀਆਂ ........ ਵਿਆਕਰਣ ਲੱਛਣ ........ ਸ਼ਬਦਾਵਲੀ ........ ਡੋਗਰੀ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ ........ ਸ਼ਬਦਾਵਲੀ।

## ਉਪਭਾਸ਼ਾ ਵਿਗਿਆਨ (**Dialectology**)

ਪਿਛਲੇ ਕੁਝ ਦਹਾਕਿਆਂ ਵਿੱਚ ਭਾਸ਼ਾ ਤੇ ਉਪਭਾਸ਼ਾ ਦੇ ਅੰਤਰ ਨੂੰ ਸਪੱਸ਼ਟ ਕਰਨ ਅਤੇ ਉਪਭਾਸ਼ਾ ਦੀ ਕੋਈ ਤਸੱਲੀਬਖਸ਼ ਪਰਿਭਾਸ਼ਾ ਲੱਭਣ ਲਈ ਉਚੇਚੇ ਯਤਨ ਕੀਤੇ ਗਏ ਹਨ। ਇਨ੍ਹਾਂ ਦੋਹਾਂ ਸਮੱਸਿਆਵਾਂ ਦਾ ਅਜੇ ਕੋਈ ਸਰਬ-ਪ੍ਰਵਾਨਿਤ ਹੱਲ ਤਾਂ ਨਹੀਂ ਲੱਭਾ, ਪਰੰਤੂ ਉਪਭਾਸ਼ਾ ਵਿਗਿਆਨ ਦੇ ਖੇਤਰ ਵਿਚ ਕਈ ਦਿਲਚਸਪ ਪ੍ਰਾਪਤੀਆਂ ਅਵਸ਼ ਹੋਈਆਂ ਹਨ ਅਤੇ ਕੁਝ ਨਵੇਂ ਨਜ਼ਰੀਏ ਕਾਇਮ ਹੋਏ ਹਨ।

ਉਪਭਾਸ਼ਾ ਦੀ ਪਛਾਣ ਹਿਤ ਕਈ ਸੁਝਾਅ ਦਿੱਤੇ ਗਏ ਹਨ। ਇੱਕ ਕਾਫ਼ੀ ਵਜ਼ਨੀ ਰਾਇ ਇਹ ਸੀ ਕਿ ਜਿਹੜੀ ਬੋਲੀ ਨੂੰ ਕਿਸੇ ਵਿਸ਼ੇਸ਼ ਭਾਸ਼ਾ ਬੋਲਣ ਵਾਲੇ ਆਮ ਲੋਕ ਬਿਨਾਂ ਵਧੇਰੇ ਦਿੱਕਤ ਦੇ ਸਮਝ ਸਕਣ ਉਸ ਨੂੰ ਸੰਬੰਧਿਤ ਭਾਸ਼ਾ ਦੀ ਉਪਭਾਸ਼ਾ ਮੰਨਿਆ ਜਾਏ। ਇੱਕ ਹੋਰ ਵਿਧੀ ਸਾਂਝੀ ਸ਼ਬਦਾਵਲੀ ਦੀ ਸੁਝਾਈ ਗਈ। ਜਿਹੜੀ ਬੋਲੀਆਂ ਵਿਚ ਸਾਕਾਂ ਸੰਬੰਧੀਆਂ ਦੇ ਨਾਮ, ਸਰੀਰ ਦੇ ਅੰਗਾਂ ਦੇ ਨਾਮ, ਕੁਦਰਤ ਦੇ ਚਿੰਨ੍ਹਾਂ (ਸੂਰਜ, ਚੰਦ, ਮਿੱਟੀ, ਹਵਾ ਆਦਿ) ਦੇ ਨਾਮ ਵਰਗੀ ਮੁਢਲੀ ਸ਼ਬਦਾਵਲੀ ਸਾਂਝੀ ਹੋਵੇ ਉਹਨਾਂ ਨੂੰ ਇਕੋ ਭਾਸ਼ਾ ਦੀਆਂ ਉਪਭਾਸ਼ਾਵਾਂ ਮੰਨਿਆ ਜਾਵੇ। ਏਵੇਂ ਹੀ ਸਾਂਝੇ ਵਿਆਕਰਣ ਲੱਛਣਾਂ ਦੇ ਆਧਾਰ ਤੇ ਉਪਭਾਸ਼ਾਵਾਂ ਪਛਾਣਨ ਦੀ ਵਿਧੀ ਵੀ ਸੁਝਾਈ ਗਈ। ਇੱਕ ਹੋਰ ਦਿਲਚਸਪ ਤਰੀਕਾ ਇਕਬੋਲ-ਰੇਖਾਵਾਂ (isoglosses) ਦੀ ਸਹਾਇਤਾ ਲੈਣ ਦਾ ਲੱਭਿਆ ਗਿਆ। ਕਿਸੇ ਇੱਕ ਸ਼ਬਦ ਦੇ ਇਕੋ ਰੂਪ ਵਾਲੇ ਖੇਤਰ ਦੀਆਂ ਹੱਦਾਂ ਦਰਸਾਉਣ ਵਾਲੀਆਂ ਰੇਖਾਵਾਂ ਨੂੰ ਇੱਕ-ਬੋਲ ਰੇਖਾਵਾਂ ਕਿਹਾ ਜਾਂਦਾ ਹੈ। ਜੇ ਬਹੁਤ ਸਾਰੀਆਂ ਇਕਬੋਲ-ਰੇਖਾਵਾਂ ਇਕੋ ਥਾਂ ਤੋਂ ਦੀ ਜਾਂ ਲਾਗੇ ਲਾਗੇ ਦੀ ਲੰਘਣ ਤਾਂ ਅਜਿਹੀਆਂ ਰੇਖਾਵਾਂ ਨੂੰ ਉਪਭਾਸ਼ਾ ਦੀ ਹੱਦ ਮੰਨ ਲਿਆ ਜਾਂਦਾ ਹੈ। ਪਰ ਵੱਖ-ਵੱਖ ਭਾਸ਼ਾਵਾਂ ਵਾਲੇ ਖੇਤਰਾਂ ਦਾ ਸਰਵੇਖਣ ਕਰਕੇ ਅਜਿਹੀਆਂ ਰੇਖਾਵਾਂ ਖਿੱਚਣ ਉਪਰੰਤ ਪਤਾ ਲੱਗਾ ਕਿ ਬਹੁਤ ਘੱਟ ਹਾਲਤਾਂ ਵਿਚ ਇਕ ਤੋਂ ਵਧੇ ਰੇ ਇਕਬੋਲ ਰੇਖਾਵਾਂ ਇਕੋ ਥਾਂ ਤੋਂ ਦੀ ਲੰਘਣੀਆਂ ਹਨ। ਇਸ ਤੋਂ ਇਹ ਨਤੀਜਾ ਕੱਢਿਆ ਗਿਆ ਕਿ ਉਪਭਾਸ਼ਾਵਾਂ ਦੀ ਕੋਈ ਬੰਨਵ੍ਹੀਂ ਹੱਦਬੰਦੀ ਕਰਨੀ ਲਗਭਗ ਅਸੰਭਵ ਹੈ। ਨਾਲ ਹੀ ਇਹ ਵੀ ਸਿੱਧ ਹੋਇਆ ਕਿ ਉਪਭਾਸ਼ਾਵਾਂ ਦੀ ਪਛਾਣ ਲਈ ਉੱਤੇ ਦਿੱਤੀਆਂ ਵਿਧੀਆਂ ਵਿਚੋਂ ਕੋਈ ਇਕੋ ਵਿਧੀ ਸਫ਼ਲ ਨਹੀਂ ਹੋ ਸਕਦੀ, ਸਗੋਂ ਸਾਰੀਆਂ ਵਿਧੀਆਂ ਤੋਂ ਸਹਾਇਤਾ ਲੈਣੀ ਪੈਂਦੀ ਹੈ। ਇਹਨਾਂ ਦੇ ਨਾਲ-ਨਾਲ ਭਾਸ਼ਾ ਬੋਲਣ ਵਾਲਿਆਂ ਦੀ ਆਪਣੀ ਭਾਸ਼ਾਈ ਸੂਝ ਤੋਂ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਇੱਕ ਸੂਝ ਵਾਲਾ ਪੰਜਾਬੀ ਜਾਣਦਾ ਹੈ ਕਿ ਮਾਝੀ, ਮਲਵਈ, ਮੁਲਤਾਨੀ, ਪੋਠੋਹਾਰੀ ਉਸ ਦੀ ਆਪਣੀ ਬੋਲੀ ਪੰਜਾਬੀ ਦੇ ਹੀ ਵੱਖ-ਵੱਖ ਰੂਪ ਹਨ, ਪਰ ਬਾਂਗਰੂ ਜਾਂ ਬੀਕਾਨੇਰ ਦੀ ਬਾਂਗੜੀ ਬੋਲੀ ਪੰਜਾਬੀ ਨਹੀਂ।

ਉਪਭਾਸ਼ਾਵਾਂ ਦੀ ਪਛਾਣ ਤੋਂ ਇਲਾਵਾ ਉਪਭਾਸ਼ਾਵਾਂ ਦੇ ਰੂਪ ਬਾਰੇ ਵੀ ਕੁਝ ਨਵੀਆਂ ਮਾਨਤਾਵਾਂ ਉਜਾਗਰ ਹੋਈਆਂ ਹਨ। ਹੁਣ

ਤੱਕ ਅਸੀ ਉਪਭਾਸ਼ਾਵਾਂ ਵਿਚਲਾ ਅੰਤਰ ਇਲਾਕਾਈ ਰੂਪ ਵਾਲਾ ਹੀ ਮੰਨਦੇ ਆਏ ਸਾਂ। ਅਰਥਾਤ ਅਸੀ ਕਹਿੰਦੇ ਰਹੇ ਹਾਂ ਕਿ ਮਾਲਵੇ ਦੀ ਬੋਲੀ ਮਾਝੇ ਦੀ ਬੋਲੀ ਨਾਲੋਂ ਕੁਝ ਫ਼ਰਕ ਵਾਲੀ ਹੈ। ਏਵੇਂ ਹੀ ਪੋਠੋਹਾਰੀ ਮਾਝੀ ਤੇ ਮਲਵਈ ਦੋਹਾਂ ਨਾਲੋਂ ਵੱਖਰੀ ਹੈ। ਗੱਲ ਕੀ ਵੱਖ-ਵੱਖ ਇਲਾਕਿਆਂ ਦੀ ਬੋਲੀ ਨੂੰ ਵੱਖਰੇ ਰੂਪ ਵਾਲੀਆਂ ਉਪਭਾਸ਼ਾਵਾਂ ਮੰਨਿਆ ਜਾਂਦਾ ਹੈ। ਹੁਣ ਇਹਨਾਂ ਭੂਗੋਲਿਕ ਉਪਭਾਸ਼ਾਵਾਂ ਦੇ ਨਾਲ-ਨਾਲ ਸਮਾਜਕ ਉਪਭਾਸ਼ਾਵਾਂ ਦੀ ਹੋਂਦ ਵੀ ਸਵੀਕਾਰ ਕੀਤੀ ਜਾਂਦੀ ਹੈ। ਇਕੋ ਸ਼ਹਿਰ ਜਾਂ ਇਕੋ ਇਲਾਕੇ ਵਿਚ ਰਹਿਣ ਵਾਲੇ ਵੱਖ-ਵੱਖ ਪੇਸ਼ਿਆਂ ਵਾਲੇ ਲੋਕਾਂ ਦੀ ਆਪਣੀ ਵੱਖਰੀ ਉਪਭਾਸ਼ਾ ਹੁੰਦੀ ਹੈ। ਉਦਾਹਰਣ ਲਈ ਵਕੀਲਾਂ ਦੀ ਆਪਣੀ ਉਪਭਾਸ਼ਾ, ਵਪਾਰੀਆਂ ਦੀ ਉਪਭਾਸ਼ਾ, ਕਿਰਸਾਣਾਂ ਦੀ ਉਪਭਾਸ਼ਾ ਆਦਿ ਦੀ ਵਖਰੀ ਹਸਤੀ ਮੰਨੀ ਗਈ ਹੈ, ਕਿਉਂਕਿ ਇਹਨਾਂ ਪੇਸ਼ਿਆਂ ਦੀ ਬੋਲੀ ਵਿਚ ਸ਼ਬਦਾਵਲੀ ਦਾ ਅੰਤਰ ਤਾਂ ਹੁੰਦਾ ਹੈ, ਨਾਲ ਹੀ ਆਮ ਮੁਹਾਵਰੇ ਤੇ ਬੋਲਣ ਦੇ ਢੰਗ ਜਾਂ ਲਹਿਜੇ ਦਾ ਫ਼ਰਕ ਵੀ ਹੁੰਦਾ ਹੈ। ਪੇਸ਼ਿਆਂ ਤੋਂ ਇਲਾਵਾ ਸਮਾਜ ਦੇ ਉੱਚੇ ਨੀਵੇਂ ਵਰਗਾਂ ਦੀ ਵੀ ਆਪੋ ਆਪਣੀ ਉਪਭਾਸ਼ਾ ਹੁੰਦੀ ਹੈ। ਕੋਠੀਆਂ ਕਾਰਾਂ ਵਾਲਿਆਂ ਅਮੀਰਾਂ ਜਾਂ ਸ੍ਰੇਸ਼ਠ ਸ਼੍ਰੇਣੀ ਦੇ ਲੋਕਾਂ ਦੀ ਬੋਲੀ ਜਾਂ ਮਜ਼ਦੂਰਾਂ, ਗਰੀਬਾਂ ਦੀ ਬੋਲੀ ਨਾਲੋਂ ਅਵੱਸ਼ ਅੰਤਰ ਹੁੰਦਾ ਹੈ ਅਰਥਾਤ ਇਹਨਾਂ ਵਰਗਾਂ ਦੀ ਆਪੋ ਆਪਣੀ ਉਪਭਾਸ਼ਾ ਹੁੰਦੀ ਹੈ।

ਅਜਿਹੀਆਂ ਸਮਾਜਕ ਉਪਭਾਸ਼ਾਵਾਂ ਦੀ ਹੋਂਦ ਨਿਰੀ ਖ਼ਿਆਲੀ ਹੀ ਨਹੀਂ ਸਗੋਂ ਵਾਸਤਵਿਕ ਹੈ। ਕਈਆਂ ਦੇਸ਼ਾਂ ਵਿਚ ਸਮਾਜਕ ਉਪਭਾਸ਼ਾਵਾਂ ਦਾ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ ਅਤੇ ਬੜੇ ਦਿਲਚਸਪ ਨਤੀਜੇ ਪ੍ਰਾਪਤ ਹੋਏ ਹਨ। ਸਾਡੇ ਆਪਣੇ ਦੇਸ਼ ਵਿਚ ਵੀ ਕੁਝ ਵਿਦਵਾਨਾਂ ਨੇ ਸਮਾਜਕ ਉਪਭਾਸ਼ਾਵਾਂ ਦੀ ਪੜਚੋਲ ਕਰਨ ਦੇ ਉਪਰਾਲੇ ਕੀਤੇ ਹਨ ਪਰੰਤੂ ਸਾਧਨਾਂ ਦੀ ਥੁੜ੍ਹ ਕਰਕੇ ਅਤੇ ਉਤਸ਼ਾਹ ਦੀ ਕਮੀ ਕਰਕੇ ਬਹੁਤ ਚੰਗੀਆਂ ਪ੍ਰਾਪਤੀਆਂ ਨਹੀਂ ਹੋਈਆਂ।

ਇੰਝ ਆਧੁਨਿਕ ਭਾਸ਼ਾ ਵਿਗਿਆਨ ਵਿਚ ਉਪਭਾਸ਼ਾ ਵਿਗਿਆਨ ਦੀ ਮਹੱਤਤਾ ਚੋਖੀ ਵਧ ਗਈ ਹੈ। ਜਿਵੇਂ ਉੱਤੇ ਵੇਖਿਆ ਗਿਆ ਹੈ ਉਪਭਾਸ਼ਾਵਾਂ ਦੇ ਰੂਪ ਤੇ ਇਹਨਾਂ ਦੀ ਪਛਾਣ ਦੀਆਂ ਵਿਧੀਆਂ ਸੰਬੰਧੀ ਸਾਡੇ ਦ੍ਰਿਸ਼ਟੀਕੋਣ ਵਿਚ ਕਾਫ਼ੀ ਫ਼ਰਕ ਆ ਗਿਆ ਹੈ। ਵਿਗਿਆਨਕ ਅਧਿਐਨ ਨੇ ਇੱਕ ਖਾਸ ਗੱਲ ਸਾਨੂੰ ਇਹ ਵਿਖਾਈ ਹੈ ਕਿ ਕੋਈ ਵੀ ਉਪਭਾਸ਼ਾ ਸ੍ਰੇਸ਼ਠ ਨਹੀਂ, ਅਤੇ ਕੋਈ ਹੋਰ ਘਟੀਆ ਨਹੀਂ। ਸਾਰੀਆਂ ਉਪਭਾਸ਼ਾਵਾਂ, ਬੱਸ ਉਪਭਾਸ਼ਾਵਾਂ ਹਨ, ਅਰਥਾਤ ਇੱਕ ਭਾਸ਼ਾ ਦੇ ਵੱਖ-ਵੱਖ ਰੂਪ ਹਨ, ਇਹਨਾਂ ਵਿਚੋਂ ਕਿਸੇ ਨੂੰ ਚੰਗੀ ਤੇ ਕਿਸੇ ਨੂੰ ਮਾੜੀ ਕਹਿਣਾ ਵਿਗਿਆਨਕ ਕੁਫ਼ਰ ਹੈ।

ਪੰਜਾਬੀ ਭਾਰਤੀ ਉਪ-ਮਹਾਂਦੀਪ ਦੀ ਉੱਤਰ-ਪੱਛਮੀ ਭਾਸ਼ਾ ਹੈ। ਇਹ ਭਾਰਤ ਤੇ ਪਾਕਿਸਤਾਨ ਦੋਹਾਂ ਦੇ ਕੁਝ ਖੇਤਰਾਂ ਵਿਚ ਬੋਲੀ ਜਾਂਦੀ ਹੈ ਤੇ ਅੱਗੇ ਪੰਜਾਬੀ ਬੋਲਣ ਵਾਲੇ ਇਲਾਕਿਆਂ ਦਾ ਵਿਸਤਾਰ-ਪੂਰਵਕ ਵੇਰਵਾ ਦਿੱਤਾ ਗਿਆ ਹੈ।

ਭਾਰਤ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ :

(ਕ) ਸਾਰਾ ਪੰਜਾਬ

(ਖ) ਹਰਿਆਣੇ ਵਿਚ

(1) ਜ਼ਿਲ੍ਹਾ ਹਿਸਾਰ ਦੇ ਹੇਠ ਲਿਖੇ ਖੇਤਰ
ਸਿਰਸਾ ਬਲਾਕ (ਕੋਈ ਦੋ ਤਿਹਾਈ ਹਿੱਸਾ), ਡੱਬਵਾਲੀ ਬਲਾਕ (ਲਗਭਗ ਦੋ-ਤਿਹਾਈ ਹਿੱਸਾ), ਅਤੇ ਟੁਹਾਣਾ ਬਲਾਕ ਪੂਰਾ।

(2) ਜ਼ਿਲ੍ਹਾ ਕੁਰੂਕਸ਼ੇਤਰ ਦੀ ਤਹਿਸੀਲ ਗੂਲ੍ਹਾ (ਸਾਰੀ), ਤਹਿਸੀਲ ਕੈਥਲ (ਅੱਧੀ ਦੇ ਕਰੀਬ), ਤਹਿਸੀਲ ਥਾਨੇ ਸਰ (ਕੁਝ ਹਿੱਸਾ)।

(3) ਜ਼ਿਲ੍ਹਾ ਅੰਬਾਲਾ ਦਾ ਥਾਣਾ ਸਦਰ ਅੰਬਾਲਾ, ਰਾਇਪੁਰ ਰਾਣੀ ਬਲਾਕ ਅਤੇ ਇਲਾਕਾ ਕਾਲਕਾ।

(4) ਜ਼ਿਲ੍ਹਾ ਜੀਂਦ ਦੇ ਪਿੰਡ ਧਮਤਾਨ ਸਾਹਿਬ ਦੇ ਨਾਲ ਲਗਦਾ ਥੋੜ੍ਹਾ ਜਿਹਾ ਇਲਾਕਾ।

(ਗ) ਹਿਮਾਚਲ ਪ੍ਰਦੇਸ਼ ਵਿਚ :

ਜ਼ਿਲ੍ਹਾ ਕਾਂਗੜਾ (ਪੂਰਾ), ਜ਼ਿਲ੍ਹਾ ਚੰਬਾ ਦਾ ਦੱਖਣੀ, ਪੱਛਮੀ ਹਿੱਸਾ, ਬਿਲਾਸਪੁਰ ਖੇਤਰ ਅਤੇ ਕੁੱਲੂ ਘਾਟੀ ਦਾ ਕੁਝ ਹਿੱਸਾ।

(ਘ) ਜੰਮੂ-ਕਸ਼ਮੀਰ ਵਿਚ :

ਰਿਆਸਤ ਜੰਮੂ ਸਾਰੀ ਅਤੇ ਪੁਣਛ ਦਾ ਭਾਰਤ ਦੇ ਅਧੀਨ ਇਲਾਕਾ।

(ਚ) ਰਾਜਸਥਾਨ ਵਿਚ :

ਜ਼ਿਲ੍ਹਾ ਗੰਗਾ ਨਗਰ ਦਾ ਵਧੇਰੇ ਹਿੱਸਾ।

2. ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ :

(ਕ) ਸਾਰਾ ਪੰਜਾਬ

(ਖ) ਜੰਮੂ ਤੇ ਪੁਣਛ ਦਾ ਪਾਕਿਸਤਾਨ ਦੇ ਅਧੀਨ ਇਲਾਕਾ

(ਗ) ਸਿੰਧ ਦੀ ਪੰਜਾਬ ਨਾਲ ਲੱਗਦੀ ਉੱਤਰੀ ਨੁਕਰ

(ਘ) ਉੱਤਰ-ਪੱਛਮੀ ਸੀਮਾ-ਪ੍ਰਾਂਤ ਦੇ ਇਲਾਕੇ-ਬੰਨੂੰ ਕੋਹਾਟ, ਡੇਰਾ ਇਸਮਾਇਲ ਖਾਂ ਆਦਿ।

ਸੰਨ 1947 ਵਿਚ ਦੇਸ਼ ਦੀ ਵੰਡ ਪਿਛੋਂ ਭਾਰਤ ਤੇ ਪਾਕਿਸਤਾਨ ਦੋਹਾਂ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ ਦਾ ਕਾਫ਼ੀ ਵਿਸਤਾਰ ਹੋਇਆ ਹੈ। ਪੱਛਮੀ ਪੰਜਾਬ ਵਿਚੋਂ ਆਏ ਪੰਜਾਬੀ ਬੋਲਣ ਵਾਲੇ ਲੋਕ ਹਰਿਆਣੇ, ਰਾਜਸਥਾਨ, ਉੱਤਰ ਪ੍ਰਦੇਸ਼ ਆਦਿ ਵਿਚ ਦੂਰ ਦੂਰ ਤੱਕ ਆਬਾਦ ਹੋ ਗਏ ਹਨ। ਇਸ ਤਰ੍ਹਾਂ ਭਾਰਤ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ ਦੀਆਂ ਹੱਦਾਂ ਕਾਫ਼ੀ ਦੂਰ ਤੱਕ ਪੂਰਬ ਦੇ ਦੱਖਣ ਵੱਲ ਖਿਸਕ ਗਈਆਂ ਹਨ। ਪਾਕਿਸਤਾਨ ਵਿਚ ਇਧਰੋਂ ਗਏ ਪੰਜਾਬੀ ਮੁਸਲਮਾਨ ਸਿੰਧ ਤੇ ਉੱਤਰ-ਪੱਛਮੀ ਸੀਮਾਂ ਪ੍ਰਾਂਤ ਦੇ ਕਾਫ਼ੀ ਖੁੱਲ੍ਹੇ ਇਲਾਕੇ ਵਿਚ ਆਬਾਦ ਹੋ ਗਏ ਹਨ। ਪਰ ਪਾਕਿਸਤਾਨ ਵਿਚ ਪੰਜਾਬੀ ਦੀ ਅਜੋਕੀ ਸਥਿਤੀ ਬਾਰੇ ਸਾਨੂੰ ਪੂਰੀ ਜਾਣਕਾਰੀ ਨਹੀਂ ਇਸ ਲਈ ਉੱਤੇ ਦਿੱਤੇ ਗਏ ਪਾਕਿਸਤਾਨੀ ਇਲਾਕੇ 1947 ਤੋਂ ਪਹਿਲਾਂ ਦੀ ਜਾਣਕਾਰੀ ਉੱਤੇ ਆਧਾਰਿਤ ਹਨ।

## **ਪੰਜਾਬੀ ਦੀਆਂ ਉਪਭਾਸ਼ਾਵਾਂ** (dialect) **ਤੇ ਉਪਬੋਲੀਆਂ** (sub-dialect)

ਪੰਜਾਬੀ ਦੀਆਂ ਉਪਭਾਸ਼ਾਵਾਂ ਬਾਰੇ ਵਿਦਵਾਨਾਂ ਵਿਚ ਸਹਿਮਤੀ ਨਹੀਂ। ਅਸਲ ਵਿਚ ਗ੍ਰੀਅਰਸਨ ਤੋਂ ਪਿਛੋਂ ਕਿਸੇ ਨੇ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਪੜਚੋਲ ਕਰਨ ਦਾ ਯਤਨ ਨਹੀਂ ਕੀਤਾ। ਵਿਗਿਆਨਕ ਪੱਖ ਤੋਂ ਵਿਚਾਰਿਆਂ ਹੇਠ ਲਿਖੀਆਂ ਉਪਭਾਸ਼ਾਵਾਂ ਤੇ ਉਪਬੋਲੀਆਂ ਠੀਕ ਜਾਪਦੀਆਂ ਹਨ।

ਇਹ ਨੁਕਤਾ ਯਾਦ ਰੱਖਣ ਵਾਲਾ ਹੈ ਕਿ ਮਾਝੀ ਤੇ ਮਲਵਈ ਦਾ ਫ਼ਰਕ ਅਜਿਹਾ ਨਹੀਂ ਜਿਸ ਕਾਰਣ ਇਨ੍ਹਾਂ ਨੂੰ ਵਖਰੀਆਂ ਉਪਭਾਸ਼ਾਵਾਂ ਮੰਨਿਆ ਜਾਵੇ। ਜੇ ਇਨ੍ਹਾਂ ਦਾ ਫ਼ਰਕ ਉਪਭਾਸ਼ਾਈ ਪੱਧਰ ਦਾ ਮੰਨ ਲਿਆ ਜਾਵੇ ਤਾਂ ਫਿਰ ਲਹਿੰਦੀ ਤੇ ਪੂਰਬੀ ਪੰਜਾਬੀ ਦੇ ਫ਼ਰਕ ਨੂੰ ਭਾਸ਼ਾਈ ਪੱਧਰ ਦਾ ਮੰਨਣਾ ਪਵੇਗਾ, ਅਰਥਾਤ ਲਹਿੰਦੀ ਨੂੰ ਪੰਜਾਬੀ ਵੱਖਰੀ ਭਾਸ਼ਾ ਸਵੀਕਾਰ ਕਰਨਾ ਪਏਗਾ। ਮਾਝੀ ਮਲਵਈ ਦਾ ਅੰਤਰ ਸਿਰਫ ਉਪਬੋਲੀਆਂ (sub-dialect) ਵਾਲਾ ਹੈ।

ਫੇਰ ਦੁਆਬੀ ਨੂੰ ਅਸੀ ਵੱਖਰੀ ਬੋਲੀ ਵੀ ਨਹੀਂ ਮੰਨਿਆ ਕਿਉਂਕਿ ਦੁਆਬੀ ਦੇ ਵਧੇਰੇ ਲੱਛਣ ਮਲਵਈ ਵਾਲੇ ਹਨ ਅਤੇ ਇਸ ਬੋਲੀ ਦੇ ਕਈ ਵਿਸ਼ੇਸ਼ ਗੁਣ ਅਜਿਹੇ ਨਹੀਂ, ਜਿਨ੍ਹਾਂ ਦੇ ਆਧਾਰ ਤੇ ਇਸ ਨੂੰ ਮਲਵਈ ਨਾਲੋਂ ਵੱਖਰੀ ਉਪਬੋਲੀ ਸਵੀਕਾਰ ਕੀਤਾ ਜਾਵੇ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰਖਦਿਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਸਿਰਫ਼ ਤਿੰਨ ਹੀ ਮੰਨੀਆਂ ਜਾ ਸਕਦੀਆਂ ਹਨ - ਪੂਰਬੀ ਪੰਜਾਬੀ, ਲਹਿੰਦੀ ਪੰਜਾਬੀ (ਜਾਂ ਪੱਛਮੀ ਪੰਜਾਬੀ) ਤੇ ਪਹਾੜੀ ਪੰਜਾਬੀ (ਜਾਂ ਡੋਗਰੀ) ਇਨ੍ਹਾਂ ਦੀਆਂ ਅੱਗੋਂ ਆਪੋ-ਆਪਣੀਆਂ ਉਪਬੋਲੀਆਂ ਹਨ, ਜਿਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

1. ਪੂਰਬੀ ਪੰਜਾਬੀ : ਮਾਝੀ, ਮਲਵਈ ਤੇ ਪੁਆਧੀ।
2. ਪੱਛਮੀ ਪੰਜਾਬੀ ਜਾਂ ਲਹਿੰਦੀ : ਮੁਲਤਾਨੀ, ਪੋਠੋਹਾਰੀ ਤੇ ਹਿੰਦਕੋ।
3. ਪਹਾੜੀ ਪੰਜਾਬੀ : ਕਾਂਗੜੀ, ਭਟਿਆਲੀ, ਜੰਮੂਆਲੀ (ਜੰਮੂ ਰਿਆਸਤ ਦੀ ਬੋਲੀ) ਤੇ ਪੁਣਛੀ।

ਇਨ੍ਹਾਂ ਵਿਚੋਂ ਮਾਝੀ ਨੂੰ ਭਾਰਤ ਤੇ ਪਾਕਿਸਤਾਨ ਦੋਹਾਂ ਵਿਚ ਹੀ, ਪੰਜਾਬੀ ਦਾ ਸਟੈਂਡਰਡ ਰੂਪ ਮੰਨਿਆ ਜਾਂਦਾ ਹੈ। ਪੂਰਬੀ ਪੰਜਾਬੀ ਦੀ ਪ੍ਰਤੀਨਿਧ ਬੋਲੀ ਵੀ ਮਾਝੀ ਹੀ ਹੈ। ਲਹਿੰਦੀ ਦੀ ਪ੍ਰਤੀਨਿਧ ਬੋਲੀ ਮੁਲਤਾਨੀ ਹੈ, ਅਤੇ ਪਹਾੜੀ ਪੰਜਾਬੀ (ਅਥਵਾ ਡੋਗਰੀ) ਦੀ ਜੰਮੂਆਲੀ ਜਾਂ ਜੰਮੂ ਦੀ ਬੋਲੀ।

ਅੱਗੇ ਮਾਝੀ ਮਲਵਈ ਤੇ ਪੁਆਧੀ ਦਾ ਪੂਰਾ ਵਿਵਰਣ ਪੇਸ਼ ਕੀਤਾ ਗਿਆ ਹੈ ਅਤੇ ਲਹਿੰਦੀ ਤੇ ਪਹਾੜੀ ਪੰਜਾਬੀ ਦੀਆਂ ਸਿਰਫ਼ ਪ੍ਰਤੀਨਿਧ ਬੋਲੀਆਂ, ਆਰਥਾਤ ਮੁਲਤਾਨੀ ਤੇ ਜੰਮੂਆਲੀ ਦਾ ਹੀ ਵਿਵਰਣ ਪੇਸ਼ ਕੀਤਾ ਗਿਆ ਹੈ। ਏਥੇ ਸੰਬੰਧਤ ਬੋਲੀਆਂ ਦੇ ਸਿਰਫ਼ ਉਘੇ ਲੱਛਣ ਹੀ ਦਿੱਤੇ ਗਏ ਹਨ, ਖਾਸ ਕਰ ਅਜਿਹੇ ਲੱਛਣ ਜਿਹੜੇ ਸਟੈਂਡਰਡ ਪੰਜਾਬੀ ਨਾਲੋਂ ਫ਼ਰਕ ਵਾਲੇ ਹਨ।

## (ਕ) ਮਾਝੀ

ਮਾਝੀ ਪੂਰੇ ਜ਼ਿਲ੍ਹਾ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਦੋ ਤਹਿਸੀਲਾਂ-ਬਟਾਲਾ ਤੇ ਗੁਰਦਾਸਪੁਰ-ਵਿਚ ਬੋਲੀ ਜਾਂਦੀ ਹੈ। ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ ਦੀ ਬੋਲੀ ਵੀ ਮਾਝੀ ਹੈ। ਸਿਆਲਕੋਟ ਤੇ ਗੁਜਰਾਂਵਾਲੇ ਨੂੰ ਭਾਵੇਂ ਮਾਝੇ ਦਾ ਹਿੱਸਾ ਨਹੀ ਮੰਨਿਆ ਜਾਂਦਾ ਪਰੰਤੂ ਇਨ੍ਹਾਂ ਦੋ ਜ਼ਿਲ੍ਹਿਆਂ ਦੀ ਬੋਲੀ ਮਾਝੀ ਨਾਲ ਮਿਲਦੀ ਹੈ ਦੁਆਬੇ ਦੇ ਦਰਿਆ ਬਿਆਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਵੀ ਮਾਝੀ ਦਾ ਚੋਖਾ ਪ੍ਰਭਾਵ ਹੈ।

ਸਟੈਂਡਰਡ ਪੰਜਾਬੀ ਦੇ ਸੰਬੰਧ ਵਿਚ ਦੱਸੀਆਂ ਗਈਆਂ ਪੰਜਾਬੀ ਦੀਆਂ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ ਅਸਲ ਵਿਚ ਮਾਝੀ ਦੀਆਂ ਹੀ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਨੂੰ ਏਥੇ ਦੁਹਰਾਉਣ ਦੀ ਲੋੜ ਨਹੀਂ ਸਿਰਫ਼ ਕੁਝ ਵਿਸ਼ੇਸ਼ ਨੁਕਤੇ ਹੀ ਦੱਸੇ ਜਾਣਗੇ।

**ਮਾਝੀ ਦੀਆਂ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ :**

(1) ਮਾਝੀ ਵਿਚ ਉੱਚੀ ਸੁਰ (high tone) ਤੇ ਨੀਵੀਂ ਸੁਰ (low tone) ਦੋਵਾਂ ਦੀ ਹੀ ਵਰਤੋਂ ਦੀ ਮਾਤਰਾ (frequency) ਲਹਿੰਦੀ ਨਾਲੋਂ ਕੁਝ ਜ਼ਿਆਦਾ ਅਤੇ ਮਲਵਈ ਤੇ ਪੁਆਧੀ ਨਾਲੋਂ ਵੀ ਵਧੇਰੇ ਹੈ। ਸਿਰਫ਼ ਨੀਵੀਂ ਸੁਰ ਡੋਗਰੀ ਨਾਲੋਂ ਕੁਝ ਘੱਟ ਹੈ।

(2) ਮਾਝੀ ਵਿਚ ਨਾਦੀ ਮਹਾਂਪ੍ਰਾਣ ਵਿਅੰਜਨ - (ਘ, ਝ, ਢ, ਧ, ਭ) ਨਹੀਂ ਉਚਾਰੇ ਜਾਂਦੇ, ਭਾਵੇਂ ਲਿਖਤ ਵਿਚ ਇਹ ਅੰਕਿਤ ਕੀਤੇ ਜਾਂਦੇ ਹਨ ਪਰ ਉਚਾਰਣ ਵਿਚ ਇਹ ਸੁਰ ਵਿਚ ਬਦਲ ਜਾਂਦੇ ਹਨ।

(3) (ਹ) ਮਾਝੀ ਵਿਚ ਸਿਰਫ਼ ਸ਼ਬਦਾਂ ਦੇ ਆਰੰਭ ਵਿਚ ਉਚਾਰਿਆ ਜਾਂਦਾ ਹੈ। ਸ਼ਬਦਾਂ ਦੇ ਅੰਤ ਵਿਚ ਅਤੇ ਵਿਚਾਲੇ ਆਉਣ ਵਾਲਾ (ਹ) ਸ਼ੁਰੂ ਵਿਚ ਬਦਲ ਜਾਂਦਾ ਹੈ।

(4) ਉਲਟ-ਜੀਭੀ (ਲ) ਵਰਤਿਆ ਜਾਂਦਾ ਹੈ ਜਿਸ ਕਰਕੇ ਸ਼ਬਦ ਦਾ ਅਰਥ ਬਦਲ ਜਾਂਦਾ ਹੈ, ਜਿਵੇ (ਬਾਲ) ਤੇ (ਬਾਲ) ਵਿਚ ਜਾਂ (ਦਲ) ਤੇ (ਦਲ) ਵਿਚ।

(5) ਮਾਝੀ ਵਿਚ (ਰ) ਤੋਂ ਪਿਛੋਂ (ਣ) ਨਹੀਂ ਉਚਾਰਿਆ ਜਾਂਦਾ, ਖਾਸ ਕਰਕੇ ਜੇ ਵਿਚਾਲੇ ਕੋਈ ਸ਼ੁਰੂ ਨਾ ਹੋਵੇ ਸਿਰਫ (ਅ) ਹੋਵੇ। ਇਸ ਲਈ ਮਾਝੀ ਉਚਾਰਣ, ਚਰਨ, ਕਰਨ, ਪੂਰਨ ਹੈ ਚਰਣ, ਕਾਰਣ, ਪੂਰਣ ਨਹੀਂ।

(6) ਮਾਝੀ ਵਿਚ ਨਾਸਤਿਕਤਾ ਮਲਵਈ ਨਾਲੋਂ ਕੁਝ ਘੱਟ ਹੈ। (ਇਸ ਦੇ ਉਦਾਹਰਣ ਅੱਗੇ ਮਲਵਈ ਦੇ ਬਿਆਨ ਵਿਚ ਦਿੱਤੇ ਜਾਣਗੇ)।

(7) ਸੰਜੁਗਤ ਵਿਅੰਜਨ ਲਹਿੰਦੀ ਨਾਲੋਂ ਘੱਟ ਉਚਾਰੇ ਜਾਂਦੇ ਹਨ, ਪਰ ਮਲਵਈ, ਪੁਆਧੀ ਤੇ ਡੋਗਰੀ ਨਾਲੋਂ ਜ਼ਿਆਦਾ। ਪ੍ਰਾਂਤ, ਪ੍ਰੀਤ, ਪ੍ਰੇਮ, ਕ੍ਰੋਪ, ਆਦਿ ਵਿਚ ਆਰੰਭਿਕ ਵਿਅੰਜਨਾਂ ਦਾ ਉਚਾਰਣ ਕਿਸੇ ਹੱਕ ਤੱਕ

ਸੰਜੁਗਤ ਹੈ, ਪਰ ਇਨ੍ਹਾਂ ਦੇ ਵਿਚਾਲੇ ਇੱਕ ਛੋਟੇ ਜਿਹੇ ਸਾਰ ਦੇ ਉਚਾਰਣ ਦਾ ਝਾਉਲਾ ਪੈਂਦਾ ਹੈ।

## ਮਾਝੀ ਦੀਆਂ ਵਿਆਕਰਣ ਸੰਬੰਧੀ ਵਿਸ਼ੇਸ਼ਤਾਵਾਂ

(1) ਮਾਝੀ, ਮਲਵਈ ਤੇ ਪੁਆਧੀ ਨਾਲੋਂ ਵਧੇਰੇ ਸੰਜੋਗਾਤਮਕ ਹੈ, ਪਰ ਲਹਿੰਦੀ ਨਾਲੋਂ ਘੱਟ। ਗੱਡੀਓਂ ਉਤਾਰਿਆ, 'ਕੋਠਿਓ ਡਿੱਗਾ', 'ਕੀਤਿਆਂ', 'ਲਿਖਿਆ', 'ਘਰੀਂ ਬੈਠੋਂ', 'ਪਿੰਡੀਂ' ਰਹਿੰਦੇ ਆਦਿ ਸੰਜੋਗਾਤਮਕ ਰੂਪ ਮਾਝੀ ਵਿਚ ਵਰਤੇ ਜਾਂਦੇ ਹਨ, ਪਰ ਪੁਆਧੀ ਤੇ ਮਲਵਈ ਵਿਚ ਇਹ ਨਹੀਂ ਮਿਲਦੇ।

(2) ਮਾਝੀ ਵਿਚ ਹੇਠ ਲਿਖੇ ਪੜਨਾਵੀਂ ਪਿਛੇਤਰ ਅਜੇ ਵਰਤੇ ਜਾਂਦੇ ਹਨ।

- ਈ (ਦੂਜੇ, ਪੁਰਖ, ਇਕ ਵਚਨ ਲਈ) 'ਕੀ ਆਖਿਆਈ ?'
- ਜੇ (ਦੂਜੇ, ਪੁਰਖ, ਬਹੁ ਵਚਨ ਲਈ) 'ਕੀ ਆਖਿਆਜੇ ?'
- ਸੁ (ਤੀਜੇ ਪੁਰਖ, ਇ. ਵਚਨ ਲਈ) 'ਕੀ ਆਖਿਆਸੁ ?'
- ਨੇ (ਤੀਜੇ ਪੁਰਖ, ਬਹੁ ਵਚਨ ਲਈ) 'ਕੀ ਆਖਿਆਨੇ ?'

ਪਰ ਇਨ੍ਹਾਂ ਦੀ ਵਰਤੋਂ ਦੀ ਮਾਤਰਾ ਬਹੁਤ ਘੱਟ ਹੈ।

(3) ਵਿਸ਼ੇਸ਼ਣੀ ਪੜਨਾਂਵ ਦੇ ਪੰਜ ਰੂਪ ਮਿਲਦੇ ਹਨ :

'ਆਹ' : ਜਿਵੇਂ 'ਆਹ ਕਿਤਾਬ', ਜਿਹੜੀ ਬੋਲਣ ਵਾਲੇ ਦੇ ਨੇੜੇ ਤੇ ਸੁਣਨ ਵਾਲੇ ਤੋਂ ਕੁਝ ਦੂਰ ਹੈ।

'ਹਾਹ' : ਜਿਵੇਂ 'ਹਾਹ ਕਿਤਾਬ', ਜਿਹੜੀ ਸੁਣਨ ਵਾਲੇ ਦੇ ਨੇੜੇ ਤੇ ਬੋਲਣ ਵਾਲੇ ਤੋਂ ਹਟਵੀਂ ਹੈ।

'ਇਹ' : 'ਇਹ ਕਿਤਾਬ', ਜਿਹੜੀ ਦੋਹਾਂ ਦੇ ਨੇੜੇ ਹੈ।

'ਔਹ' : 'ਔਹ ਕਿਤਾਬ', ਜਿਹੜੀ ਦੋਵਾਂ ਤੋਂ ਦੂਰ ਹੈ, ਪਰ ਨਜ਼ਰ ਆਉਂਦੀ ਹੈ।

'ਉਹ' : 'ਉਹ ਕਿਤਾਬ', ਜਿਹੜੀ ਅੱਖਾਂ ਦੇ ਸਾਹਵੇਂ ਨਹੀਂ।

(4) ਪ੍ਰਾਚੀਨ ਰੂਪ ਵਾਲੇ ਭੂਤ ਕਿਰਦੰਤ ਮਾਝੀ ਵਿਚ ਮਲਵਈ ਨਾਲੋਂ ਕਾਫ਼ੀ ਜ਼ਿਆਦਾ ਹਨ ਪਰ ਲਹਿੰਦੀ ਨਾਲੋਂ ਘੱਟ। 'ਰਿੰਨ' ਤੋਂ 'ਰਿੱਧਾ' 'ਗੁੰਨ' ਤੋਂ 'ਗੁੱਧਾ' ਆਦਿ ਮਾਝੀ ਵਿਚ ਬੋਲੇ ਜਾਂਦੇ ਹਨ, ਪਰ ਮਲਵਈ ਵਿਚ ਇਨ੍ਹਾਂ ਦੀ ਥਾਂ 'ਰਿੰਨਿਆ' 'ਗੁੰਨਿਆ' ਆਦਿ ਵਰਤੇ ਜਾਂਦੇ ਹਨ।

(5) ਸਹਾਇਕ ਕਿਰਿਆ ਦੇ ਰੂਪ ਸਾਰੀਆਂ ਉਪਭਾਸ਼ਾਵਾਂ ਵਿਚ ਕੁੱਝ ਫ਼ਰਕ ਵਾਲੇ ਹਨ। ਮਾਝੀ ਦੀ ਸਹਾਇਕ ਕਿਰਿਆ ਦਾ ਰੂਪ ਪੁਰਖ-ਵਚਨ ਅਨੁਸਾਰ ਬਦਲਦਾ ਹੈ। ਉਦਾਹਰਣ ਲਈ ਮਾਝੇ ਦੀ ਭੂਤਕਾਲ ਦੀ ਸਹਾਇਕ ਕਿਰਿਆ ਦੇ ਪੰਜ ਰੂਪ ਹਨ। ਸਾਂ, ਸੈਂ, ਸਉ, ਸਨ। (ਮੈਂ ਬੈਠਾ ਸਾਂ, ਅਸੀਂ ਬੈਠੇ ਸਾਂ, ਤੂੰ ਬੈਠਾ ਸੈਂ, ਤੁਸੀਂ ਬਝੇ ਸਉ, ਉਹ ਬੈਠਾ ਸੀ, ਉਹ ਬੈਠੇ ਸਨ।)

ਮਲਵਈ ਵਿਚ ਇਹਨਾਂ ਪੰਜਾਂ ਦੀ ਥਾਂ ਇਕੱਲਾ 'ਸੀ' ਵਰਤਣ ਦੀ ਰੁਚੀ ਹੈ।

(6) ਕੁਝ ਇਸਤਰੀ ਲਿੰਗ ਨਾਵਾਂ ਦਾ ਬਹੁ-ਵਚਨ, ਲਹਿੰਦੀ ਵਾਂਗ, ਈਂ ਪਿਛੇਤਰ ਲਾ ਕੇ ਜਾਣਿਆ ਜਾਂਦਾ ਹੈ, ਜਿਵੇਂ 'ਮੱਛੀਂ', 'ਅੱਖੀਂ', 'ਕਪਾਹੀਂ' ਆਦਿ।

ਪੜਨਾਵੀਂ ਰੂਪ ਵੀ, ਕਈਆਂ ਹਾਲਤਾਂ ਵਿਚ ਦੂਜੀਆਂ ਉਪ-ਭਾਸ਼ਾਵਾਂ ਨਾਲੋਂ ਫ਼ਰਕ ਵਾਲੇ ਹਨ।

| **ਮਾਝੀ** | **ਮਲਵਈ** | **ਲਹਿੰਦੀ** (ਮੁਲਤਾਨੀ) | **ਪਹਾੜੀ** (ਜੰਮੂਆਲੀ) |
|---|---|---|---|
| ਮੈਥੋਂ | ਮੈਤੇ | ਮੈਥੀ | ਮਿੰਥੂੰ |
| ਤੁਹਾਡਾ | ਥੋਡਾ, ਤੁਹਾਡਾ | ਤੁਸਾਡਾ | ਤੁਸੇਂ ਦਾ |
| ਤੈਂਕੂ | ਤੈਨੂੰ | ਤੈਨੂੰ | ਤੁੱਗੀ |

ਸ਼ਬਦਾਵਲੀ ਤੇ ਆਮ ਮੁਹਾਵਰੇ ਦਾ ਵੀ ਕੁੱਝ ਫ਼ਰਕ ਹੈ। ਪਰ ਇਸ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ।

(ਖ) ਮਲਵਈ

ਮਲਵਈ ਜ਼ਿਲ੍ਹਾ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਲੁਧਿਆਣਾ ਦੇ ਪੂਰੇ ਇਲਾਕੇ ਵਿਚ ਬੋਲੀ ਜਾਂਦੀ ਹੈ। ਜ਼ਿਲ੍ਹਾ ਸੰਗਰੂਰ ਤੇ ਪਟਿਆਲਾ ਦੇ ਪੱਛਮੀ ਹਿੱਸਿਆਂ ਵਿਚ ਵੀ ਮਲਵਈ ਹੀ ਪ੍ਰਚੱਲਿਤ ਹੈ। ਇਸ ਤੋਂ ਇਲਾਵਾ ਜਲੰਧਰ ਤੇ ਕਪੂਰਥਲਾ ਦੀ ਭਾਸ਼ਾ ਵੀ ਮਲਵਈ ਨਾਲ ਹੀ ਮਿਲਦੀ ਹੈ। ਹੁਸ਼ਿਆਰਪੁਰ ਦੇ ਕੁੱਝ ਹਿੱਸੇ ਦੀ ਬੋਲੀ ਦੇ ਵਧੇਰੇ ਲੱਛਣ ਮਲਵਈ ਵਾਲੇ ਹੀ ਹਨ।

## ਮਲਵਈ ਦੀਆਂ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ

(i) ਸ਼ਬਦਾਂ ਦੇ ਆਰੰਭ ਵਿਚ ਆਉਣ ਵਾਲਾ (ਵ) ਬਹੁਤਿਆਂ ਸ਼ਬਦਾਂ ਵਿਚ (ਬ) ਉਚਾਰਿਆ ਜਾਂਦਾ ਹੈ, ਜਿਵੇਂ 'ਬੀਹ' (ਵੀਹ), 'ਬਾਲ' (ਵਾਲ), 'ਬੀਰ' (ਵੀਰ) ਆਦਿ।

(ii) ਵਿਚਾਲੇ ਆਉਣ ਵਾਲਾ (ਵ) ਕਈ ਥਾਈਂ (ਮ) ਉਚਾਰਿਆ ਜਾਂਦਾ ਹੈ ......... ਤੀਮੀਂ (ਤੀਵੀਂ) 'ਜਾਮਾਂਗਾ' (ਜਾਵਾਂਗਾ) ਆਦਿ।

(iii) (ਹ) ਮਾਝੀ ਵਿਚ ਸਿਰਫ਼ ਸ਼ਬਦਾਂ ਦੇ ਵਿਚਾਲੇ ਹੀ ਉਚਾਰਿਆ ਜਾਂਦਾ ਹੈ, ਜੋ ਇਸ ਦੇ ਪਿਛੇ ਕੋਈ ਦੀਰਘ ਸ਼ੁਰੂ ਹੋਵੇ। 'ਕੁਹਾੜੀ', 'ਪਹਾੜ', 'ਸੁਹਾਗਾ' ਆਦਿ ਸ਼ਬਦਾਂ ਦਾ ਮਲਵਈ ਉਚਾਰਣ ਠੀਕ ਲਿਖੇ ਅਨੁਸਾਰ ਹੈ, ਪਰ ਮਾਝੀ ਵਿਚ ਇਹ (ਹ) ਸ਼ੁਰੂ ਵਿਚ ਬਦਲ ਜਾਂਦਾ ਹੈ।

(iv) ਉਪਰੋਕਤ (iii) ਕਰਕੇ ਮਲਵਈ ਵਿਚ ਨੀਵੀਂ ਸ਼ੁਰੂ ਦੀ ਵਰਤੋ ਮਾਤਰਾ ਮਾਝੀ ਨਾਲੋਂ ਘੱਟ ਹੈ।

(v) ਨਾਸਕਿਤਾ ਮਾਝੀ ਨਾਲੋਂ ਕੁਝ ਜ਼ਿਆਦਾ ਹੈ।

| **ਮਲਵਈ** | **ਮਾਝੀ ਰੂਪ** |
|---|---|
| ਚਾਹੀਂਦਾ, ਖਾਈਂਦਾ | ਚਾਹੀਦਾ, ਖਾਈਦਾ |
| ਕਰਦੇਓਂ, ਲਿਖਦੇਓਂ | ਕਰਦੇ ਓ, ਲਿਖਦੇ ਓ |
| ਹੈਂਗਾ ਸੀ | ਹੈਗਾ ਸੀ |
| ਪੂੰਛ | ਪੂਛ |
| ਤਾਂਸ | ਤਾਸ਼ |

(vi) ਸੰਜੁਗਤ ਵਿਅੰਜਨ ਮਾਝੀ ਨਾਲੋਂ ਵੀ ਘੱਟ ਉਚਾਰੇ ਜਾਂਦੇ ਹਨ।

(vii) ਉਲਟ-ਜੀਭੀ (ਲ) ਮਲਵਈ ਵਿਚ ਆਮ ਉਚਾਰਿਆ ਜਾਂਦਾ ਹੈ, ਅਤੇ ਮਾਝੀ ਵਾਲਾ ਨਖੇੜੂ ਗੁਣ ਏਥੇ ਵੀ ਮੌਜੂਦ ਹੈ।

ਮਲਵਈ ਦੀਆਂ ਵਿਆਕਰਣਕ ਵਿਸ਼ੇਸ਼ਤਾਵਾਂ

(i) 'ਹੱਥੀ ਕੀਤਾ' 'ਕੰਨੀ ਸੁਣਿਆ' 'ਅੱਖੀਂ ਦੇਖਿਆ, ਆਦਿ ਵਿਚ ਆਏ ਸੰਜੋਗਾਤਮਕ ਰੂਪ ਹੱਥੀ ਕੰਨੀਂ ਅੱਖੀ ਮਲਵਈ ਵਿਚ ਨਹੀਂ ਮਿਲਦੇ। ਇਸ ਤਰ੍ਹਾਂ ਮਾਝੀ ਨਾਲੋਂ ਮਲਵਈ ਘੱਟ ਸੰਜੋਗਾਤਮਕ ਹੈ। (ਉਦਾਹਰਣ ਲਈ ਵੇਖੋ ਮਾਝੀ ਦੀ ਵਿਵਰਣ)

(ii) ਭਵਿੱਖਤ ਦੀ ਕਿਰਿਆ ਦਾ ਸਟੈਂਡਰਡ ਪੰਜਾਬੀ ਨਾਲੋਂ ਫ਼ਰਕ ਹੈ :

| **ਸਟੈਂਡਰਡ ਪੰਜਾਬੀ** | **ਮਲਵਈ** |
|---|---|
| ਮੈਂ ਜਾਵਾਂਗਾ | ਮੈਂ ਜਾਊਂਗਾ/ਜਾਮਾਂਗਾ |
| ਅਸੀਂ ਜਾਵਾਂਗੇ | ਅਸੀਂ ਜਾਊਂਗੇ/ਜਾਮਾਂਗੇ |

| | |
|---|---|
| ਤੂੰ ਜਾਏਂਗਾ | ਤੂੰ ਜਾਮੇਂਗਾ |
| ਤੁਸੀਂ ਜਾਓਗੇ | ਤੁਸੀਂ ਜਾਊਂਗੇ/ਜਾਮੋਂਗੇ |
| ਉਹ ਜਾਏਗਾ | ਉਹ ਜਾਊਗਾ |
| ਉਹ ਜਾਣਗੇ | ਉਹ ਜਾਊਗੇ/ਜਾਣਗੇ |

(iii) ਸਹਾਇਕ ਕਿਰਿਆ ਦੇ ਰੂਪਾਂ ਦਾ ਵੀ ਫ਼ਰਕ ਹੈ (ਵੇਰਵੇ ਲਈ ਵੇਖੋ ਮਾਝੀ ਦੀ ਵਿਵਰਣ)

(iv) ਲਹਿੰਦੀ ਵਿਚ ਪੜਨਾਵੀਂ ਪਿਛੇਤਰ ਬਹੁਤ ਵਰਤੇ ਜਾਂਦੇ ਹਨ, ਮਾਝੀ ਵਿਚ ਬਹੁਤ ਘੱਟ ਹੈ। ਪਰ ਮਲਵਈ ਵਿਚ ਬਿਲਕੁਲ ਨਹੀਂ ਮਿਲਦੇ।

(v) ਲਹਿੰਦੀ ਵਿਚ ਪ੍ਰਾਚੀਨ-ਰੂਪ ਵਾਲੇ ਭੂਤ-ਕਿਰਦੰਤ ਬਹੁਤ ਹਨ, ਮਾਝੀ ਵਿਚ ਵੀ ਕਾਫ਼ੀ ਹਨ, ਪਰ ਮਲਵਈ ਵਿਚ ਅਜਿਹੇ ਭੂਤ-ਕਿਰਦੰਤ ਥੋੜ੍ਹੇ ਹਨ – ਪੀਤਾ, ਦਿੱਤਾ, ਖਾਧਾ ਅਤੇ ਕਈਆਂ ਥਾਵਾਂ ਤੇ ਕੀਤਾ ਵੀ ਬੋਲਿਆ ਜਾਂਦਾ ਹੈ, ਮਲਵਈ ਦੇ ਵਧੇਰੇ ਇਲਾਕੇ ਵਿਚ ਕਰੀਦਾ ਭੂਤ – ਕਿਰਦੰਤ ਕਿਰਿਆ ਹੈ।

ਸ਼ਬਦਾਵਲੀ

ਮਲਵਈ ਦੇ ਕਈ ਪੜਨਾਵੀਂ ਰੂਪ ਵੀ ਸਟੈਂਡਰਡ ਪੰਜਾਬੀ ਨਾਲੋਂ ਵੱਖਰੇ ਹਨ। ਆਮ ਮਲਵਈ ਦਾ ਵਿਸ਼ੇਸ਼ ਪੜਨਾਵਾਂ ਹੈ ਜੋ ਮਾਝੀ ਲਹਿੰਦੀ ਆਦਿ ਵਿਚ ਨਹੀਂ ਮਿਲਦਾ। ਮੇਰੇ, ਸਾਤੇ, ਥੋਨੂੰ, ਥੁਆਨੂੰ, ਥੋਡਾ, ਥੋਡਾ, ਉਹਨੇ, ਕੀਹਨੇ, ਜੀਹਨੇ, ਆਪਾਂ ਆਦਿ ਮਲਵਈ ਦੇ ਵਿਸ਼ੇਸ਼ ਪੜਨਾਵੀਂ ਰੂਪ ਹਨ।

ਇਵੇਂ ਹੀ ਕੁਝ ਕਿਰਿਆ ਵਿਸ਼ੇਸ਼ਣ ਵੀ ਵਖਰੇ ਰੂਪ ਵਾਲੇ ਹਨ।

ਜਦ, ਕਦ, ਕਾਹਦੇ, ਕੌਥੇ ਆਦਿ।

ਸ਼ਬਦਾਵਲੀ ਦਾ ਕੁਝ ਹੋਰ ਹਾਲਤਾਂ ਵਿਚ ਵੀ ਫ਼ਰਕ ਹੈ :

ਆਥਣ (ਤਿਕਾਲਾਂ), ਸਾਹਜਰੇ (ਸੁਵਖਤੇ), ਕੱਖ (ਪੱਠੇ), ਕੁਲਾੜੀ (ਵੇਲਣਾ), ਖੁਰਪਾ (ਰੰਬਾ), ਖੜ੍ਹ (ਖਲੋ), ਗਧਾ (ਖੋਤਾ), ਬਾਹਲਾ (ਬਹੁਤਾ), ਰੇਹ (ਰੂੜੀ) ਆਦਿ।

## (ਗ) ਪੁਆਧੀ

ਪੁਆਧੀ ਪੂਰੇ ਜ਼ਿਲ੍ਹਾ ਰੋਪੜ ਵਿਚ, ਜ਼ਿਲ੍ਹਾ ਪਟਿਆਲਾ ਤੇ ਸੰਗਰੂਰ ਦੇ ਪੱਛਮੀ ਹਿੱਸਿਆਂ ਵਿਚ, ਜ਼ਿਲ੍ਹਾ ਅੰਬਾਲਾ ਦੀ ਤਹਿਸੀਲ ਨਾਰਾਇਣਗੜ੍ਹ ਦੇ ਵਧੇਰੇ ਹਿੱਸੇ ਵਿਚ, ਥਾਣਾ ਸਦਰ ਅੰਬਾਲਾ ਵਿਚ, ਇਲਾਕਾ ਕਾਲਕਾ ਵਿਚ ਅਤੇ ਜ਼ਿਲ੍ਹਾ ਕਰਨਾਲ ਤੇ ਜੀਂਦ ਦੇ ਕੁਝ ਇਲਾਕਿਆਂ ਵਿਚ ਬੋਲੀ ਜਾਂਦੀ ਹੈ। ਜ਼ਿਲ੍ਹਾ ਲੁਧਿਆਣਾ ਦੀ ਉੱਤਰ-ਪੱਛਮ ਨੁੱਕਰ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਰੋਪੜ ਨਾਲ ਲਗਦੇ ਇਲਾਕੇ ਦੀ ਬੋਲੀ ਉੱਤੇ ਵੀ ਪੁਆਧੀ ਦਾ ਪ੍ਰਭਾਵ ਹੈ।

ਪੁਆਧੀ ਦੇ ਵਧੇਰੇ ਲੱਛਣ ਮਲਵਈ ਵਾਲੇ ਹਨ, ਸਿਰਫ਼ ਇਸ ਬੋਲੀ ਉਤੇ ਬਾਂਗਰੂ ਦਾ ਕੁਝ ਪ੍ਰਭਾਵ ਹੈ।

ਪੁਆਧੀ ਦੀਆਂ ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ

(i) ਪੁਆਧੀ ਵਿਚ ਵੀ ਮਲਵਈ ਵਾਂਗ, ਆਰੰਭਕ (ਵ) (ਬ) ਵਿਚ ਬਦਲ ਜਾਂਦਾ ਹੈ ਜਿਵੇਂ ਬਾਲ (ਵਾਲ), ਬੀਹ (ਵੀਹ), ਬੇਲਣਾ (ਵੇਲਣਾ) ਆਦਿ।

(ii) ਸ਼ਬਦਾਂ ਦੇ ਵਿਚਾਲੇ ਆਉਣ ਵਾਲਾ (ਵ) ਆਮ ਤੌਰ ਤੇ (ਮ) ਉਚਾਰਿਆ ਜਾਂਦਾ ਹੈ – ਖਾਮਾਂ (ਖਾਵਾਂ), ਦਸਮਾਂ (ਦਸਵਾਂ), ਤੀਮੀਂ (ਤੀਵੀਂ) ਆਦਿ।

(iii) (ਹ) ਦੇ ਉਚਾਰਣ ਦੀ ਵਿਉਂਤ ਠੀਕ ਮਲਵਈ ਵਾਂਗ ਹੈ, ਅਤੇ ਮਲਵਈ ਵਾਂਗ ਹੀ ਇਸ ਉਪਬੋਲੀ ਵਿਚ ਨੀਵੀਂ ਸੁਰ ਮਾਝੀ ਨਾਲੋਂ ਘੱਟ ਹੈ।

(iv) ਉਲਟ-ਜੀਭੀ (ਲ) ਪੁਆਧੀ ਦੇ ਸਾਰੇ ਇਲਾਕੇ ਵਿਚ ਉਚਾਰਿਆ ਜਾਂਦਾ ਹੈ। ਅਣ (ਣ) ਦੀ ਵਰਤੋਂ

ਸਟੈਂਡਰਡ ਪੰਜਾਬੀ ਵਾਂਗ ਹੈ।

### ਪੁਆਧੀ ਦੇ ਵਿਆਕਰਣਕ ਲੱਛਣ

(i) ਇਹ ਉਪ ਬੋਲੀ ਮਲਵਈ ਨਾਲੋਂ ਵੀ ਵਧੇਰੇ ਵਿਜੋਗਾਤਮਕ ਹੈ। ਮਲਵਈ ਵਿਚ 'ਏਥੋਂ' 'ਉਥੋਂ' 'ਸ਼ਹਿਰੋਂ' ਆਦਿ ਅਪਾਦਾਨ ਕਾਰਕ ਦੇ ਸੰਜੋਗਾਤਮਕ ਰੂਪ ਆਮ ਮਿਲਦੇ ਹਨ, ਪਰੰਤੂ ਪੁਆਧੀ ਵਿਚ ਇਨ੍ਹਾਂ ਦੀ ਥਾਂ 'ਏਥੇ ਤੇ, ਉਥੇ ਤੇ, ਸ਼ਹਿਰ ਤੇ' ਆਦਿ ਬੋਲਿਆ ਜਾਂਦਾ ਹੈ।

(ii) ਪੁਆਧੀ ਵਿਚ ਭੂਤ ਕਾਲ ਦੀ ਸਹਾਇਕ ਕਿਰਿਆ (ਤ) ਨਾਲ ਬਣਦੀ ਹੈ, ਅਤੇ ਮਾਝੀ ਮਲਵਈ ਆਦਿ ਵਾਂਗ ਇਹ ਪੁਰਖ ਵਚਨ ਅਨੁਸਾਰ ਨਹੀਂ ਬਦਲਦੀ, ਸਗੋਂ ਲਿੰਗ-ਵਚਨ ਅਨੁਸਾਰ ਬਦਲਦੀ ਹੈ, ਤਾਂ ਤੇ ਤੀ ਤੀਆਂ। ਜਿਵੇਂਬੈਠਾ ਤਾ, ਬੈਠੀ ਤੀ, ਬੈਠੀਆ ਤੀਆਂ।

(iii) ਪੁਆਧੀ ਦੇ ਭਵਿੱਖਤ ਦੇ ਰੂਪ, ਵਧੇਰੇ ਹਾਲਤਾਂ ਵਿਚ ਮਲਵਈ ਨਾਲ ਮਿਲਦੇ ਹਨ।

(iv) ਪ੍ਰਾਚੀਨ ਰੂਪ ਵਿਚ ਭੂਤ ਕਿਰਦੰਤ ਪੁਆਧੀ ਵਿਚ ਬਿਲਕੁਲ ਨਹੀਂ ਮਿਲਦੇ, ਸਿਰਫ ਇਕ 'ਪੀਤਾ' ਹੀ ਸਾਰੇ ਇਲਾਕਿਆਂ ਵਿਚ ਉਚਾਰਿਆ ਜਾਂਦਾ ਹੈ।

### ਸ਼ਬਦਾਵਲੀ

(i) ਕੁਝ ਖੇਤਰਾਂ ਵਿਚ ਕਈ ਪੜਨਾਵੀਂ ਰੂਪ ਬੜੇ ਓਪਰੇ ਜਿਹੇ ਜਾਪਦੇ ਹਨ - ਹਮੇਂ (ਅਸੀਂ), ਤਮ੍ਹੇਂ (ਤੁਸੀਂ), ਮਾਰ੍ਹ (ਸਾਡਾ), ਥਾਰ੍ਹਾ, ਮਾਨ੍ਹੂੰ, ਥਾਨ੍ਹੂੰ ਆਦਿ। ਪਰ ਨਵੀਂ ਪੀੜ੍ਹੀ ਦੀ ਭਾਸ਼ਾ ਵਿਚੋਂ ਅਜਿਹੇ ਰੂਪ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ।

(ii) ਕੁਝ ਇਲਾਕਿਆਂ ਵਿਚ ਦਾ, ਦੇ, ਦੀਆਂ ਦੇ ਨਾਲ ਨਾਲ 'ਕਾ, ਕੇ, ਕੀ, ਕੀਆ' ਵਰਤੇ ਜਾਂਦੇ ਹਨ।

(iii) ਕੁਝ ਹੋਰ ਸੰਬੰਧਕ ਵੀ ਸਟੈਂਡਰਡ ਪੰਜਾਬੀ ਨਾਲੋਂ ਵੱਖਰੇ ਹਨ। ਗੈਲ (ਲਾਗੇ ਨਾਲ), ਮਾਂਹ/ਮਾਂ (ਵਿਚ) ਪਰ/ਪੁਰ ਉਤੇ ਆਦਿ।

(iv) (ਆਮ ਸ਼ਬਦਾਵਲੀ ਦਾ ਵੀ ਸਟੈਂਡਰਡ) ਪੰਜਾਬੀ ਨਾਲੋਂ ਕਾਫ਼ੀ ਫ਼ਰਕ ਮਿਲਦਾ ਹੈ। ਭਿੱਟ (ਭਰਵੱਟਾ), ਚਾਸ਼ਨੀ (ਕੜਾਹੀ), ਗੈਂ (ਗਾਂ), ਮੈਂਸ (ਮੱਝ), ਇੱਖ (ਕਮਾਦ), ਪੂਰਵਾ (ਚੜ੍ਹਦਾ), ਛਿਪਦਾ (ਲਹਿੰਦਾ) ਆਦਿ।

## (ਅ) ਲਹਿੰਦੀ

ਪਾਕਿਸਤਾਨੀ ਇਲਾਕਿਆਂ ਦੀ ਬੋਲੀ ਮੁੱਖ-ਰੂਪ ਵਿਚ ਲਹਿੰਦੀ ਹੈ। ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੀ ਭਾਸ਼ਾ ਮਾਝੀ ਹੈ, ਸਿਆਲਕੋਟ ਤੇ ਗੁਜਰਾਂਵਾਲੇ ਦੀ ਭਾਸ਼ਾ ਮਾਝੀ ਨਾਲ ਮਿਲਦੀ ਹੈ, ਪਰ ਇਸ ਉੱਤੇ ਲਹਿੰਦੀ ਦਾ ਚੋਖਾ ਪ੍ਰਭਾਵ ਹੈ। ਪਾਕਿਸਤਾਨ ਦੇ ਅਧੀਨ ਜੰਮੂ ਤੇ ਪੁਣਛ ਦੇ ਖੇਤਰਾਂ ਦੀ ਬੋਲੀ ਪਹਾੜੀ ਹੈ। ਬਾਕੀ ਸਾਰੇ ਪਾਕਿਸਤਾਨੀ ਪੰਜਾਬ, ਉੱਤਰ ਪੱਛਮੀ ਸੀਮਾ ਪ੍ਰਾਂਤ ਤੇ ਸਿੰਧ ਦੇ ਪੰਜਾਬੀ/ਭਾਸ਼ਾ ਇਲਾਕਿਆਂ ਦੀ ਬੋਲੀ ਵੀ ਲਹਿੰਦੀ ਹੈ। ਪਰ ਪਾਕਿਸਤਾਨ ਦੇ ਸਾਹਿਤਕਾਰ ਮਾਝੀ ਨੂੰ ਹੀ ਸਟੈਂਡਰਡ ਮੰਨਦੇ ਹਨ। ਲਹਿੰਦੀ ਦਾ ਸਟੈਂਡਰਡ ਰੂਪ ਮੁਲਤਾਨੀ ਹੈ, ਅੱਗੇ ਦਿੱਤਾ ਗਿਆ ਵਿਗਿਆਨਕ ਵਿਸ਼ਲੇਸ਼ਣ ਮੁਲਤਾਨੀ ਦਾ ਹੀ ਹੈ।

### ਲਹਿੰਦੀ ਦੀਆਂ ਧੁਨੀਆਂ

(i) ਲਹਿੰਦੀ ਵਿਚ (ਘ, ਝ, ਢ, ਧ, ਭ) ਦੇ ਉਚਾਰਣ ਠੀਕ ਨਾਂਦੀ, ਮਹਾਂਪ੍ਰਾਣ ਹਨ। ਅਰਥਾਤ ਇਹ ਧੁਨੀਆਂ ਲਹਿੰਦੀ ਵਿਚ ਉਚਾਰੀਆਂ ਜਾਂਦੀਆਂ ਹਨ।

(ii) ਸੁਰ ਦੀ ਵਰਤੋਂ ਪੂਰਬੀ ਤੇ ਪਹਾੜੀ ਪੰਜਾਬੀ ਨਾਲੋਂ ਘੱਟ ਹੈ। ਨੀਵੀਂ ਸੁਰ ਲਹਿੰਦੀ ਵਿਚ ਨਹੀਂ ਉਚਾਰੀ ਜਾਂਦੀ। ਮਾਝੀ ਤੇ ਪਹਾੜੀ ਦੇ ਨਾਲ ਲਗਦੇ ਖੇਤਰਾਂ ਵਿਚ ਨੀਵੀਂ ਸੁਰ ਹੈ, ਬਾਕੀ ਬਹੁਤ ਥੋੜ੍ਹੇ ਇਲਾਕੇ

ਵਿਚ ਨੀਵੀਂ ਸੁਰ ਦਾ ਪ੍ਰਭਾਵ ਹੈ।

(iii) (ਹ) ਸ਼ਬਦਾਂ ਦੇ ਅੰਤ ਵਿਚ ਤੇ ਵਿਚਾਲੇ ਪੂਰਾ ਉਚਾਰਿਆ ਜਾਂਦਾ ਹੈ। ਅੰਤਮ (ਹ) ਕਈਆਂ ਇਲਾਕਿਆਂ ਵਿਚ ਉਚਾਰੀਦਾ ਹੈ, ਕਈਆਂ ਵਿਚ ਇਸ ਦੀ ਥਾਂ ਉੱਚੀ ਸੁਰ ਉਚਾਰੀ ਜਾਂਦੀ ਹੈ।

(iv) ਉਲਟ-ਜੀਭੀ (ਲ਼) ਲਹਿੰਦੀ ਵਿਚ ਨਹੀਂ ਮਿਲਦਾ।

(v) ਸਰਾ ਵਿਚ (ਅ) ਲਹਿੰਦੀ ਵਿਚ ਬਹੁਤ ਘੱਟ ਹੈ, ਇਸ ਦੀ ਥਾਂ ਦੋਸੰਧੀ ਸੁਰ (ਅਉ) ਵਰਤਿਆ ਜਾਂਦਾ ਹੈ, ਅਤੇ 'ਮੌਤ, ਫ਼ੌਜ' ਆਦਿ ਸ਼ਬਦਾਂ ਦੀ ਲਹਿੰਦੀ ਦੇ ਵਧੇਰੇ ਇਲਾਕੇ ਵਿਚ ਉਚਾਰਣ 'ਮਉਤ' 'ਫਉਜ' ਆਦਿ ਹੈ।

(vi) ਸੰਜੁਗਤ ਵਿਅੰਜਨ ਪੂਰਬੀ ਤੇ ਡੋਗਰੀ ਨਾਲੋਂ ਵਧੇਰੇ ਹਨ, ਅਤੇ ਅਜਿਹੇ ਵਿਅੰਜਨਾਂ ਦਾ ਉਚਾਰਣ ਵੀ ਵਧੇਰੇ ਸੰਯੁਕਤ ਰੂਪ ਵਾਲਾ ਹੈ। ਸੂਤ੍ਰ, ਪੁਤ੍ਰ, ਨੀਂਤ੍ਰ ਆਦਿ ਦੇ ਅੰਤਿਮ ਵਿਅੰਜਨ ਸੰਯੁਕਤ ਉਚਾਰੇ ਜਾਂਦੇ ਹਨ।

(vii) ਦਬਾ (stress) ਲਹਿੰਦੀ ਦਾ ਵਿਸ਼ੇਸ਼ ਗੁਣ ਹੈ, ਅਤੇ ਕਈ ਸ਼ਬਦ ਅਜਿਹੇ ਹਨ, ਜਿਨ੍ਹਾਂ ਦੇ ਪੂਰਬੀ ਪੰਜਾਬੀ ਉਚਾਰਣ ਵਿਚ ਦਬਾਉ ਨਹੀਂ, ਪਰ ਲਹਿੰਦੀ ਦਾ ਉਚਾਰਣ ਦਬਾ ਵਾਲਾ ਹੈ। 'ਅੱਮਾਂ', 'ਤੁਸਾ', ਪੜਨਾਂਵ ਦੀ ਦਬਾ-ਯੁਕਤ ਹਨ।

(viii)ਨਾਸਿਕਤਾ ਦਾ ਵੀ, ਕਈਆਂ ਸ਼ਬਦਾਂ ਵਿਚ, ਸਟੈਂਡਰਡ ਪੰਜਾਬੀ ਨਾਲੋਂ ਫ਼ਰਕ ਹੈ।

| ਸਟੈਂਡਰਡ ਪੰਜਾਬੀ | ਲਹਿੰਦੀ (ਮੁਲਤਾਨੀ) |
|---|---|
| ਸੰਘ | ਸੱਘ |
| ਕੰਘਾ | ਕੱਘਾ |
| ਕੰਧ | ਕੱਧ |
| ਖੰਘ | ਖੱਘ |
| ਮੰਢਾ | ਮੇਂਢਾ |

## ਵਿਆਕਰਨ ਲੱਛਣ

(i) ਲਹਿੰਦੀ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿਚੋਂ ਵਧੇਰੇ ਸੰਜੋਗਾਤਮਕ ਹੈ। ਕਾਰਕੀ ਪਿਛੇਤਰਾਂ ਦੀ ਵਰਤੋਂ ਇਸ ਉਪਭਾਸ਼ਾ ਵਿਚ ਬਾਕੀ ਉਪਭਾਸ਼ਾਵਾਂ ਨਾਲੋਂ ਵਧੇਰੇ ਹੁੰਦੀ ਹੈ। ਪਰ ਸੰਜੋਗਾਤਮਕ ਦਾ ਵੱਡਾ ਕਾਰਣ ਪੜਨਾਵੀਂ ਪਿਛੇਤਰ ਹਨ।

(ii) ਲਹਿੰਦੀ ਵਿਚ ਪੜਨਾਵੀਂ ਪਿਛੇਤਰ ਅਜੇ ਵੀ ਚੋਖੇ ਵਰਤੇ ਜਾਂਦੇ ਹਨ। 'ਮਰੇਸੀ' (ਉਹ ਮਾਰੇਗਾ), 'ਮਰੇਸੀਆ' (ਉਹ ਤੈਨੂੰ ਮਾਰੇਗਾ) 'ਮਰੇਸੀਆਈ' (ਵੇਖ ਉਹ ਤੈਨੂੰ ਮਾਰੇਗਾ) ਏਥੇ 'ਮਰੇਸੀਆ' ਅਤੇ 'ਮਰੇਸੀਆਈ' ਦੋਵੇਂ ਰੂਪ ਪੜਨਾਵੀਂ ਪਿਛੇਤਰ ਕਹਿੰਦੇ ਹਨ। ਇਵੇਂ ਹੀ 'ਕੀਤੋਈ', ਵਿਚ 'ਇ.' ਤੂੰ ਲਈ ਅਤੇ 'ਕੀਤੋਸੂ' ਵਿਚ 'ਸੁ' ਉਸ ਲਈ ਵਰਤਿਆ ਗਿਆ ਹੈ। ਇਹ ਦੋਵੇਂ ਹੀ ਪੜਨਾਵੀਂ ਪਿਛੇਤਰ ਹਨ।

(iii) ਸੰਜੋਗਾਤਮਕ ਭਾਸ਼ਾ ਹੋਣ ਕਰਕੇ ਲਹਿੰਦੀ ਵਿਚ ਸੰਬਧਕਾਂ ਦੀ ਵਰਤੋਂ ਘੱਟ ਹੁੰਦੀ ਹੈ। ਸਬੰਧਕ 'ਨੇ ' ਬਿਲਕੁਲ ਨਹੀਂ ਮਿਲਦਾ।

(vi) ਭਵਿੱਖਤ ਦੀ ਕਿਰਿਆ ਦੀ ਪੂਰਬੀ ਪੰਜਾਬੀ ਨਾਲੋਂ ਚੋਖੇ ਫ਼ਰਕ ਵਾਲਾ ਹੈ। ਪੂਰਬੀ ਪੰਜਾਬੀ ਤੇ ਪਹਾੜੀ ਪੰਜਾਬੀ ਵਿਚ ਭਵਿੱਖਤ ਦਾ ਭਾਵ ਦੇਣ ਵਾਲੀ ਧੁਨੀ (ਗ) ਹੈ, ਲਹਿੰਦੀ ਵਿਚ ਇਹ ਅੰਸ਼ (ਸ) ਹੈ। ਪਰ ਵੱਡਾ ਫ਼ਰਕ ਇਹ ਹੈ ਕਿ ਲਹਿੰਦੀ ਵਿਚ ਇਹ ਕਿਰਿਆ ਪੁਰਖ-ਵਚਨ ਅਨੁਸਾਰ ਬਦਲਦੀ ਹੈ। ਪੂਰਬੀ ਤੇ ਪਹਾੜੀ ਪੰਜਾਬੀ ਵਾਂਗ ਲਿੰਗ-ਵਚਨ ਅਨੁਸਾਰ ਨਹੀਂ। 'ਮੈਂ ਲਿਖਸਾਂ', 'ਅਸਾਂ ਲਿਖਸੁੰ', 'ਤੂੰ ਲਿਖਸੇ', 'ਤੁਸੀਂ ਲਿਖਸੋਂ,', 'ਉਹ ਲਿਖਸੀ', 'ਲਿਖਸਨ' ਆਦਿ ਭਵਿੱਖਤ ਦੇ ਰੂਪ ਹਨ।

## ਸ਼ਬਦਾਵਲੀ

(i) ਕੁਝ ਵਿਸ਼ੇਸ਼ਣੀ-ਪੜਨਾਵ ਵਿਚ ਲਿੰਗ ਭੇਦ ਹੈ :

| ਪੁਲਿੰਗ | ਇਸਤਰੀ ਲਿੰਗ |
|---|---|
| ਕਈ | ਕਾਈ |
| ਏਹੋ | ਏਹਾ |
| ਸੋਈ | ਸਾਈ |

(ii) ਕੁਝ ਹੋਰ ਪੜਨਾਵੀਂ ਰੂਪ ਵੀ ਸਟੈਂਡਰਡਰ ਪੰਜਾਬੀ ਫ਼ਰਕ ਵਾਲੇ ਹਨ : ਕੇਂਹ (ਕਿਨ); ਜੈਂਹ (ਜਿਨ) ਇਨ੍ਹਾਂ (ਇਹਨਾਂ) ਉਨ੍ਹਾਂ (ਉਹਨਾਂ) ਆਦਿ।

(iii) ਆਮ ਸ਼ਬਦਾਵਲੀ ਦਾ ਫ਼ਰਕ ਵੀ, ਕਈਆਂ ਹਾਲਤਾਂ ਵਿਚ, ਕਾਫ਼ੀ ਉਘੜਵਾਂ ਹੈ, ਹਲੋਤ਼ (ਵਾਹੁਣ) ਕੰਨੀਂ (ਧੌਣ), ਗੱਦੋਂ (ਖੋਤਾ), ਗੁੱਲਰ (ਕਤੂਰਾ) ਛੋਹਰਾ ਮੁੰਡਾ, ਛੋਹਿਰ (ਕੁੜੀ), ਜਾਲ (ਤੀਵੀਂ) ਵਨਵਾੜ (ਕਪਾਹ ਦੀ ਫ਼ਸਲ)।

## ਡੋਗਰੀ

ਡੋਗਰੀ ਡਾ. ਗ੍ਰਿਅਰਸਨ ਨੇ ਪਹਾੜੀ ਖੇਤਰਾਂ ਵਿਚ ਬੋਲੀ ਜਾਂਦੀ ਪੰਜਾਬੀ ਉਪਭਾਸ਼ਾ ਨੂੰ ਕਿਹਾ ਹੈ। ਪੰਜਾਬੀ ਦੀ ਆਪਣੀ ਪਰੰਪਰਾ ਅਨੁਸਾਰ ਡੋਗਰੀ ਰਿਆਸਤ ਜੰਮੂ ਦੀ ਬੋਲੀ ਨੂੰ ਕਿਹਾ ਜਾਂਦਾ ਹੈ। ਪਰ ਗ੍ਰਿਅਰਸਨ ਦੁਆਰਾ ਨਿਸ਼ਚਿਤ ਕੀਤਾ ਗਿਆ ਨਾਮ ਕਾਫ਼ੀ ਪ੍ਰਸਿੱਧ ਹੋ ਚੁੱਕਾ ਹੈ, ਇਸ ਲਈ ਹੁਣ ਇਸ ਨੂੰ ਬਦਲਣ ਦੇ ਯਤਨ ਕਰਨ ਨਾਲ ਭੁਲੇਖਾ ਵਧੇਗਾ। ਫਿਰ ਵੀ ਇਸ ਸਪਸ਼ਟ ਗਲਤੀ ਨੂੰ ਕੁਝ ਠੀਕ ਕਰਨ ਲਈ ਅਸਾਂ ਪਹਾੜੀ ਖੇਤਰਾਂ ਦੀ ਪੰਜਾਬੀ ਨੂੰ 'ਪਹਾੜੀ ਪੰਜਾਬੀ' ਕਿਹਾ ਹੈ ਅਤੇ ਜੰਮੂ ਦੀ ਬੋਲੀ ਨੂੰ ਵੀ 'ਡੋਗਰੀ' ਦੀ ਬਜਾਇ 'ਜੰਮੂਆਲੀ' ਅਰਥਾਤ 'ਜੰਮੂ ਦੀ ਬੋਲੀ' ਦਾ ਨਾਮ ਦਿੱਤਾ ਹੈ।

ਪਹਾੜੀ ਪੰਜਾਬੀ ਜ਼ਿਲ੍ਹਾ ਕਾਂਗੜਾ (ਮੰਡੀ ਸਮੇਤ), ਸ਼ਿਮਲੇ ਦੇ ਕੁਝ ਇਲਾਕੇ, ਕੁੱਲੂ-ਘਾਟੀ ਦੇ ਕੁਝ ਹਿੱਸੇ, ਜ਼ਿਲ੍ਹਾ ਚੰਬਾ ਦੇ ਦੱਖਣੀ ਤੇ ਦੱਖਣ-ਪੱਛਮੀ ਹਿੱਸੇ, ਰਿਆਸਤ ਜੰਮੂ ਪੂਰੀ ਅਤੇ ਪੁਣਛ ਦੇ ਪੂਰੇ ਖੇਤਰ ਵਿਚ ਬੋਲੀ ਵਿਚ ਚੋਖਾ ਫ਼ਰਕ ਹੈ। ਅਸਲ ਵਿਚ ਇਨ੍ਹਾਂ ਸਾਰੀਆਂ ਬੋਲੀਆਂ ਦੇ ਸਾਂਝੇ ਲੱਛਣ ਵੀ ਬਹੁਤ ਜ਼ਿਆਦਾ ਨਹੀਂ। ਫੇਰ ਇਨ੍ਹਾਂ ਨੂੰ ਇਕੋ ਉਪਭਾਸ਼ਾ ਸਵੀਕਾਰ ਕਰਨਾ ਗ਼ਲਤ ਨਹੀਂ। ਜੰਮੂ ਦੀ ਬੋਲੀ ਸਭ ਨਾਲੋਂ ਵਧੇਰੇ ਇਲਾਕੇ ਵਿਚ ਬੋਲੀ ਜਾਂਦੀ ਹੈ, ਅਤੇ ਇਸ ਬੋਲੀ ਨੂੰ ਪਹਾੜੀ ਪੰਜਾਬੀ ਦਾ ਪ੍ਰਤੀਨਿਧ ਰੂਪ ਮੰਨਿਆ ਜਾ ਸਕਦਾ ਹੈ। ਅੱਗੇ ਦਿੱਤੀਆਂ ਵਿਸ਼ੇ ਸ਼ਤਾਵਾਂ ਜੰਮੂ ਦੀ ਭਾਸ਼ਾ ਦੀਆਂ ਹੀ ਹਨ।

## ਧੁਨੀਆਂ ਸੰਬੰਧੀ ਵਿਸ਼ੇਸ਼ਤਾਵਾਂ

(i) ਸੁਰ ਇਸ ਖੇਤਰ ਦੀ ਭਾਸ਼ਾ ਦੀ ਸਭ ਤੋਂ ਉੱਘੀ ਵਿਸ਼ੇਸ਼ਤਾ ਹੈ। ਨੀਵੀਂ ਸੁਰ ਦੀ ਵਿਆਪਕਤਾ ਬਹੁਤ ਜ਼ਿਆਦਾ ਹੈ। ਅਨੁਮਾਨ ਹੈ ਕਿ ਸੁਰ, ਖਾਸ ਕਰਕੇ ਨਵੀਂ ਸੁਰ, ਜੰਮੂ ਦੀ ਭਾਸ਼ਾ ਵਿਚੋਂ ਹੀ ਪੰਜਾਬੀ ਵਿਚ ਗਈ ਹੈ।

(ii) (ਹ) ਇਹ ਬੋਲੀ ਵਿਚ ਨਾ ਹੋਣਦੇ ਬਰਾਬਰ ਹੈ। ਸ਼ਬਦਾਂ ਦੇ ਆਰੰਭ ਵਿਚ ਆਉਣ ਵਾਲਾ (ਹ) ਵੀ ਨਵੀਂ ਸੁਰ ਵਿਚ ਬਦਲ ਜਾਂਦਾ ਹੈ। 'ਹੋਰ' 'ਹੋਇਆ' ਆਦਿ ਦਾ ਉਚਾਰਣ 'ਓਰ੍' 'ਓਇਆ' ਹੈ। ਪਰ ਜੇ ਆਰੰਭਕ (ਹ) ਤੋਂ ਪਿਛੋਂ ਬਲਹੀਣ, ਹ੍ਰਸਵ ਆਵੇ ਤਾਂ (ਹ) ਉਚਾਰਿਆ ਜਾਂਦਾ ਹੈ, ਜਿਵੇਂ 'ਹਰੀ' ਆਦਿ ਵਿਚ।

(iii) ਨਾਦੀ, ਮਹਾਂਪ੍ਰਾਣ ਧੁਨੀਆਂ (ਘ, ਝ, ਦ, ਧ, ਭ) ਜੰਮੂਆਲੀ ਵਿਚ ਨਹੀਂ ਉਚਾਰੀਆਂ ਜਾਂਦੀਆਂ।

ਨੋਟ : ਉਤੇ ਦਿੱਤੇ ਗਏ ਤਿੰਨੇ ਲੱਛਣ ਮੁੱਖ ਰੂਪ ਵਿਚ ਜੰਮੂਆਲੀ ਦੇ ਹਨ, ਬਾਕੀ ਉਪਬੋਲੀਆਂ ਵਿਚ ਇਨ੍ਹਾਂ ਲੱਛਣਾਂ ਦੀ ਏਨਾ ਵਿਆਪਕਤਾ ਨਹੀਂ।

(iv) ਆਰੰਭਕ (ਵ) ਬਹੁਤੇ ਸ਼ਬਦਾਂ ਵਿਚ ਮਲਵਈ ਵਾਂਗ (ਬ) ਉਚਾਰਿਆ ਜਾਂਦਾ ਹੈ, ਜਿਵੇਂ 'ਬਾਹੀ' (ਵਾਹੀ) 'ਬੱਤਰ' (ਵੱਤਰ) ਆਦਿ ਵਿਚ।

(v) ਪੂਰਬੀ ਪੰਜਾਬੀ ਵਾਂਗ, ਆਰੰਭਕ (ਯ) ਨਾ ਸਾਧਾਰਣ ਉਚਾਰਣ (ਜ) ਹੋ ਗਿਆ ਹੈ ਜੋਗੀ, ਜੱਗ, ਜਮਦੂਤਾਂ ਆਦਿ।

(vi) ਵਿਅੰਜਨਾਂ ਦਾ ਸੰਜੁਗਤ ਉਚਾਰਣ ਬਹੁਤ ਘੱਟ ਹੁੰਦਾ ਹੈ : ਕੁਝ ਸ਼ਬਦਾਂ-ਤ੍ਰੇਹ, ਤ੍ਰਿਖਾ, ਪ੍ਰੇਮ ਆਦਿ ਵਿਚ ਜੁਗਤ ਉਚਾਰਣ ਕਿਸੇ ਹੱਦ ਤੱਕ ਮੌਜੂਦ ਹੈ।

**ਵਿਆਕਰਣਕ ਵਿਸ਼ੇਸ਼ਤਾਵਾਂ**

(i) ਡੋਗਰੀ, ਮੁੱਖ ਰੂਪ ਵਿਚ ਵਿਜੋਗਾਤਮਕ ਹੈ। ਪਰ ਵਧੇਰੇ ਬਾਰੀਕੀ ਨਾਲ ਵੇਖਿਆਂ ਸਪਸ਼ਟ ਹੁੰਦਾ ਹੈ ਕਿ ਇਸ ਲਈ ਵਿਜੋਗਾਤਮਕ ਅਤੇ ਸੰਜੋਗਾਤਮਕਤਾ ਦੇ ਲੱਛਣ ਰਲੇ ਮਿਲੇ ਹੋਏ ਹਨ।

(ii) ਪੂਰਬੀ ਪੰਜਾਬੀ ਤੇ ਲਹਿੰਦੀ ਵਿਚ ਨਾਵਾਂ ਦਾ ਸੰਬੰਧਕੀ ਰੂਪ ਵੱਖਰਾ ਤਾਂ ਬਣਦਾ ਹੈ ਜੇ ਇਨ੍ਹਾਂ ਦਾ ਇਕ ਵਚਨ ਪੁਲਿੰਗ ਰੂਪ-ਆ-ਅੰਕਿਤ ਹੋਵੇ, ਘੋੜਾ, ਮੁੰਡਾ, ਸੋਟਾ ਆਦਿ ਪਿਛੋਂ ਸੰਬੰਧਕ ਲੱਗੇ ਤਾਂ ਇਸ ਸ੍ਰੇਣੀ ਦੇ ਨਾਮ ਏ ਅੰਕਿਤ ਹੋ ਜਾਂਦੇ ਹਨ, ਘੋੜੇ ਨੂੰ, ਮੁੰਡੇ ਨੇ, ਗੱਡੇ ਉਤੇ ਆਦਿ।

ਪਰ ਜੰਮੂਆਲੀ ਵਿਚ ਸਾਰਿਆਂ ਨਾਵਾਂ ਦਾ ਸੰਬੰਧਕੀ ਰੂਪ ਵੱਖਰਾ ਹੈ 'ਘਰੇ ਦਾ (ਘਰ ਦਾ)', 'ਮਾਊਂਗੀ (ਮਾਂ ਨੂੰ)', 'ਪਾਣੀਏਂ ਬਿੱਚ' (ਪਾਣੀ ਵਿਚ) ਆਦਿ।

(iii) ਏਵੇਂ ਹੀ ਸਮਾਸੀ ਕਿਰਿਆਵਾਂ ਦੇ ਪਹਿਲੇ ਅੰਸ਼ ਈ-ਵੀ ਜਾਂ ਏ ਲੱਗਦਾ ਹੈ – 'ਕੱਢੀ ਓੜਿਆ (ਕੱਢ ਛੱਡਿਆ), ਕਰੀ ਦਿਤੈ (ਕਰ ਦਿੱਤਾ) ਆਦਿ।

(iv) ਪੰਜਾਬੀ ਪੂਰਬ-ਪੂਰਣ ਕਿਰਦੰਤ 'ਹੋਇਆ' ਦੀ ਥਾਂ ਏਥੇ ਲਿੰਗ ਵਚਨ ਅਨੁਸਾਰ ਦਾ, ਦੇ, ਦੀ, ਦੀਆਂ ਵਰਤਿਆ ਜਾਂਦਾ ਹੈ। ਆਏ ਦੇ ਪ੍ਰਾਹੁਣੇ (ਆਏ ਹੋਏ ਪ੍ਰਾਹੁਣੇ), ਫਟੀਦੀ ਕੁੜਤੀ, (ਪਾਟੀ ਹੋਈ ਕੁੜਤੀ), 'ਮਾਰਿਆ ਦਾ ਸ਼ਿਕਾਰ' (ਮਾਰਿਆ ਹੋਇਆ ਸ਼ਿਕਾਰ) ਆਦਿ।

(v) ਅਧਿਕਰਣ ਕਾਰਕ ਦਾ ਚਿੰਨ੍ਹ ਪੂਰਬੀ ਪੰਜਾਬੀ ਵਿਚ ਏ ਹੈ, ਪਰ ਪਹਾੜੀ ਪੰਜਾਬੀ ਵਿਚ ਵਧੇਰੇ – ਅ ਹੈ ਇਤੈ, ਉਥੇ, ਜਿਥੇ ਕ੍ਰਨੈ (ਲਾਗੇ) ਆਦਿ।

(vi) ਅਪਾਦਾਨ ਕਾਰਕ ਦਾ ਪਿਛੇਤਰ, ਲਹਿੰਦੀ ਵਾਂਗ ਊਂ ਹੈ, 'ਇਥੂੰ, ਉਥੂੰ, ਘਰੂੰ, ਬਾਹਰੂੰ' ਆਦਿ।

(vii) ਇਸਤਰੀ ਲਿੰਗ ਨਾਵਾਂ ਦਾ ਬਹੁ-ਵਚਨ ਲਹਿੰਦੀ ਵਾਂਗ, ਈਂ ਪਿਛੇਤਰ ਨਾਲ ਬਣਦਾ ਹੈ; ਮੱਝੀਂ, 'ਬਲਾਈਂ' (ਬਲਾਵਾਂ), ਰਾਤੀਂ ਆਦਿ।

(viii)ਭਵਿੱਖਤ ਦਾ ਕਿਰਿਆ ਰੂਪ 'ਗ' ਨਾਲ ਬਣਦਾ ਹੈ, ਪਰ ਬਣਤਰ ਦੀ ਵਿਧੀ ਪੂਰਬੀ ਪੰਜਾਬੀ ਨਾਲੋਂ ਵੱਖਰੀ ਹੈ ਅਤੇ 'ਗ' ਸਿੱਧੀ ਕਿਰਿਆ-ਮੂਲ (verbal root) ਨਾਲ ਲੱਗਦਾ ਹੈ, ਅਤੇ ਇਸ ਤੋਂ ਪਿਛੋਂ ਲਿੰਗ-ਵਚਨ ਦੇ ਪਿਛੇਤਰ ਆਦਿ ਹਨ : ਕਰਗਾ, ਕਰਗੇ, ਕਰਗੀਆਂ ਆਦਿ।

**ਸ਼ਬਦਾਵਲੀ**

(i) ਪਹਾੜੀ ਪੰਜਾਬੀ ਦੇ ਪੜਨਾਵੀਂ ਰੂਪ ਸਟੈਂਡਰਡ ਪੰਜਾਬੀ ਨਾਲੋਂ ਕੁਝ ਫ਼ਰਕ ਵਾਲੇ ਹਨ 'ਮੈਂ/ਹਉ/ਅਉ' (ਮੈਂ) ਮ੍ਰਿਗੀ (ਮੈਨੂੰ), ਅਸ/ਅਸੇਂ, ਅਸੇਂਗੀ, (ਸਾਨੂੰ), ਤੁਗੀ (ਤੈਨੂੰ) ਤੁਸੈਂਗੀ (ਤੁਹਾਨੂੰ) ਆਦਿ।

(ii) ਕਈ ਸੰਬੰਧਕ ਸਟੈਂਡਰਡ ਪੰਜਾਬੀ ਨਾਲੋਂ ਵੱਖਰੇ ਹਨ। ਗੀ/ਕੀ ਨੂੰ, ਗਿੱਤੇ/ਕੰਨੈ (ਨਾਲ) ਬਿੱਚ ਬਿੱਚਾ/ਚਾ (ਵਿਚ) ਆਦਿ।

(iii) ਆਮ ਸ਼ਬਦਾਵਲੀ ਵਿਚ ਵੀ ਕਈ ਫ਼ਰਕ ਵਾਲੇ ਹਨ। ਜਾਅਮ (ਇੰਞਾਣਾ), ਲਹੁਕਾ (ਨਿੱਕਾ), ਮਤਾ (ਬੜਾ), ਨੂਕਾ ਜੁਤੀਆਂ, ਨਿਖ਼ਾਰਨਾ (ਗੁੱਸੇ ਹੋਣਾ), ਤਹੁਕੜਾ (ਆਲਾ), ਬਸਾਠੀ (ਢੀਂਗਰ) ਆਦਿ।

ਪਾਠ ਨੰ : 2.3

# ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ

## 3.1 ਲਿੱਪੀ ਕੀ ਹੈ ?

ਬੋਲੀ ਹੋਈ ਅਰਥਾਤ ਉਚਰੀ ਹੋਈ ਭਾਸ਼ਾ ਨੂੰ ਲਿਖਤ ਰਾਹੀ ਦਰਸਾਉਣ ਵਾਸਤੇ ਕੁੱਲ ਚਿੰਨ੍ਹ (ਨਿਸ਼ਾਨ) ਵਰਤੇ ਜਾਂਦੇ ਹਨ। ਇਨ੍ਹਾਂ ਚਿੰਨ੍ਹਾਂ ਨੂੰ ਅੱਖਰ ਕਹਿੰਦੇ ਹਨ। ਕ, ਲ, ਚ, ਡ, ਫ, ਯ, ਙ ਆਦਿ ਅੱਖਰ ਹਨ। ਇਹ ਅੱਖਰ ਗੁਰਮੁਖੀ ਲਿੱਪੀ ਦੇ ਹਨ। ਗੁਰਮੁਖੀ ਵਿਚ ਇਹਨਾਂ ਤੋਂ ਇਲਾਵਾ ਕੁਝ ਹੋਰ ਅੱਖਰ ਵੀ ਹਨ। 'ਬਾਲ ਉਪਦੇਸ਼' ਦੇ ਸ਼ੁਰੂ ਵਿਚ ਹੀ ਇਹ ਸਾਰੇ ਅੱਖਰ ਇਕੱਠੇ ਦਿੱਤੇ ਹੋਏ ਹੁੰਦੇ ਹਨ। ਇਹਨਾਂ ਸਾਰਿਆਂ ਦਾ ਸਾਂਝਾ ਨਾਮ 'ਪੈਂਤੀ' ਕਿਹਾ ਜਾਂਦਾ ਹੈ, ਕਿਉਂਕਿ ਪਹਿਲਾਂ ਇਹਨਾਂ ਸਾਰਿਆਂ ਅੱਖਰਾਂ ਦੀ ਗਿਣਤੀ 35 ਹੁੰਦੀ ਸੀ। ਹੁਣ ਪੈਰ ਬਿੰਦੀ ਲਾ ਕੇ ਨਵੇਂ ਅੱਖਰ ਜੋੜ ਦਿੱਤੇ ਹਨ, ਜਿਵੇਂ ਸ਼, ਖ਼, ਗ਼, ਜ਼, ਫ਼ ਲ਼ ਆਦਿ। (ਇਸ ਤਰ੍ਹਾਂ ਅੱਜਕਲ੍ਹ ਕੁਲ ਗਿਣਤੀ 41 ਹੋ ਗਈ ਹੈ।)

3.1.1 ਅੱਖਰਾਂ ਤੋਂ ਇਲਾਵਾ ਲਿਖਣ ਲੱਗਿਆਂ ਅਸੀਂ ਕੁਝ ਲਗਾਂ ਵੀ ਵਰਤਦੇ ਹਾਂ, ਜਿਨ੍ਹਾਂ ਨੂੰ ਅਸੀਂ ਸਿਹਾਰੀ, ਬਿਹਾਰੀ, ਔਕੜ ਆਦਿ ਆਖਦੇ ਹਾਂ। ਇਹਨਾਂ ਅੱਖਰਾਂ ਤੇ ਲਗਾਂ ਆਦਿ ਨੂੰ ਮਿਲਾ ਕੇ ਇਸ ਸਭ ਕੁਝ ਨੂੰ ਲਿਪੀ ਕਿਹਾ ਜਾਂਦਾ ਹੈ। ਯਾਦ ਰਹੇ ਲਿੱਪੀ ਸਿਰਫ਼ ਅੱਖਰਾਂ ਦਾ ਨਾਮ ਨਹੀਂ, ਲਗਾਂ ਮਾਤਰਾਵਾਂ ਤੇ ਇਹਨਾਂ ਦੀ ਵਰਤੋਂ ਦੇ ਨਿਯਮ ਸਭ ਕੁਝ ਨੂੰ ਮਿਲਾ ਕੇ ਲਿਪੀ ਕਿਹਾ ਜਾਂਦਾ ਹੈ। ਇਹ ਪੰਕਤੀਆਂ ਜਿਹੜੀਆਂ ਤੁਸੀਂ ਪੜ੍ਹ ਰਹੇ ਹੋ ਗੁਰਮੁਖੀ ਲਿੱਪੀ ਵਿਚ ਲਿਖੀਆਂ ਹੋਈਆਂ ਹਨ। ਹੁਣ ਤੁਸੀਂ ਅਨੁਮਾਨ ਲਗਾ ਸਕਦੇ ਹੋ ਕਿ ਲਿੱਪੀ ਕੀ ਹੈ ? ਤੇ ਇਸ ਵਿਚ ਕੀ ਕੁਝ ਸ਼ਾਮਲ ਹੈ, ਅੱਖਰਾਂ ਤੇ ਲਗਾਂ, ਇਹਨਾਂ ਦੀ ਵਰਤੋਂ ਦੇ ਨਿਯਮ। ਵਰਤੋਂ ਦੇ ਨਿਯਮਾਂ ਤੋਂ ਭਾਵ ਹੈ, ਅੱਖਰ ਕਿੰਝ ਲਿਖਣੇ ਹਨ – ਸੱਜਿਓਂ ਖੱਬੇ ਨੂੰ ਜਾਂ ਖੱਬਿਓਂ ਸੱਜੇ ਅਥਵਾ ਉੱਤੋਂ ਹੇਠਾਂ ਨੂੰ। ਅੱਖਰ ਪੂਰੇ ਲਿਖਣੇ ਹਨ ਜਾਂ ਉਹਨਾਂ ਦਾ ਕੋਈ ਹਿੱਸਾ ਅੱਧਾ ਜਾਂ ਥੋੜ੍ਹਾ ਲਿਖਿਆ ਵੀ ਕੰਮ ਕਰ ਸਕਦਾ ਹੈ, ਜਿਵੇਂ ਕਿ ਫ਼ਾਰਸੀ। ਲਿੱਪੀ ਵਿਚ ਲਗਾਂ ਕਿੰਝ ਵਰਤਣੀਆਂ ਹਨ, ਅਤੇ ਕਿਹੜੇ ਅੱਖਰ ਨੂੰ ਕਿਹੜੀ ਲਗ ਲਾਉਣੀ ਹੈ ਅਤੇ ਕਿਹੜੇ ਪਾਸੋਂ ਲਾਉਣੀ ਹੈ? ਹਰ ਅੱਖ਼ਰ ਦਾ ਸਿਰਫ਼ ਇਕੋ ਰੂਪ, ਜਾਂ ਕਿਸੇ ਹਾਲਤ ਵਿਚ ਰੂਪ ਬਦਲ ਵੀ ਸਕਦਾ ਹੈ। ਇਹੋ ਜਿਹੇ ਸਾਰੇ ਨਿਯਮ ਲਿੱਪੀ ਦੇ ਜ਼ਰੂਰੀ ਅੰਗ ਹਨ।

## 3.2 ਭਾਰਤ ਦੀਆਂ ਲਿੱਪੀਆਂ ਅਤੇ ਉਹਨਾਂ ਦੇ ਸ੍ਰੋਤ

ਲਿੱਪੀਆਂ ਵੀ ਸਾਡੇ ਦੇਸ਼ ਦੇ ਉਤਰੀ ਹਿੱਸੇ ਵਿਚ ਕਈ ਪ੍ਰਚੱਲਿਤ ਹਨ, ਜਿਵੇਂ ਗੁਰਮੁੱਖੀ, ਦੇਵਨਾਗਰੀ, ਬੰਗਲਾ, ਉੜੀਸਾ, ਗੁਜਰਾਤੀ, ਮਰਾਠੀ ਆਦਿ ਅਤੇ ਦੱਖਣ ਭਾਰਤ ਦੀਆਂ ਚਾਰ ਲਿੱਪੀਆਂ ਪ੍ਰਸਿੱਧ ਹਨ : ਤਮਿਲ, ਤੇਲਗੂ, ਕੰਨੜ ਅਤੇ ਮਲਿਆਲਮ। ਇਹਨਾਂ ਤੋਂ ਇਲਾਵਾ ਰੋਮਨ ਤੇ ਲਿੱਪੀ ਫ਼ਾਰਸੀ ਸਾਰੇ ਭਾਰਤ ਵਿਚ ਵਰਤੀਆਂ ਜਾਂਦੀਆਂ ਹਨ, ਰੋਮਨ, ਖ਼ਾਸ ਕਰਕੇ ਅੰਗਰੇਜ਼ੀ ਲਿਖਣ ਲਈ ਵਰਤੀ ਜਾਂਦੀ ਹੈ, ਤੇ ਫ਼ਾਰਸੀ ਲਿੱਪੀ ਉਰਦੂ ਆਦਿ ਬੋਲੀਆਂ ਵਾਸਤੇ। ਰੋਮਨ ਤੇ ਫ਼ਾਰਸੀ ਵਿਦੇਸ਼ੀ ਲਿੱਪੀਆਂ ਹਨ, ਅਰਥਾਤ ਇਹ ਸਾਡੇ ਦੇਸ਼ ਵਿਚ ਬਾਹਰ ਦੇ ਦੇਸ਼ਾਂ ਤੋਂ ਆਈਆਂ ਹਨ। ਬਾਕੀ ਸਾਰੀਆਂ ਲਿੱਪੀਆਂ ਸਾਡੇ ਦੇਸ਼ ਦੀ ਆਪਣੀ ਉਪਜ ਹਨ, ਅਰਥਾਤ ਇਹ ਹਿੰਦੁਸਤਾਨ ਵਿਚ ਹੀ ਪੈਦਾ ਹੋਈਆਂ ਤੇ ਇਥੇ ਹੀ ਵਧੀਆਂ ਫੁੱਲੀਆਂ ਹਨ। ਹਿੰਦੁਸਤਾਨ ਤੋਂ ਭਾਵ ਹੈ ਪੁਰਾਣਾ ਭਾਰਤ ਵਰਸ਼ ਜਿਸ ਵਿਚ ਅਜੋਕੇ ਭਾਰਤ ਤੋਂ ਇਲਾਵਾ ਪਾਕਿਸਤਾਨ ਤੇ ਬੰਗਲਾ ਦੇਸ਼ ਵੀ ਸ਼ਾਮਲ ਹਨ।

ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਲਿੱਪੀਆਂ ਇਕੋ ਹੀ ਪ੍ਰਾਚੀਨ ਲਿੱਪੀ ਵਿਚੋਂ ਨਿਕਲਦੀਆਂ ਹਨ। ਇਸ ਲਿੱਪੀ ਨੂੰ ਬ੍ਰਹਮੀ ਕਿਹਾ ਜਾਂਦਾ ਹੈ। ਬ੍ਰਹਮੀ ਕਦੋਂ ਹੋਂਦ ਵਿਚ ਆਈ, ਇਸ ਬਾਰੇ ਪੂਰੇ ਵਿਸ਼ਵਾਸ ਨਾਲ ਕੁੱਝ ਨਹੀਂ ਕਿਹਾ ਜਾ ਸਕਦਾ। ਹਾਂ ਮੋਰੀਆ ਰਾਜਿਆਂ ਦੇ ਸਮੇਂ ਵਿਚ ਬ੍ਰਹਮੀ ਆਮ ਵਰਤੀ ਜਾਂਦੀ ਸੀ। ਤੀਜੀ ਸਦੀ ਈਸਾ ਪੂਰਵ ਵਿਚ ਮਹਾਰਾਜਾ ਅਸ਼ੋਕ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਬੁੱਧ ਧਰਮ ਦੇ ਸਿਧਾਂਤ ਤੇ ਕੁਝ ਸਿਖਿਆਦਾਇਕ

ਨੇਮ ਪੱਥਰਾਂ ਉਤੇ ਉਕਰਾਏ ਸਨ। ਇਹਨਾਂ ਨੂੰ ਸਿਲ-ਲਿਖਤਾਂ (ਸ਼ਿਲਾ ਲੇਖ) ਕਿਹਾ ਜਾਂਦਾ ਹੈ। ਕੇਵਲ ਦੋ ਨੂੰ ਛੱਡ ਕੇ ਬਾਕੀ ਇਹ ਸਾਰੀਆਂ ਸਿਲ-ਲਿਖਤਾਂ ਬ੍ਰਹਮੀ ਲਿੱਪੀ ਵਿਚ ਹਨ। ਕਿਸੇ ਹੋਰ ਰਾਜੇ ਦੀਆਂ ਉਕਰਾਈਆਂ ਦੋ ਸਿਲ-ਲਿਖਤਾਂ ਇਸ ਤੋਂ ਪੁਰਾਣੀਆਂ ਮਿਲਦੀਆਂ ਹਨ। ਇਹ ਰਾਜਸਥਾਨ ਦੇ ਦੋ ਪਿੰਡਾਂ ਲਾਗਿਓਂ ਮਿਲੀਆਂ ਹਨ ਤੇ ਇਹਨਾਂ ਦਾ ਸਮਾਂ 480 ਈਸਾ-ਪੂਰਵ ਦੇ ਲਾਗੇ-ਚਾਗੇ ਦਾ ਮਿਥਿਆ ਗਿਆ ਹੈ।

3.2.1 ਸਮੇਂ ਦੇ ਨਾਲ ਨਾਲ ਲਿੱਪੀ ਦਾ ਰੂਪ ਬਦਲਦਾ ਰਿਹਾ। ਪਹਿਲਾਂ ਦੱਖਣੀ ਲਿੱਪੀ ਦਾ ਰੂਪ ਉੱਤਰੀ ਭਾਰਤੀ ਦੀ ਲਿੱਪੀ ਨਾਲੋਂ ਕੁਝ ਵੱਖਰਾ ਹੋ ਗਿਆ। ਫੇਰ ਉੱਤਰੀ ਲਿੱਪੀ ਦੇ ਕਈ ਵੱਖ-ਵੱਖ ਰੂਪ ਹੋ ਗਏ। ਇਹਨਾਂ ਵਿਚੋਂ ਦੋ ਰੂਪ ਜ਼ਿਆਦਾ ਪ੍ਰਸਿੱਧ ਹਨ – ਪੂਰਬ ਵਿਚ 'ਨਾਗਰੀ' ਨਾਮ ਦੀ ਲਿੱਪੀ ਪ੍ਰਚੱਲਿਤ ਸੀ ਤੇ ਪੱਛਮ ਵਿਚ, ਅਰਥਾਤ ਪੰਜਾਬ ਤੇ ਇਸ ਦੇ ਲਾਗੇ-ਚਾਗੇ ਵਿਚ 'ਸ਼ਾਰਦਾ' ਲਿੱਪੀ ਦੀ ਵਰਤੋਂ ਹੁੰਦੀ ਸੀ। ਇਹ ਦਸਵੀਂ ਸਦੀ ਈ. ਦੇ ਨੇੜੇ ਦੀ ਸਥਿਤੀ ਸੀ। ਇਸ ਸਮੇਂ ਪੰਜਾਬ ਉੱਤੇ ਮੁਸਲਮਾਨਾਂ ਦਾ ਰਾਜ ਹੋ ਗਿਆ ਤੇ ਇਸ ਖੇਤਰ ਵਿਚ ਭਾਰਤੀ ਲਿੱਪੀ ਦੇ ਵਧਣ-ਫੁੱਲਣ ਦਾ ਕੋਈ ਅਵਸਰ ਨਾ ਰਿਹਾ। ਸ਼ਾਰਦਾ ਦੀ ਵਰਤੋਂ ਕਸ਼ਮੀਰ ਵਿਚ ਤਾਂ ਕਾਫ਼ੀ ਸਮੇਂ ਤੱਕ ਹੁੰਦੀ ਰਹੀ ਪਰੰਤੂ ਪੰਜਾਬ ਵਿਚ ਲਗਭਗ ਖ਼ਤਮ ਹੋ ਗਈ। ਇੱਥੇ ਵਪਾਰੀਆਂ ਤੇ ਕੁੱਝ ਹੋਰ ਵਰਗਾਂ ਦੀਆਂ ਨਿੱਜੀ ਲਿੱਪੀਆਂ ਵਰਤੀਆਂ ਜਾਣ ਲੱਗੀਆਂ। ਇਹ ਸਨ ਲੰਡੇ, ਟਾਕਰੇ, ਭੱਟ-ਅੱਛਰੀ, ਸਿੱਧ ਮਾਤ੍ਰਿਕਾ। ਇਹਨਾਂ ਤੋਂ ਇਲਾਵਾ ਪੰਜਾਬ ਦੇ ਉੱਤਰ ਵੱਲ ਪਹਾੜੀ ਖੇਤਰ ਵਿਚ ਇਹ ਹੋਰ ਲਿੱਪੀ ਦੀ ਵਰਤੋਂ ਜਾਰੀ ਰਹੀ, ਜਿਸ ਨੂੰ ਅੱਜ ਅਸੀਂ ਟਾਕਰੀ ਕਹਿੰਦੇ ਹਾਂ। ਕਿਉਂਕਿ ਪਹਾੜੀ ਖੇਤਰ ਤੱਕ ਮੁਸਲਮਾਨਾਂ ਦਾ ਰਾਜ ਕਾਫ਼ੀ ਸਮੇਂ ਤੱਕ ਨਾ ਵਧ ਸਕਿਆ, ਇਸ ਕਰਕੇ ਇਨ੍ਹਾਂ ਇਲਾਕਿਆਂ ਵਿਚ ਟਾਕਰੀ ਦੀ ਵਰਤੋਂ ਪੰਦਰਵੀਂ, ਸੋਲਵ੍ਹੀ ਸਦੀ ਤੱਕ ਹੁੰਦੀ ਰਹੀ। ਇਹ ਸਾਰੀਆਂ ਲਿਪੀਆਂ ਅਧੂਰੀਆਂ ਸਨ। ਲੰਡੇ, ਟਾਕਰੇ, ਭੱਟ-ਅੱਛਰੀ ਆਦਿ ਤਾਂ ਸਿਰਫ਼ ਕੰਮ ਚਲਾਊ ਲਿੱਪੀਆਂ ਸਨ ਜਿਹਨਾਂ ਵਿਚ ਨਾ ਅੱਖਰਾਂ ਦੇ ਰੂਪ ਹੀ ਨਿਸ਼ਚਿਤ ਸਨ ਤੇ ਨਾ ਹੀ ਲਗਾਂ ਦੀ ਵਰਤੋਂ ਹੁੰਦੀ ਸੀ। ਜਿਹੜਾ ਲਿਖੇ , ਉਹੀ ਪੜ੍ਹੇ ਵਾਲੀ ਗੱਲ ਸੀ। ਟਾਕਰੀ ਕੁਝ ਠੀਕ ਸੀ, ਪਰੰਤੂ ਉਹ ਵੀ ਪੂਰੀ ਤਰ੍ਹਾਂ ਮੁਕੰਮਲ ਤੇ ਸ਼ੁੱਧ ਲਿੱਪੀ ਨਹੀਂ ਸੀ।

## 3.3 ਗੁਰਮੁਖੀ ਦਾ ਜਨਮ ਜਾਂ ਆਰੰਭ

ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਪੰਜਾਬ ਵਿਚ ਪ੍ਰਚੱਲਿਤ ਲਿੱਪੀਆਂ ਵਿਚੋਂ ਕੋਈ ਵੀ ਅਮੀਰ ਤੇ ਸਮਰਥਾ ਵਾਲੀ ਨਹੀਂ ਸੀ। ਜਦੋਂ ਸ਼ਰਧਾਲੂ ਸਿੱਖਾਂ ਨੇ ਗੁਰੂ ਦੀ ਬਾਣੀ ਸ਼ੁੱਧ ਰੂਪ ਵਿਚ ਲਿਖਣੀ ਚਾਹੀ ਤਾਂ ਸਭ ਤੋਂ ਵੱਡੀ ਔਕੜ ਇਹ ਸਾਹਮਣੇ ਆਈ ਕਿ ਪ੍ਰਚੱਲਿਤ ਲਿੱਪੀਆਂ ਵਿਚੋਂ ਕੋਈ ਵੀ ਇਸ ਯੋਗ ਨਹੀਂ ਸੀ ਕਿ ਉਸ ਵਿਚ ਗੁਰਬਾਣੀ ਠੀਕ-ਠੀਕ ਵਿਧੀ ਦੁਆਰਾ ਸ਼ੁੱਧ ਰੂਪ ਵਿਚ ਲਿਖੀ ਜਾ ਸਕੇ। ਅੰਤ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਦੀ ਬਾਣੀ ਲਿਖਤ ਰੂਪ ਵਿਚ ਸੰਭਾਲਣ ਦਾ ਯਤਨ ਕੀਤਾ ਤਾਂ ਉਹਨਾਂ ਮਹਿਸੂਸ ਕੀਤਾ ਕਿ ਸਭ ਤੋਂ ਪਹਿਲਾਂ ਇਹ ਪੂਰਨ ਤੇ ਸ਼ੁੱਧ ਲਿੱਪੀ ਤਿਆਰ ਕਰਨ ਦੀ ਲੋੜ ਹੈ। ਉਹਨਾਂ ਇਸ ਨਵੀਂ ਸਿਰਜਣਾ ਲਈ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ :

(ੳ) ਉਸ ਸਮੇਂ ਪ੍ਰਚੱਲਿਤ ਲਿੱਪੀਆਂ ਵਿਚੋਂ ਲੋੜੀਂਦੇ ਅੱਖਰ ਚੁਣੇ ਤੇ ਹਰ ਅੱਖਰ ਦਾ ਕੇਵਲ ਇਕ ਰੂਪ ਹੀ ਨਿਸ਼ਚਿਤ ਕੀਤਾ। ਉਸ ਸਮੇਂ ਪ੍ਰਚੱਲਿਤ ਲਿੱਪੀਆਂ ਵਿਚ ਇਕ-ਇਕ ਅੱਖਰ ਦੇ ਕਈ ਰੂਪ ਸਨ।

(ਅ) ਪੰਜਾਬੀ ਦੀ ਹਰ ਧੁਨੀ (ਆਵਾਜ਼ ਦਾ ਨਿੱਕੇ ਤੋਂ ਨਿੱਕਾ ਟੋਟਾ) ਲਈ ਇਕ, ਤੇ ਸਿਰਫ਼ ਇਕ ਅੱਖਰ ਨਿਸ਼ਚਿਤ ਕੀਤਾ। ਪਹਿਲੀਆਂ ਲਿੱਪੀਆਂ ਵਿਚ ਇਕ-ਇਕ ਧੁਨੀ ਲਈ ਦੋ-ਦੋ, ਤਿੰਨ-ਤਿੰਨ ਅੱਖਰ ਵਰਤੇ ਜਾ ਰਹੇ ਸਨ। ਕੁਝ ਹਾਲਤਾਂ ਵਿਚ ਦੋ-ਦੋ ਧੁਨੀਆਂ ਲਈ ਇੱਕ ਅੱਖਰ ਸੀ, ਜਿਵੇਂ ਕ੍ਸ਼, ਜ ਆਦਿ। ਗੁਰੂ ਸਾਹਿਬ ਨੇ ਨਾ ਤਾਂ ਕੋਈ ਅੱਖਰ ਅਜਿਹਾ ਰੱਖਿਆ ਜੋ ਦੋ ਧੁਨੀਆਂ ਲਈ ਵਰਤਿਆ ਜਾਵੇ, ਤੇ ਨਾ ਹੀ ਕਿਸੇ ਧੁਨੀ ਲਈ ਇਕ ਤੋਂ ਵੱਧ ਅੱਖਰ ਸਵੀਕਾਰ ਕੀਤੇ।

(ੲ) ਜਿਹੜੀਆਂ ਧੁਨੀਆਂ ਉਸ ਸਮੇਂ ਦੇ ਪੰਜਾਬੀ ਉਚਾਰਨ ਲਈ ਮੌਜੂਦ ਨਹੀ ਸਨ, ਉਹਨਾਂ ਲਈ ਕੋਈ ਅੱਖਰ ਨਹੀਂ ਰੱਖਿਆ। ਉਦਾਹਰਣ ਲਈ ਉਸ ਸਮੇਂ ਪੰਜਾਬੀ, ਹਿੰਦੀ ਆਦਿ ਭਾਸ਼ਾਵਾਂ ਵਿਚ 'ਸ਼' ਅਤੇ 'ਜ਼' ਦੀਆਂ ਧੁਨੀਆਂ ਨਹੀਂ ਸੀ ਉਚਾਰੀਆਂ ਜਾਂਦੀਆਂ, ਇਸ ਲਈ ਇਹਨਾਂ ਦੀ ਲਿੱਪੀ ਵਿਚ ਕੋਈ ਅੱਖਰ

ਨਹੀਂ ਰੱਖਿਆ। ਭਾਵੇਂ ਪ੍ਰਚੱਲਿਤ ਲਿੱਪੀਆਂ ਵਿਚ ਸ਼ ਮੌਜੂਦ ਸੀ, ਪਰ ਇਹ ਗੁਰਮੁਖੀ ਵਿਚ ਨਹੀਂ ਰੱਖਿਆ ਗਿਆ ਕਿਉਂਕਿ ਉਸ ਸਮੇਂ ਇਸ ਦੀ ਲੋੜ ਨਹੀ ਸੀ, ਸ਼ (ਸ਼) ਦੀ ਧੁਨੀ, ਪੰਜਾਬੀ, ਹਿੰਦੀ ਆਦਿ ਵਿਚ ਉਚਾਰੀ ਹੀ ਨਹੀਂ ਸੀ ਜਾਂਦੀ।

(ਸ) ਲਗਾਂ ਦੇ ਰੂਪ ਵੀ ਨਿਸ਼ਚਿਤ ਕੀਤੇ ਗਏ ਅਤੇ ਲਗਾਂ ਦੀ ਵਰਤੋਂ ਵੀ ਲਾਜ਼ਮੀ ਕਰ ਦਿੱਤੀ ਗਈ।

(ਹ) ਸੂਰਾਂ ਲਈ ਕੁਲ ਤਿੰਨ ਅੱਖਰ ਰੱਖੇ : ੳ, ਅ, ੲ। ਪੁਰਾਣੀਆਂ ਲਿੱਪੀਆਂ ਵਿਚੋਂ ਇਹਨਾਂ ਦੀ ਥਾਂ ਦਸ, ਗਿਆਰਾਂ ਵੱਖ ਵੱਖ ਅੱਖਰ ਵਰਤੇ ਜਾਂਦੇ ਸਨ।

(ਕ) 'ਗੁਰੂ' ਸਾਹਿਬ ਨੇ 'ੳ' ਨੂੰ ਸਭ ਤੋਂ ਪਹਿਲਾ ਅੱਖਰ ਰੱਖਿਆ ਜਦੋਂ ਕਿ ਪੁਰਾਣੀਆਂ ਲਿੱਪੀਆਂ ਵਿਚ 'ਅ' ਪਹਿਲਾ ਅੱਖਰ ਹੁੰਦਾ ਸੀ।

(ਖ) 'ਸ' ਤੇ 'ਹ' ਪੁਰਾਣੀਆਂ ਲਿੱਪੀਆਂ ਵਿਚ ਅੰਤਿਮ ਪੰਕਤੀ ਵਿਚ ਆਉਂਦੇ ਸਨ। ਗੁਰੂ ਸਾਹਿਬ ਇਨ੍ਹਾਂ ਨੂੰ ਪਹਿਲੀ ਪੰਕਤੀ ਵਿਚ ਲੈ ਆਏ।

ਇੰਜ ਗੁਰੂ ਸਾਹਿਬ ਨੇ ਪ੍ਰਚੱਲਿਤ ਲਿੱਪੀਆਂ ਦੀ ਸਹਾਇਤਾ ਨਾਲ ਇਕ ਨਵੀਂ ਲਿੱਪੀ ਤਿਆਰ ਕੀਤੀ ਜਿਸ ਦਾ ਨਾਂ ਗੁਰਮੁਖੀ ਪ੍ਰਚੱਲਿਤ ਹੋਇਆ ਕਿਉਂਕਿ ਇਹ ਗੁਰੂ ਦੇ ਮੂੰਹੋਂ ਨਿਕਲੇ ਬਚਨਾਂ ਨੂੰ ਲਿਖਣ ਲਈ ਸਿਰਜੀ ਗਈ ਸੀ।

ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਸਾਰੀ ਲਿੱਪੀ ਗੁਰੂ ਸਾਹਿਬ ਨੇ ਨਵੀਂ ਨਹੀਂ ਘੜੀ, ਇਸ ਦੇ ਵਧੇਰੇ ਅੱਖਰ ਪਹਿਲਾਂ ਮੌਜੂਦ ਸਨ। ਉਹਨਾਂ ਨੇ ਇਹਨਾਂ ਅੱਖਰਾਂ ਦੀ ਸਹਾਇਤਾ ਨਾਲ ਇੱਕ ਪੂਰਨ ਤੇ ਮੁਕੰਮਲ ਲਿੱਪੀ ਤਿਆਰ ਕੀਤੀ, ਜਿਸ ਦੀ ਵਰਤੋਂ ਦੇ ਨਿਯਮ ਵੀ ਪੂਰੀ ਤਰ੍ਹਾਂ ਨਿਸ਼ਚਿਤ ਕੀਤੇ। ਉੱਤੇ ਇਹਨਾਂ ਸਾਰੀਆਂ ਗੱਲਾਂ ਦਾ ਵੇਰਵਾ ਦਿੱਤਾ ਗਿਆ ਹੈ। ਸੰਭਵ ਹੈ ਕਿ ਲਿੱਪੀ ਦੇ ਕੁਝ ਅੱਖਰ ਗੁਰੂ ਸਾਹਿਬ ਨੇ ਖ਼ੁਦ ਵੀ ਬਣਾਏ ਹੋਣ, ਜਿਵੇਂ ੜ ਅਤੇ ਵ। ਇਹ ਪੁਰਾਣੀਆਂ ਲਿੱਪੀਆਂ ਵਿਚ ਨਹੀਂ ਮਿਲਦੇ। ਸ਼ਾਇਦ ਇਕ ਦੋ ਲਗਾਂ ਵੀ ਆਪ ਬਣਾਈਆਂ ਹੋਣ।

ਕੁੱਝ ਵਿਦਵਾਨ ਲਿਖਦੇ ਹਨ ਕਿ ਗੁਰਮੁਖੀ ਸ਼ਾਰਦਾ ਵਿਚੋਂ ਨਿਕਲੀ ਹੈ, ਅਤੇ ਕਈ ਹੋਰ ਕਹਿੰਦੇ ਹਨ ਕਿ ਗੁਰਮੁਖੀ ਦਾ ਸ੍ਰੋਤ ਟਾਕਰੀ ਹੈ। ਇਹਨਾਂ ਲਿੱਪੀਆਂ ਦਾ ਟਾਕਰਾ ਕੀਤਿਆਂ ਪਤਾ ਲੱਗਦਾ ਹੈ ਕਿ ਗੁਰਮੁਖੀ ਦੇ ਸ਼ਾਰਦਾ ਨਾਲ ਕੁੱਝ 5 ਅੱਖਰ ਸਾਂਝੇ ਹਨ ਤੇ ਟਾਕਰੀ ਨਾਲ 15 ਅੱਖਰ ਮਿਲਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਇੰਝ ਗੁਰਮੁਖੀ ਦੀ ਸਿਰਜਣਾ ਕੀਤੀ।

ਇਸ ਸਾਰੇ ਕੁਝ ਦਾ ਸਿੱਟਾ ਇਹ ਨਿਕਲਿਆ ਕਿ ਭਾਵੇਂ ਗੁਰਮੁਖੀ ਦੇ ਵਧੇਰੇ ਅੱਖਰ ਗੁਰੂ ਨਾਨਕ ਦੇਵ ਜਾਂ ਉਹਨਾਂ ਤੋਂ ਵੀ ਪਹਿਲਾਂ ਮੌਜੂਦ ਸਨ ਪਰੰਤੂ ਅੱਖਰਾਂ ਨੂੰ ਵਰਤਮਾਨ ਕ੍ਰਮ (ਤਰਤੀਬ) ਹੋ ਸਕਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਦਿੱਤਾ ਹੋਵੇ।

---

### ਧਿਆਨ ਰੱਖਣ ਯੋਗ

1. ਗੁਰਮੁਖੀ ਲਿੱਪੀ ਇਕ ਪੁਰਾਤਨ ਲਿੱਪੀ ਹੈ ਜੋ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ, ਹੋ ਸਕਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਇਸਨੂੰ ਵਰਤਮਾਨ ਤਰਤੀਬ ਦਿੱਤੀ ਹੋਵੇ।
2. ਗੁਰੂਆਂ ਰਾਹੀਂ ਵਰਤੀ ਜਾਣ ਕਰਕੇ ਇਸ ਦਾ ਨਾਂ ਗੁਰਮੁਖੀ ਪੈ ਗਿਆ।

---

## 3.4 ਗੁਰਮੁਖੀ ਦਾ ਵਿਕਾਸ

3.4.1. ਆਰੰਭਿਕ ਸਮੇਂ ਤੋਂ ਲੈ ਕੇ ਅੱਜ ਤੱਕ ਗੁਰਮੁਖੀ ਦੇ ਆਮ ਰੂਪ ਦੀ ਵਰਤੋਂ ਦੇ ਨਿਯਮਾਂ ਵਿਚ ਕੋਈ ਖ਼ਾਸ ਫ਼ਰਕ ਨਹੀਂ ਪਿਆ। ਪਰ ਕੁਝ ਸ਼ਬਦਾਂ ਤੇ ਲਗਾਂ ਆਦਿ ਦੇ ਰੂਪ ਵਿਚ ਜ਼ਰੂਰ ਅੰਤਰ ਆਇਆ ਹੈ। ਅੱਗੇ ਇਸ ਫ਼ਰਕ ਦਾ ਵੇਰਵਾ ਦਿੱਤਾ ਗਿਆ ਹੈ :

ੳ) ਤਿੰਨ ਅੱਖਰਾਂ, ਅ, ਹ, ਤੇ ਲ ਦਾ ਰੂਪ ਸੁਰ ਵਿਚ ਅੱਜ ਨਾਲੋਂ ਕੁਝ ਵੱਖਰਾ ਸੀ। ਕਾਫ਼ੀ ਸਮੇ

ਤੱਕ ਪੁਰਾਣਾ ਰੂਪ ਹੀ ਪ੍ਰਚੱਲਿਤ ਰਿਹਾ, ਅਠਾਰ੍ਹਵੀਂ ਸਦੀ ਦੇ ਪਿਛਲੇ ਅੱਧ ਵਿਚ ਅੱਜ ਵਾਲਾ ਰੂਪ ਬਣਿਆ।

ਅ) ਪਹਿਲੀਆਂ ਲਿਖਤਾਂ ਵਿਚ ਕੰਨੇ ਦੀ ਥਾਂ ਇਕ ਬਿੰਦੀ ਲਾਈ ਮਿਲਦੀ ਹੈ, ਪਰ ਛੇਤੀ ਹੀ ਪਿਛੋਂ ਕੰਨੇ ਦਾ ਹੁਣ ਵਾਲਾ ਰੂਪ ਵਰਤੋਂ ਵਿਚ ਆ ਗਿਆ।

ੲ) ਛਾਪੇਖਾਨੇ ਦੇ ਆਉਣ ਤੋਂ ਪਹਿਲਾਂ ਔਕੜ (–) ਅੱਖਰ ਦਾ ਨਾਲ ਜੁੜਵਾਂ ਲਿਖਿਆ ਜਾਂਦਾ ਸੀ। ਇਵੇਂ ਹੀ ਦੂਲੈਂਕੜਿਆਂ ਦੀ ਉਪਰਲੀ ਰੇਖਾ ਅੱਖਰ ਨਾਲ ਜੁੜਵੀਂ ਹੁੰਦੀ ਸੀ। ਵਖਰਾ ਔਕੜ ਲਿਖਣ ਦੀ ਵਿਧੀ ਛਾਪੇਖਾਨੇ ਦੇ ਆਇਆਂ ਹੀ ਅਪਣਾਈ ਗਈ ਹੈ।

ਸ) ਪੁਰਾਣੀਆਂ ਲਿਖਤਾਂ ਵਿਚ ਆਮ ਤੌਰ ਤੇ ਦੁਲਾਵਾਂ ( ੈ ) ਦੋ ਹਿੱਸਿਆਂ ਵਿਚ ਲਿਖੀਆਂ ਮਿਲਦੀਆਂ ਹਨ। ਇੱਕ ਲਾਂ ਅੱਖ਼ਰ ਦੇ ਸੱਜੇ ਪਾਸੇ ਲਾਈ ਜਾਂਦੀ ਸੀ ਇੱਕ ਖੱਬੇ ਪਾਸੇ।

ਹ) ਪੁਰਾਣੀਆਂ ਲਿਖਤਾਂ ਵਿਚ ਟਿੱਪੀ ( ੰ ) ਤੇ ਬਿੰਦੀ ( . ) ਵਰਤੋਂ ਦੇ ਨਿਯਮ ਅੱਜ ਵਾਲੇ ਨਹੀਂ ਸਨ। ਕੁੱਝ ਹਾਲਤਾਂ ਵਿਚ ਮਨ-ਮਰਜ਼ੀ ਨਾਲ ਹੀ ਟਿੱਪੀ ਜਾਂ ਬਿੰਦੀ ਵਰਤ ਲਈ ਜਾਂਦੀ ਸੀ। 'ਤੂੰ' ਵੀ ਲਿਖਿਆ ਮਿਲਦਾ ਹੈ ਅਤੇ 'ਤੂ' ਵੀ ਹੈ। ਇਵੇਂ ਹੀ 'ਸੰਤ' ਤੇ 'ਸਤ' ਦੋਵੇਂ ਰੂਪ ਮਿਲਦੇ ਹਨ।

ਕ) ਕੁਝ ਹੋਰਨਾਂ ਅੱਖਰਾਂ ਤੇ ਲਗਾਂ ਦੇ ਰੂਪ ਵਿਚ ਮਾਮੂਲੀ ਫ਼ਰਕ ਪਿਆ ਹੈ।

ਖ) ਅੰਗਰੇਜ਼ੀ ਰਾਜ ਤੋਂ ਪਹਿਲਾਂ ਦੀਆਂ ਲਿਖਤਾਂ ਵਿਚ ਸ਼ਬਦ ਜੁੜਵੇਂ ਲਿਖੇ ਹੋਏ ਮਿਲਦੇ ਹਨ। ਸਾਰੀ ਪੰਕਤੀ ਦੀ ਉਤਲੀ ਲਾਈਨ ਇਕੋ ਹੀ ਹੁੰਦੀ ਸੀ। ਸ਼ਬਦਾਂ ਨੂੰ ਪਦ-ਛੇਦ (ਨਿਖੇੜ) ਕਰਕੇ, ਅਰਥਾਤ ਵੱਖ-ਵੱਖ ਤੋੜ ਕੇ, ਲਿਖਣ ਦਾ ਰਿਵਾਜ਼ ਅੰਗਰੇਜ਼ੀ ਰਾਜ ਵਿਚ ਹੀ ਪਿਆ।

ਗ) ਅੰਗਰੇਜ਼ੀ ਤੋਂ ਗੁਰਮੁਖੀ ਨੂੰ ਇਕ ਹੋਰ ਕੀਮਤੀ ਦਾਤ ਪ੍ਰਾਪਤ ਹੋਈ ਅਤੇ ਇਹ ਹੈ ਵਿਸ਼ਰਾਮ-ਚਿੰਨ੍ਹਾਂ ਦੀ ਵਰਤੋਂ। ਇਸ ਤੋਂ ਪਹਿਲਾਂ ਸਿਰਫ਼ ਇਕੋ ਵਿਸ਼ਰਾਮ - ਚਿੰਨ੍ਹ ਵਰਤਿਆ ਜਾਂਦਾ ਸੀ - ਦੋ ਡੰਡੀਆਂ (।।) ਜੋ ਅੰਗਰੇਜ਼ੀ ਦੇ ਫੁਲ ਸਟਾਪ ਦੀ ਥਾਂ ਲਗਦੀਆਂ ਸਨ। ਬਾਕੀ ਸਾਰੇ ਵਿਸ਼ਰਾਮ ਚਿੰਨ੍ਹ ਗੁਰਮੁਖੀ ਨੇ ਅੰਗਰੇਜ਼ੀ ਤੋਂ ਲੈ ਲਏ ਹਨ ਅਤੇ ਇਹਨਾਂ ਦੀ ਵਰਤੋਂ ਵੀ ਅੰਗਰੇਜ਼ੀ ਵਾਲੇ ਨਿਯਮ ਅਨੁਸਾਰ ਹੀ ਹੁੰਦੀ ਹੈ। ਦੋ ਡੰਡੀਆਂ ਦੀ ਥਾਂ ਹੁਣ ਇਕੋ ਡੰਡੀ ਲਾਈ ਜਾਂਦੀ ਹੈ। ਸਿਰਫ਼ ਗੁਰਮੁਖੀ ਹੀ ਨਹੀਂ, ਸਾਰੀਆਂ ਭਾਰਤੀ ਲਿੱਪੀਆਂ ਨੇ ਵਿਸ਼ਰਾਮ ਚਿੰਨ੍ਹ ਅੰਗਰੇਜ਼ੀ ਤੋਂ ਹੀ ਲਏ ਹਨ।

ਘ) ਅੰਗਰੇਜ਼ੀ ਰਾਜ ਵਿਚ ਲਿੱਪੀ ਵਿਚ ਕੁੱਝ ਹੋਰ ਵਾਧੇ ਵੀ ਹੋਏ। ਅੱਧਕ ਦੀ ਵਰਤੋਂ ਅੰਗਰੇਜ਼ੀ ਰਾਜ ਸਮੇਂ ਵਿਚ ਹੀ ਸ਼ੁਰੂ ਹੋਈ, ਇਸ ਤੋਂ ਪਹਿਲਾਂ ਅੱਧਕ ਹੋਂਦ ਵਿਚ ਨਹੀਂ ਸੀ ਆਇਆ।

ਙ) ਰਣਜੀਤ ਸਿੰਘ ਦੇ ਸਮੇਂ ਤੇ ਫਿਰ ਅੰਗਰੇਜ਼ੀ ਰਾਜ ਵਿਚ ਕੁਝ ਨਵੀਆਂ ਧੁਨੀਆਂ ਪੰਜਾਬੀ ਵਿਚ ਉਚਾਰੀਆਂ ਜਾਣ ਲੱਗੀਆਂ, ਇਹਨਾਂ ਨੂੰ ਅੰਕਿਤ ਕਰਨ ਲਈ ਨਵੇਂ ਅੱਖਰ ਘੜਨ ਦੀ ਲੋੜ ਪਈ। ਇਹ ਅੱਖਰ ਪੁਰਾਣੇ ਅੱਖਰਾਂ ਹੇਠਾਂ ਬਿੰਦੀ ਲਾ ਕੇ ਬਣਾਏ ਗਏ, ਜਿਵੇਂ ਸ਼, ਖ਼, ਗ਼, ਫ਼। ਪਿਛਲੇ ਕੁਝ ਸਾਲਾਂ ਤੋਂ ਇਕ ਹੋਰ ਨਵਾਂ ਅੱਖਰ ਪੈਰ ਬਿੰਦੀ ਵਾਲਾ ਰੂਪ ਲ਼ ਵੀ ਵਰਤਿਆ ਜਾਣ ਲੱਗਾ ਹੈ।

ਇਹਨਾਂ ਉਪਰੋਕਤ ਅੰਤਰਾਂ ਤੋਂ ਬਿਨਾਂ ਸ਼ਬਦ ਤੇ ਲਗਾਂ ਦੇ ਰੂਪਾਂ ਵਿਚ ਕੋਈ ਹੋਰ ਵੱਡੀ ਤਬਦੀਲੀ ਨਹੀਂ ਹੋਈ, ਪਰੰਤੂ ਲਿਖਣ ਦੀ ਸ਼ੈਲੀ ਵਿਚ ਸਮੇਂ ਸਮੇਂ ਵਿਕਾਸ ਹੁੰਦਾ ਰਿਹਾ ਹੈ। ਆਰੰਭ ਵਿਚ ਅੱਖਰਾਂ ਨੂੰ ਸੁੰਦਰ ਬਣਾਉਣ ਲਈ ਕੋਈ ਵਿਸ਼ੇਸ਼ ਯਤਨ ਨਹੀਂ ਸੀ ਕੀਤਾ ਜਾਂਦਾ। ਉਚਾਰਨ ਮੁਤਾਬਕ ਠੀਕ-ਠਾਕ ਲਿਖਣਾ ਹੀ ਲਿੱਪੀ ਦਾ ਮਨੋਰਥ ਸਮਝਿਆ ਜਾਂਦਾ ਹੈ। ਹੌਲੀ-ਹੌਲੀ ਲਿਖਣ ਦੀ ਸ਼ੈਲੀ (ਵਿਧੀ-ਢੰਗ) ਵਿਚ ਕੁਝ ਨਵੇਂ ਤਜ਼ਰਬੇ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕੁਝ ਪ੍ਰਸਿੱਧ ਸ਼ੈਲੀਆਂ ਇਹ ਸਨ :

3.4.2. ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਹੀ ਸ਼ੈਲੀ ਸੀ, ਜਿਸ ਨੂੰ ਗੁਰਮੁਖੀ ਦੀ ਸਿਕੱਸ਼ਤਾ ਸ਼ੈਲੀ ਕਹਿ ਸਕਦੇ ਹਾਂ। ਇਸ ਵਿਚ ਅੱਖਰ ਘਸੀਟਵੇਂ ਤੇ ਬੜੀ ਬਾਰੀਕ ਨਿਬ ਨਾਲ ਲਿਖੇ ਹੋਏ ਮਿਲਦੇ ਹਨ। ਇਸ ਲਿਖਤ ਨੂੰ ਪੜ੍ਹਨਾ ਵੀ ਕਾਫ਼ੀ ਕਠਿਨ ਹੈ। ਇਸ ਵਿਚ ਗ੍ਰੰਥ ਨਹੀਂ ਲਿਖੇ ਗਏ, ਇਹ ਗੁਰੂ ਸਾਹਿਬ ਦੀ ਆਪਣੀ ਨਿੱਜੀ ਸ਼ੈਲੀ ਸੀ, ਜਿਸ ਦੀ ਨਕਲ ਕਰਨ ਦਾ ਕੋਈ ਖ਼ਾਸ ਯਤਨ ਨਹੀਂ ਕੀਤਾ ਗਿਆ। ਹਾਂ ਇਸ ਦੀ ਸੁੰਦਰਤਾ ਕਮਾਲ ਦੀ ਸੀ।

3.4.3 ਦਮਦਮੀ ਸ਼ੈਲੀ ਵਿਚ ਅੱਖਰਾਂ ਨੂੰ ਗੁਲਾਈਦਾਰ ਤੇ ਸੁੰਦਰ ਬਣਾਇਆ ਗਿਆ। ਇਸ ਸ਼ੈਲੀ ਦਾ ਵਿਕਾਸ ਉਦੋਂ ਹੋਇਆ ਜਦੋਂ ਦਮਦਮਾ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਵਾਈਆਂ। ਦਮਦਮੀ ਸ਼ੈਲੀ ਕਾਫ਼ੀ ਪ੍ਰਚੱਲਿਤ ਹੋਈ। ਛੇਤੀ ਹੀ ਸਾਰੇ ਲਿਖਾਰੀ ਇਸੇ ਸ਼ੈਲੀ ਵਿਚ ਗੁਰਮੁਖੀ ਲਿਖਣ ਲੱਗ ਪਏ। ਟਾਈਪ ਵਾਲਾ ਛਾਪਾਖ਼ਾਨਾ ਆਉਣ ਤੱਕ ਇਹ ਸ਼ੈਲੀ ਸਭ ਤੋਂ ਵੱਧ ਪ੍ਰਚੱਲਿਤ ਰਹੀ। ਪੱਥਰ ਦੇ ਛਾਪੇ ਗ੍ਰੰਥ ਵੀ ਇਸ ਸ਼ੈਲੀ ਵਿਚ ਛਪੇ ਮਿਲਦੇ ਹਨ।

3.4.4 ਜਦੋਂ ਕਸ਼ਮੀਰ ਉੱਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਇਆ ਤਾਂ ਕਸ਼ਮੀਰ ਦੇ ਵਿਦਵਾਨ ਪੰਡਿਤਾਂ ਨੇ ਗੁਰਮੁਖੀ ਵਿਚ ਗੁਰਬਾਣੀ ਤੇ ਹੋਰ ਗ੍ਰੰਥ ਲਿਖਣੇ ਸ਼ੁਰੂ ਕੀਤੇ। ਇਹਨਾਂ ਨੇ ਇਕ ਨਵੀਂ ਸ਼ੈਲੀ ਦਾ ਵਿਕਾਸ ਕੀਤਾ ਜਿਸ ਵਿਚ ਅੱਖਰਾਂ ਦੀ ਗੁਲਾਈ ਦੇ ਨਾਲ-ਨਾਲ ਉਹਨਾਂ ਦੀਆਂ ਨੁਕਰਾਂ ਸੰਵਾਰਨ ਵੱਲ ਵੀ ਖ਼ਾਸ ਧਿਆਨ ਦਿੱਤਾ ਗਿਆ। ਅੱਖਰਾਂ ਦੇ ਲਗਾਂ ਦੇ ਸਾਈਜ਼ ਵਿਚ ਇਕਸਾਰਤਾ ਲਿਆਂਦੀ ਗਈ। ਵਾਸਤਵ ਵਿਚ ਗੁਰਮੁਖੀ ਦੀ ਇਹ ਸ਼ੈਲੀ ਸਭ ਨਾਲੋਂ ਸੁੰਦਰ ਤੇ ਸੁਡੌਲ ਹੈ। ਪਰ ਇਹ ਵਧੇਰੇ ਪ੍ਰਚੱਲਿਤ ਨਾ ਹੋ ਸਕੀ, ਸ਼ਾਇਦ ਇਸ ਲਈ ਕਿ ਇਸ ਦਾ ਘੇਰਾ ਕਸ਼ਮੀਰ ਘਾਟੀ ਤੱਕ ਹੀ ਸੀਮਤ ਰਿਹਾ।

3.4.5 ਅੰਗਰੇਜ਼ੀ ਰਾਜ ਵਿਚ ਛਾਪੇਖ਼ਾਨੇ ਦੇ ਆਉਣ ਨਾਲ ਅੱਖਰਾਂ ਦੇ ਰੂਪ ਤੇ ਉਹਨਾਂ ਦੇ ਸਾਈਜ਼ ਵਿਚ ਬਹੁਤ ਫ਼ਰਕ ਪਿਆ। ਹੁਣ ਟਾਈਪ ਦੇ ਅੱਖਰ ਸੰਚਿਆਂ ਵਿਚ ਢਾਲੇ ਜਾਣ ਲੱਗੇ, ਇਸ ਲਈ ਉਹਨਾਂ ਦੇ ਰੂਪ ਤੇ ਆਕਾਰ ਵਿਚ ਪੂਰਨ ਇਕਸਾਰਤਾ ਆ ਗਈ। ਮਸ਼ੀਨੀ ਛਪਾਈ ਕਰਕੇ ਪੰਕਤੀਆਂ ਬਿਲਕੁੱਲ ਸਿੱਧੀਆਂ ਲਿਖੀਆਂ ਜਾਣ ਲੱਗੀਆਂ ਤੇ ਅੱਖਰਾਂ ਦੇ ਵਿਚਾਲੇ ਅਤੇ ਪੰਕਤੀਆਂ ਦੇ ਵਿਚਾਲੇ ਇਕੋ ਜਿਹਾ ਫ਼ਾਸਲਾ ਰੱਖਿਆ ਗਿਆ। ਪਿਛਲੇ ਕੁਝ ਦਹਾਕਿਆਂ ਵਿਚ ਅੱਖਰਾਂ ਦੇ ਕਈ ਨਮੂਨਿਆਂ ਦੇ ਰੂਪ ਢਾਲੇ ਗਏ, ਅਤੇ ਬਾਰੀਕ ਅੱਖਰਾਂ ਤੋਂ ਲੈ ਕੇ ਮੋਟੇ-ਮੋਟੇ ਸਾਈਜ਼ ਵਾਲੇ ਅੱਖਰ ਵੀ ਛਾਪੇ ਵਿਚ ਆ ਰਹੇ ਹਨ। ਗੂੜ੍ਹੇ ਤੇ ਨਿੰਮੇ ਅੱਖਰ ਛਾਪਣ ਵਾਲੀ ਵਿਧੀ ਤਾਂ ਕਾਫ਼ੀ ਦੇਰ ਤੋਂ ਵਰਤੋਂ ਵਿਚ ਸੀ, ਹੁਣ ਟੇਢੇ (italicized) ਰੂਪ ਵਾਲੇ ਅੱਖਰ ਵੀ ਢਾਲ ਲਏ ਗਏ ਹਨ। ਕੰਪਿਊਟਰ ਦੀ ਆਮਦ ਨਾਲ ਅੱਖਰਾਂ ਦੀ ਬਣਤਰ ਵਿਚ ਬਹੁਪੱਖੀ ਅੰਤਰ ਆਇਆ ਹੈ।

ਗੁਰਮੁਖੀ ਲਿੱਪੀ ਇਸ ਸਮੇਂ ਹਰ ਪੱਖ ਤੋਂ ਮੁਕੰਮਲ ਤੇ ਸ਼ੁਧ ਹੈ, ਅਤੇ ਸੰਸਾਰ ਦੀਆਂ ਉੱਨਤ ਲਿੱਪੀਆਂ ਵਿਚੋਂ ਕਿਸੇ ਨਾਲੋਂ ਪਿੱਛੇ ਨਹੀਂ।

---

### ਗੁਰਮੁਖੀ ਲਿੱਪੀ ਵਿਚ ਵਿਕਾਸ ਕਰਕੇ ਆਈਆਂ ਪ੍ਰਮੁੱਖ ਤਬਦੀਲੀਆਂ

(1) ਕੁਝ ਅੱਖਰਾਂ ਦੀ ਬਣਤਰ ਵਿਚ ਪਰਿਵਰਤਨ

(2) ਪੈਰ ਬਿੰਦੀ ਵਾਲੇ ਨਵੇਂ ਧੁਨੀ ਚਿੰਨ੍ਹਾਂ ਦਾ ਵਾਧਾ

(3) ਬਿੰਦੀ/ਟਿੱਪੀ ਦੀ ਵਰਤੋਂ ਦਾ ਠੁੱਕ ਬੰਨ੍ਹਣਾ

(4) ਲਗਾਂ ਮਾਤਰਾਂ ਦੇ ਆਕਾਰ ਅਤੇ ਵਰਤੋਂ ਦੇ ਨਿਯਮ

(5) ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ

(6) ਕੰਪਿਊਟਰ ਰਾਹੀਂ ਆਏ ਅੰਤਰ

---

## 4.1 ਇਕ ਸਫ਼ਲ ਲਿੱਪੀ ਦੇ ਗੁਣ

ਇਕ ਸਫ਼ਲ ਤੇ ਮੁਕੰਮਲ ਲਿੱਪੀ ਉਹ ਹੁੰਦੀ ਹੈ, ਜਿਸ ਵਿਚ ਉਸ ਰਾਹੀਂ ਲਿਖੀ ਜਾਣ ਵਾਲੀ ਭਾਸ਼ਾ ਦਾ ਉਚਾਰਣ ਠੀਕ-ਠਾਕ ਅੰਕਿਤ ਕੀਤਾ ਜਾ ਸਕੇ। ਉਸ ਵਿਚ ਕੋਈ ਅਜਿਹਾ ਚਿੰਨ੍ਹ (ਅੱਖਰ ਜਾਂ ਲਗ) ਨਾ ਹੋਵੇ ਜਿਸ ਦਾ ਉਚਾਰਣ ਬਾਰੇ ਕੋਈ ਭੁਲੇਖਾ ਪੈ ਸਕੇ। ਮੋਟੇ ਰੂਪ ਵਿਚ ਸਫ਼ਲ ਤੇ ਚੰਗੀ ਲਿੱਪੀ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ :

(ੳ) ਜਿਹੜੀ ਭਾਸ਼ਾ ਉਸ ਲਿੱਪੀ ਵਿਚ ਲਿਖਣੀ ਹੈ, ਉਸ ਦੀ ਹਰ ਧੁਨੀ ਲਈ ਉਸ ਲਿੱਪੀ ਵਿਚ ਵੱਖਰਾ ਤੇ ਸਪਸ਼ਟ, ਚਿੰਨ੍ਹ ਅੱਖਰ ਜਾਂ ਲਗ ਹੋਵੇ।

(ਅ) ਸੁਰਾਂ ਨੂੰ ਅੰਕਿਤ ਕਰਨ ਦਾ ਢੁਕਵਾਂ ਸਾਧਨ ਮੌਜੂਦ ਹੋਵੇ। ਗੁਰਮੁਖੀ, ਦੇਵਨਾਗਰੀ ਆਦਿ ਭਾਰਤੀ ਲਿੱਪੀਆਂ ਵਿਚ ਸੁਰਾਂ ਨੂੰ ਲਿਖਤ ਕਰਨ ਦਾ ਕੋਈ ਸੁਚੱਜਾ ਸਾਧਨ ਨਹੀਂ। ਉਦਾਹਰਣ ਵਜੋਂ ਉਰਦੂ ਫ਼ਾਰਸੀ ਦੇ ਇੱਕ ਸ਼ਬਦ ਨੂੰ ਮੁਲਕ ਨੂੰ ਮੁਲਕ, ਮਲਕ, ਮਿਲਕ ਕੁੱਝ ਵੀ ਪੜ੍ਹਿਆ ਜਾ ਸਕਦਾ ਹੈ, ਅਤੇ ਇਹਨਾਂ ਤਿੰਨਾਂ ਸ਼ਬਦਾਂ ਦੇ ਉਰਦੂ ਫ਼ਾਰਸੀ ਅਰਬੀ ਆਦਿ ਭਾਸ਼ਾਵਾਂ ਦੇ ਵੱਖ-ਵੱਖ ਅਰਥ ਹਨ, ਪਰ ਇਨ੍ਹਾਂ ਦੇ ਲਿਖਣ ਦਾ ਢੰਗ ਇਕੋ ਹੈ (ਇਹਨਾਂ ਸ਼ਬਦਾਂ ਨੂੰ ਲਿਖਣ ਦਾ ਲੋੜੀਂਦੇ ਸੁਰਾਂ ਦੇ ਵੱਖੋ ਵੱਖਰੇ ਧੁਨੀ ਚਿੰਨ੍ਹ ਤਾਂ ਹਨ, ਪਰੰਤੂ ਆਮ ਤੌਰ ਤੇ ਲਿਖਣ ਲੱਗਿਆਂ ਇਹਨਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ)।

(ੲ) ਇਕ ਧੁਨੀ ਲਈ ਕੇਵਲ ਇਕ ਅੱਖਰ ਜਾਂ ਲਗ ਹੋਵੇ। ਕਈਆਂ ਲਿੱਪੀਆਂ ਵਿਚ ਇਕੋ ਧੁਨੀ ਲਈ ਦੋ-ਦੋ ਤਿੰਨ-ਤਿੰਨ ਅੱਖਰ ਹੁੰਦੇ ਹਨ। ਉਰਦੂ ਭਾਸ਼ਾ ਫ਼ਾਰਸੀ ਲਿੱਪੀ ਵਿਚ ਲਿਖੀ ਜਾਂਦੀ ਹੈ, ਅਤੇ ਉਰਦੂ ਦੀ ਧੁਨੀ 'ਜ਼' ਲਈ ਚਾਰ ਅੱਖਰ ਹਨ ਜ਼ੇ, ਜ਼ਾਲ, ਜ਼ੁਆਦ, ਜ਼ੋਇ। ਇਸ ਲਈ ਸ਼ਬਦ-ਜੋੜ ਯਾਦ ਕਰਨ ਲਈ ਘੋਟਾ ਲਾਉਣਾ ਪੈਂਦਾ ਹੈ ਕਿ ਕਿਹੜਾ ਸ਼ਬਦ ਜ਼ੇ ਨਾਲ ਲਿਖਣਾ ਹੈ ਤੇ ਕਿਹੜਾ ਜ਼ਾਲ ਜਾਂ ਜ਼ੋਇ ਆਦਿ ਨਾਲ ਦੇਵਨਾਗਰੀ ਵਿਚ ਕੁੱਝ ਧੁਨੀਆਂ ਲਈ ਦੋ-ਦੋ ਅੱਖਰ ਹਨ, ਜਿਵੇਂ ਸ਼ ਧੁਨੀ ਲਈ श ਤੇ ष ਦੋ ਅੱਖਰ ਵਰਤੇ ਜਾਂਦੇ ਹਨ, ਅਤੇ ਸ਼ਬਦ-ਜੋੜ ਯਾਦ ਰੱਖਣ ਲਈ ਘੋਟਾ ਲਾਉਣਾ ਪੈਂਦਾ ਹੈ।

(ਸ) ਕੋਈ ਅੱਖਰ ਇਕ ਤੋਂ ਵੱਧ ਧੁਨੀਆਂ ਲਈ ਨਾ ਵਰਤਿਆ ਜਾਵੇ, ਇਸ ਲਈ ਵੀ ਸ਼ਬਦ-ਜੋੜਾਂ ਸੰਬੰਧੀ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ, ਜਿਵੇਂ ਰੋਮਨ ਲਿਪੀ ਵਿਚ X ਦੋ-ਦੋ ਧੁਨੀਆਂ ਲਈ ਵਰਤਿਆ ਜਾਂਦਾ ਹੈ। ਦੇਵਨਾਗਰੀ ਵਿਚ क्ष, ज, त्र ਆਦਿ ਕਈ ਅੱਖਰ ਦੋ-ਦੋ ਧੁਨੀਆਂ ਲਈ ਹਨ।

(ਹ) ਹਰ ਧੁਨੀ, ਜਾਂ ਉਚਾਰਨ ਦੇ ਹਰ ਅੰਸ਼ ਨੂੰ ਲਿੱਪੀ ਰਾਹੀਂ ਅੰਕਿਤ ਕਰਨ ਦਾ ਢੰਗ ਹੋਵੇ। ਇਕੋ ਧੁਨੀ ਨੂੰ ਵੱਖ-ਵੱਖ ਤਰੀਕਿਆਂ ਨਾਲ ਅੰਕਿਤ ਕੀਤਿਆਂ ਵੀ ਭੁਲੇਖੇ ਪੈਂਦੇ ਹਨ ਅਤੇ ਇਕਸਾਰਤਾ ਨਹੀਂ ਰਹਿੰਦੀ।

(ਕ) ਅੱਖਰਾਂ ਦੇ ਰੂਪ ਸਪਸ਼ਟ ਤੇ ਨਿੱਖਰਵੇਂ ਹੋਣ, ਜਿਨ੍ਹਾਂ ਦੀ ਪਛਾਣ ਵਿਚ ਕਿਸੇ ਭੁਲੇਖੇ ਦੀ ਗੁੰਜਾਇਸ਼ ਨਾ ਹੋਵੇ।

---

ਪ੍ਰਸ਼ਨ : ਇੱਕ ਸਫ਼ਲ ਲਿੱਪੀ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ :

---

## 4.2 ਗੁਰਮੁਖੀ ਜਾਂ ਪੰਜਾਬੀ ਲਈ ਢੁਕਵਾਂਪਣ

ਇਹਨਾ ਉਪਰੋਕਤ ਗੁਣਾਂ ਨੂੰ ਧਿਆਨ ਵਿਚ ਰੱਖਦਿਆਂ ਹੁਣ ਅਸੀ ਵੇਖਾਂਗੇ ਕਿ ਪੰਜਾਬੀ ਭਾਸ਼ਾ ਲਈ ਗੁਰਮੁਖੀ ਕਿਵੇ

ਸਭ ਤੋਂ ਢੁਕਵੀਂ ਲਿੱਪੀ ਹੈ :-

(ੳ) ਗੁਰਮੁਖੀ ਖ਼ਾਸ ਕਰਕੇ ਪੰਜਾਬੀ ਲਿਖਣ ਲਈ ਬਣਾਈ ਗਈ ਸੀ, ਅਤੇ ਉਸ ਸਮੇਂ ਇਸ ਨੂੰ ਪੰਜਾਬੀ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਲਈ ਮੁਕੰਮਲ ਲਿੱਪੀ ਬਣਾਇਆ ਗਿਆ ਸੀ। ਜੇ ਕੋਈ ਹੋਰ ਲਿੱਪੀ ਪੰਜਾਬੀ ਨੂੰ ਠੀਕ-ਠਾਕ ਲਿਖਣ ਦੇ ਯੋਗ ਹੁੰਦੀ ਤਾਂ ਇਹ ਨਵੀਂ ਲਿੱਪੀ ਬਣਾਉਣ ਦੀ ਲੋੜ ਹੀ ਨਾ ਪੈਂਦੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਕੇਵਲ ਗੁਰਮੁਖੀ ਹੀ ਪੰਜਾਬੀ ਲਈ ਸਭ ਤੋਂ ਢੁਕਵੀਂ ਲਿੱਪੀ ਹੈ।

(ਅ) ਪਿਛਲੇ ਚਾਰ, ਸਾਢੇ ਚਾਰ ਸੌ ਸਾਲਾਂ ਤੋਂ ਪੰਜਾਬੀ ਗੁਰਮੁਖੀ ਵਿਚ ਲਿਖੀਂਦੀ ਆ ਰਹੀ ਹੈ। ਇਸ ਕਾਰਨ ਪੰਜਾਬੀ ਤੇ ਗੁਰਮੁਖੀ ਦਾ ਨਾਤਾ ਬਹੁਤ ਗੂੜ੍ਹਾ ਹੋ ਗਿਆ ਹੈ। ਇਹਨਾਂ ਚੌਹ ਸਦੀਆਂ ਵਿਚ ਭਾਸ਼ਾ ਵਿਚ ਵੀ ਵਿਕਾਸ ਹੋਇਆ ਹੈ, ਅਤੇ ਭਾਸ਼ਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਗੁਰਮੁਖੀ ਲਿੱਪੀ ਵੀ ਨਾਲ ਨਾਲ ਵਿਕਾਸ ਕਰਦੀ ਆਈ ਹੈ। ਇੰਞ ਜੇ ਅੱਜ ਤੋਂ ਸਾਢੇ ਚਾਰ ਸੌ ਸਾਲ ਪਹਿਲਾਂ ਗੁਰਮੁਖੀ ਪੰਜਾਬੀ ਵਾਸਤੇ ਇਕੋ ਇਕ ਢੁੱਕਵੀਂ ਲਿੱਪੀ ਸੀ ਤਾਂ ਅੱਜ ਵੀ ਗੁਰਮੁਖੀ ਪੰਜਾਬੀ ਦੀ ਆਪਣੀ ਨਿਵੇਕਲੀ ਤੇ ਸਫ਼ਲ ਲਿੱਪੀ ਹੈ।

(ੲ) ਗੁਰਮੁਖੀ ਤੇ ਪੰਜਾਬੀ ਦਾ ਸੰਬੰਧ ਇੰਨਾ ਪੱਕਾ ਹੋ ਗਿਆ ਹੈ ਕਿ ਕਈ ਲੋਕ ਗੁਰਮੁਖੀ ਨੂੰ ਪੰਜਾਬੀ ਲਿੱਪੀ ਹੀ ਕਹਿੰਦੇ ਹਨ ਕੁਝ ਲੋਕ ਪੰਜਾਬੀ ਭਾਸ਼ਾ ਨੂੰ ਵੀ ਗੁਰਮੁਖੀ ਹੀ ਕਹਿ ਦਿੰਦੇ ਹਨ।

(ਸ) ਗੁਰਮੁਖੀ ਤੇ ਪੰਜਾਬੀ ਦੀ ਹਰ ਧੁਨੀ ਲਈ ਇੱਕ ਵੱਖਰਾ ਚਿੰਨ੍ਹ (ਅੱਖਰ ਜਾਂ ਲਗ) ਹੈ। ਕੋਈ ਧੁਨੀ ਅਜਿਹੀ ਨਹੀਂ ਜਿਸ ਲਈ ਗੁਰਮੁਖੀ ਵਿਚ ਲਗ ਜਾਂ ਅੱਖਰ ਨਾ ਹੋਵੇ। ਇਸ ਦੇ ਉਲਟ ਕੋਈ ਵੀ ਹੋਰ ਲਿੱਪੀ ਅਜਿਹੀ ਨਹੀਂ ਜਿਸ ਵਿਚ ਪੰਜਾਬੀ ਦੀਆਂ ਸਾਰੀਆਂ ਧੁਨੀਆਂ ਲਈ ਅੱਖਰ ਜਾਂ ਲਗਾਂ ਹੋਣ। ਰੋਮਨ ਲਿੱਪੀ ਵਿਚ ਖ, ਘ, ਚ, ਝ, ਟ, ਠ, ਡ, ਢ, ਣ, ਥ, ਧ, ਭ, ਵ ਆਦਿ ਲਈ ਕੋਈ ਅੱਖਰ ਨਹੀਂ। ਟਿੱਪੀ ਅਤੇ ਬਿੰਦੀ ਨੂੰ ਅੰਕਿਤ ਕਰਨ ਦਾ ਕੋਈ ਸਾਧਨ ਨਹੀਂ। ਰੋਮਨ ਵਿਚ ਲਿਖੇ ਸ਼ਬਦ Man ਨੂੰ ਮਨ, ਮਾਨ, ਮਣ, ਮਾਂ, ਮਾਨ, ਮਾਣ, ਮੈਨ, ਮੈਣ ਕੁੱਝ ਵੀ ਪੜ੍ਹਿਆ ਜਾ ਸਕਦਾ ਹੈ। ਫ਼ਾਰਸੀ ਲਿੱਪੀ ਵਿਚ ਵੀ ਪੰਜਾਬੀ ਦੀਆਂ ਬਹੁਤ ਸਾਰੀਆਂ ਧੁਨੀਆਂ ਲਈ ਅੱਖਰ ਨਹੀਂ। ਖ, ਛ, ਠ, ਥ, ਫ, ਘ, ਝ, ਢ, ਧ, ਭ ਨੂੰ ਅੰਕਿਤ ਕਰਨ ਲਈ ਦੋ ਦੋ ਅੱਖਰ ਮਿਲ ਕੇ ਵਰਤਣੇ ਪੈਂਦੇ ਹਨ, ਅਤੇ ਜਿਵੇਂ ਕਿ ਉੱਤੇ ਦੱਸਿਆ ਜਾ ਚੁੱਕਾ ਹੈ, ਲਗਾਂ ਦਰਸਾਉਣ ਲਈ ਫ਼ਾਰਸੀ ਲਿੱਪੀ ਵਿਚ ਕੋਈ ਢੁੱਕਵਾਂ ਸਾਧਨ ਹੀ ਨਹੀਂ। ਟਿੱਪੀ, ਬਿੰਦੀ ਦੀ ਥਾਂ ਚਿੰਨ੍ਹ ਵਰਤਣ ਦਾ ਵੀ ਕੋਈ ਢੁਕਵਾਂ ਪ੍ਰਬੰਧ ਨਹੀਂ। ਦੇਵਨਾਗਰੀ, ਜੋ ਗੁਰਮੁਖੀ ਨਾਲ ਕਾਫ਼ੀ ਮਿਲਦੀ ਹੈ, ਵਿਚ ਵੀ ਪੰਜਾਬੀ ਦੀਆਂ ਸਾਰੀਆਂ ਧੁਨੀਆਂ ਅੰਕਿਤ ਨਹੀਂ ਕੀਤੀਆਂ ਜਾ ਸਕਦੀਆਂ। ਉਦਾਹਰਣ ਲਈ ਅੱਧਕ ਲਈ ਦੇਵਨਾਗਰੀ ਵਿਚ ਕੋਈ ਚਿੰਨ੍ਹ ਨਹੀਂ, ਇਕ ਅੱਖਰ ਨੂੰ ਦੋ ਵਾਰੀ ਲਿਖ ਕੇ ਅੱਧਕ ਦਾ ਕੰਮ ਲਿਆ ਜਾਂਦਾ ਹੈ, ਜਿਵੇਂ ਸੱਤ ਨੂੰ सत्त ਲਿਖਿਆ ਜਾਂਦਾ ਹੈ। ਇਹ ਕੋਈ ਸੁਚੱਜਾ ਤਰੀਕਾ ਨਹੀਂ।

(ਹ) ਗੁਰਮੁਖੀ ਵਿਚ ਪੰਜਾਬੀ ਦੀ ਇਕ ਧੁਨੀ ਲਈ ਕੇਵਲ ਇੱਕ ਅੱਖਰ ਜਾਂ ਲਗ ਨਿਸ਼ਚਿਤ ਹੈ, ਜਿਸ ਕਰਕੇ ਭੁਲੇਖੇ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ ਤੇ ਸ਼ਬਦ-ਜੋੜ ਯਾਦ ਨਹੀਂ ਕਰਨੇ ਪੈਂਦੇ। ਹੋਰ ਕੋਈ ਲਿੱਪੀ ਇਹ ਸ਼ਰਤਾਂ ਪੂਰੀਆਂ ਨਹੀਂ ਕਰਦੀ। ਫ਼ਾਰਸੀ ਲਿੱਪੀ ਵਿਚ (ਜਿਵੇਂ ਉੱਤੇ ਦੱਸਿਆ ਹੈ) ਜ਼ ਦੀ ਧੁਨੀ ਲਈ ਚਾਰ ਅੱਖਰ ਹਨ, ਤ ਲਈ ਦੋ (ਤੇ ਅਤੇ ਤੋਇ), ਸ਼ ਲਈ ਤਿੰਨ (ਸ਼ੇ, ਸ਼ੀਨ ਤੇ ਸੁਆਦ), ਹ ਲਈ ਦੋ - ਹੇ, 'ਹਰ' ਵਾਲੀ ਤੇ ਹੇ 'ਹੁਕਮ' ਵਾਲੀ, ਦੇਵਨਾਗਰੀ ਵਿਚ ਸ਼ ਲਈ ਦੋ ਅੱਖਰ ਹਨ श ਅਤੇ ष । ਰੋਮਨ ਲਿਪੀ ਵਿਚ ਸ਼ ਲਈ ਕੋਈ ਵੱਖਰਾ ਅੱਖਰ ਨਹੀਂ, ਕਦੇ ਇਹ ਧੁਨੀ Sh ਨਾਲ ਅੰਕਿਤ ਕੀਤੀ ਜਾਂਦੀ ਹੈ ਜਿਵੇਂ Should ਵਿਚ, ਕਦੇ ss ਨਾਲ

(ਜਿਵੇਂ session ਵਿਚ) ਕਦੇ ti ਨਾਲ (ਜਿਵੇਂ ration ਵਿਚ), ਕ ਲਈ ਕਦੇ k ਵਰਤਿਆ ਜਾਂਦਾ ਹੈ ਕਦੇ c ।

(ਕ) ਗੁਰਮੁਖੀ ਦੇ ਹਰ ਅੱਖਰ ਤੇ ਲਗ ਦਾ ਪੰਜਾਬੀ ਦੀ ਕਿਸੇ ਨਾ ਕਿਸੇ ਨਿਸ਼ਚਿਤ ਧੁਨੀ ਨਾਲ ਪੱਕਾ ਸੰਬੰਧ ਹੈ, ਜਿਸ ਵਿਚ ਕੋਈ ਅਦਲਾ ਬਦਲੀ ਨਹੀਂ ਹੁੰਦੀ। ਗੁਰਮੁਖੀ ਦਾ ਕੋਈ ਅੱਖਰ ਅਜਿਹਾ ਨਹੀਂ ਜੋ ਕਿਸੇ ਲਿਪੀ ਦਾ ਅੱਖਰ ਵਾਉ ਸ਼ਬਦ 'ਖ਼ੁਸ਼ੀ' ਵਿਚ ਲਿਖਿਆ ਜਾਂਦਾ ਹੈ, ਪਰ ਉਚਾਰਿਆ ਨਹੀਂ ਜਾਂਦਾ। ਸ਼ਬਦ 'ਰੂਸ' ਵਿਚ 'ਊ' ਲਈ ਆਉਂਦਾ ਅਤੇ 'ਰਵਸ਼' ਵਿਚ ਵ ਲਈ। ਰੋਮਨ ਦਾ ਅੱਖਰ u ਸ਼ਬਦ but ਵਿਚ ਅ ਲਈ ਆਇਆ ਹੈ। put ਵਿਚ ਉ ਲਈ ਤੇ rule ਵਿਚ ਊ ਲਈ। ਹੋਰ ਵੀ ਅਨੇਕਾਂ ਉਦਾਹਰਣ ਦਿੱਤੇ ਜਾ ਸਕਦੇ ਹਨ। ਗੁਰਮੁਖੀ ਵਿਚ ਅਜਿਹੀ ਕੋਈ ਸਥਿਤੀ ਨਹੀਂ। ਹਰ ਅੱਖਰ ਤੇ ਲਗ ਦਾ ਕਾਰਜ ਨਿਸ਼ਚਿਤ ਹੈ, ਕੋਈ ਅੱਖਰ ਜਾਂ ਲਗ ਇਕ ਤੋਂ ਵੱਧ ਧੁਨੀਆਂ ਲਈ ਨਹੀਂ ਵਰਤੀ ਜਾਂਦੀ। ਇੰਜ ਇਹਨਾਂ ਅੱਖਰਾਂ ਤੇ ਲਗਾਂ ਦਾ ਪੰਜਾਬੀ ਦੀਆਂ ਧੁਨੀਆਂ ਤੇ ਦ੍ਰਿੜ ਨਾਤਾ ਹੈ। ਕੋਈ ਹੋਰ ਲਿੱਪੀ ਅਜਿਹਾ ਨਾਤਾ ਕਾਇਮ ਨਹੀਂ ਕਰ ਸਕਦੀ।

(ਖ) ਗੁਰਮੁਖੀ ਦਾ ਕੋਈ, ਅੱਖਰ ਅਜਿਹਾ ਨਹੀਂ ਜਿਸ ਦੀ ਧੁਨੀ ਪੰਜਾਬੀ ਵਿਚ ਉਚਾਰੀ ਨਾ ਜਾਂਦੀ ਹੋਵੇ । ਹੋਰ ਕੋਈ ਲਿੱਪੀ ਪੰਜਾਬੀ ਲਿਖਣ ਲਈ ਵਰਤੀ ਜਾਏ ਤਾਂ ਅਜਿਹੀ ਲਿੱਪੀ ਦੇ ਕੁਝ ਅੱਖਰ ਪੰਜਾਬੀ ਲਈ ਬੇਲੋੜੇ ਹੋਣਗੇ, ਫ਼ਾਰਸੀ ਐਨ, ਗੈਨ, ਤੋਇ, ਜ਼ੋਇ, ਸੇਖ਼ ਜ਼ਾਲ, ਜ਼ੁਆਦ, ਨੁਕਤਿਆਂ ਵਾਲਾ ਕਾਫ਼ ਤੇ ਕਈ ਹੋਰ ਅੱਖਰ ਪੰਜਾਬੀ ਲਈ ਬੇਲੋੜੇ ਹਨ ਅਤੇ ਬਹੁਤ ਸਾਰੇ ਜ਼ਰੂਰੀ ਲੋੜੀਂਦੇ ਅੱਖਰ ਇਸ ਲਿੱਪੀ ਵਿਚ ਮੌਜੂਦ ਹੀ ਨਹੀਂ। ਰੋਮਨ ਦੇ q, w ਤੇ e ਪੰਜਾਬੀ ਲਈ ਵਾਧੂ ਹਨ, ਅਤੇ ਪੰਜਾਬੀ ਦੀਆਂ ਕਈ ਧੁਨੀਆਂ ਹਨ ਜਿਨ੍ਹਾਂ ਵਾਸਤੇ ਰੋਮਨ ਵਿਚ ਕੋਈ ਅੱਖਰ ਨਹੀਂ, ਦੇਵਨਾਗਰੀ ਦੇ ਕਈ ष, क्ष, ज्ञ ਆਦਿ ਦੀ ਪੰਜਾਬੀ ਲਈ ਲੋੜ ਨਹੀਂ। ਸਿਰਫ਼ ਗੁਰਮੁਖੀ ਹੀ ਅਜਿਹੀ ਲਿੱਪੀ ਹੈ ਜਿਸ ਦੇ ਹਰ ਅੱਖਰ ਦੀ ਪੰਜਾਬੀ ਲਈ ਲੋੜ ਹੈ, ਤੇ ਹਰ ਧੁਨੀ ਲਈ ਗੁਰਮੁਖੀ ਵਿਚ ਅੱਖਰ ਜਾਂ ਲਗ ਮੌਜੂਦ ਹੈ।

(ਗ) ਅੱਧਕ ਵਾਲਾ ਉਚਾਰਣ ਪੰਜਾਬੀ ਦੀ ਵਿਸ਼ੇਸ਼ਤਾ ਹੈ, ਅਤੇ ਅੱਧਕ ਦਾ ਚਿੰਨ੍ਹ ਸਿਰਫ਼ ਗੁਰਮੁਖੀ ਵਿਚ ਹੀ ਹੈ। ਰੋਮਨ, ਦੇਵਨਾਗਰੀ ਆਦਿ ਵਿਚ ਅੱਧਕ, ਜਾਂ ਇਸ ਦਾ ਕੋਈ ਹੋਰ ਚਿੰਨ੍ਹ ਨਹੀਂ ਮਿਲਦਾ। ਫ਼ਾਰਸੀ ਲਿੱਪੀ ਵਿਚ ਅਜਿਹਾ ਚਿੰਨ੍ਹ ਜ਼ਰੂਰ ਹੈ ਪਰ ਫ਼ਾਰਸੀ ਲਿੱਪੀ ਵਿਚ ਪੰਜਾਬੀ ਲਿਖਣ ਵਾਲੇ ਇਸ ਚਿੰਨ੍ਹ ਦੀ ਵਰਤੋਂ ਨਹੀਂ ਕਰਦੇ।

(ਘ) ਪਿੱਛੇ ਜ਼ਿਕਰ ਕੀਤਾ ਗਿਆ ਹੈ ਕਿ ਭਾਸ਼ਾ ਦੇ ਨਾਲ ਨਾਲ ਗੁਰਮੁਖੀ ਲਿਪੀ ਵੀ ਵਿਕਾਸ ਕਰਦੀ ਰਹੀ ਹੈ। ਜਿਹੜੀਆਂ ਨਵੀਆਂ ਧੁਨੀਆਂ ਪੰਜਾਬੀ ਵਿਚ ਅਪਣਾ ਲਈਆਂ ਗਈਆਂ ਉਨ੍ਹਾਂ ਲਈ ਨਵੇ ਅੱਖਰ ਵੀ ਬਣਾ ਲਏ ਗਏ। ਸ਼, ਜ਼, ਖ਼, ਗ਼, ਫ਼, ਲ਼ ਅਜਿਹੇ ਨਵੇਂ ਘੜੇ ਗਏ ਅੱਖਰ ਹਨ, ਅੱਧਕ ਦਾ ਚਿੰਨ੍ਹ ਵੀ ਪੁਰਾਣੀ ਪੰਜਾਬੀ ਵਿਚ ਨਹੀ ਮਿਲਦਾ, ਇਹ ਵੀ ਨਵਾਂ ਘੜਿਆ ਗਿਆ ਹੈ।

ਅਸਲੀਅਤ ਇਹ ਹੈ ਕਿ ਹਰ ਅਮੀਰ ਭਾਸ਼ਾ ਦੀ ਆਪਣੀ ਨਿਵੇਕਲੀ ਲਿੱਪੀ ਹੁੰਦੀ ਹੈ। ਕੋਈ ਦੂਸਰੀ ਲਿੱਪੀ ਇਹ ਫ਼ਰਜ਼ ਓਨੀ ਸਫ਼ਲਤਾ ਨਾਲ ਨਹੀਂ ਨਿਭਾਅ ਸਕਦੀ, ਜਿੰਨੀ ਕਾਮਯਾਬੀ ਤੇ ਸ਼ੁੱਧਤਾ ਨਾਲ ਕਿਸੇ ਭਾਸ਼ਾ ਦੀ ਆਪਣੀ ਲਿੱਪੀ ਨਿਭਾਅ ਸਕਦੀ ਹੈ। ਜੇ ਕੋਈ ਲਿੱਪੀ ਕਿਸੇ ਬਿਗਾਨੀ ਭਾਸ਼ਾ ਤੇ ਠੋਸੀ ਜਾਵੇ ਤਾਂ ਪਹਿਲੇ ਤਾਂ ਉਸ ਲਿੱਪੀ ਵਿਚ ਇੰਨੀਆਂ ਤਬਦੀਲੀਆਂ ਕਰਨੀਆਂ ਪੈਣਗੀਆਂ ਜਿਨ੍ਹਾਂ ਨਾਲ ਲਿੱਪੀ ਦਾ ਮੁਹਾਂਦਰਾ ਹੀ ਬਦਲ ਜਾਏਗਾ। ਫੇ ਰ ਵੀ ਇਸ ਓਪਰੀ ਲਿੱਪੀ ਵਿਚ ਭਾਸ਼ਾ ਪੂਰੀ ਤਰ੍ਹਾਂ ਸ਼ੁੱਧ ਨਹੀਂ ਲਿਖੀ ਜਾਵੇਗੀ। ਭਾਸ਼ਾ ਦੀ ਆਪਣੀ ਲਿੱਪੀ ਉਹੋ ਹੈ ਜੋ ਉਸ ਭਾਸ਼ਾ ਲਈ ਸਿਰਜੀ ਗਈ ਤੇ ਉਸ ਦੇ ਨਾਲ ਵਿਕਾਸ ਕਰਦੀ ਤੇ ਵਧਦੀ ਫੁਲਦੀ ਰਹੀ। ਇਸ ਆਧਾਰ 'ਤੇ ਪੰਜਾਬੀ ਦੀ ਆਪਣੀ ਲਿੱਪੀ ਕੇਵਲ ਗੁਰਮੁਖੀ ਹੈ, ਜੋ ਪੰਜਾਬੀ ਲਿਖਣ ਲਈ ਬਣਾਈ ਗਈ ਤੇ ਪੰਜਾਬੀ

ਦੇ ਨਾਲ ਹੀ ਵਿਕਾਸ ਕਰਦੀ ਆਈ ਹੈ।

ਪੰਜਾਬੀ ਫ਼ਾਰਸੀ ਲਿੱਪੀ ਵਿਚ ਵੀ ਲਿਖੀ ਜਾਂਦੀ ਰਹੀ ਹੈ, ਅਤੇ ਅੱਜ ਵੀ ਪਾਕਿਸਤਾਨ ਵਿਚ ਵਧੇਰੇ ਕਰਕੇ ਪੰਜਾਬੀ ਫ਼ਾਰਸੀ ਲਿੱਪੀ ਵਿਚ ਹੀ ਲਿਖੀ ਜਾ ਰਹੀ ਹੈ ਪਰੰਤੂ ਫ਼ਾਰਸੀ ਲਿੱਪੀ ਜਾਣਨ ਵਾਲੇ ਕੋਈ ਅਜਿਹੀ ਪੰਜਾਬੀ ਲਿਖਤ ਪੜ੍ਹ ਕੇ ਵੇਖਣ ਤਾਂ ਪਤਾ ਲੱਗ ਜਾਏਗਾ ਕਿ ਫ਼ਾਰਸੀ ਲਿੱਪੀ ਵਿਚ ਲਿਖੀ ਪੰਜਾਬੀ ਪੜ੍ਹਨੀ ਕਿੰਨੀ ਔਖੀ ਹੈ। ਅਸਲ ਵਿਚ ਫ਼ਾਰਸੀ ਲਿੱਪੀ ਵਿਚ ਪੰਜਾਬੀ ਠੀਕ-ਠਾਕ ਲਿਖੀ ਹੀ ਨਹੀਂ ਜਾ ਸਕਦੀ।

ਅਸੀਂ ਇਹ ਵੀ ਕਹਾਂਗੇ ਕਿ ਗੁਰਮੁਖੀ ਵਿਚ ਕੋਈ ਵੀ ਹੋਰ ਭਾਸ਼ਾ ਓਨੀ ਸ਼ੁੱਧ ਨਹੀਂ ਲਿਖੀ ਜਾ ਸਕਦੀ, ਜਿੰਨੀ ਉਸ ਭਾਸ਼ਾ ਦੀ ਆਪਣੀ, ਲਿੱਪੀ ਵਿਚ। ਕੁਝ ਕੁ ਹਿੰਦੀ ਸਾਹਿਤ ਗੁਰਮੁਖੀ ਵਿਚ ਲਿਖਿਆ ਮਿਲਦਾ ਹੈ ਪਰੰਤੂ ਇਹ ਮੰਨਣਾ ਪਏਗਾ ਕਿ ਗੁਰਮੁਖੀ ਹਿੰਦੀ ਲਈ ਓਨੀ ਸਫ਼ਲ ਨਹੀਂ ਜਿੰਨੀ ਦੇਵਨਾਗਰੀ ਹੈ। ਉਦਾਹਰਣ ਲਈ ਹਿੰਦੀ ਦਾ ਸਾਧਾਰਨ ਸ਼ਬਦ ਵ੍ਯਾਵਹਾਰ ਗੁਰਮੁਖੀ ਵਿਚ ਵਿਵਹਾਰ ਜਾਂ ਵਯਵਿਹਾਰ ਲਿਖਿਆ ਜਾ ਸਕਦਾ ਹੈ। ਇਹਨਾਂ ਵਿਚੋਂ ਕੋਈ ਵੀ ਰੂਮ ਮੂਲ ਦੇ ਬਰਾਬਰ ਤੇ ਸ਼ੁੱਧ ਨਹੀਂ। ਅੰਗਰੇਜ਼ਾਂ ਦੇ ਰਾਜ ਸਮੇਂ ਫ਼ੌਜ ਵਿਚ ਰੋਮਨ ਲਿਪੀ ਵਿਚ ਉਰਦੂ ਜਾਂ ਹਿੰਦੁਸਤਾਨੀ ਲਿਖਣ ਦਾ ਕਾਫ਼ੀ ਚਿਰ ਰਿਵਾਜ਼ ਰਿਹਾ ਪਰੰਤੂ ਇਹ ਕਦੇ ਵੀ ਸਫ਼ਲ ਸਿੱਧ ਨਾ ਹੋਇਆ। ਦੂਜੇ ਸੰਸਾਰ ਯੁੱਧ ਵਿਚ ਤਾਂ ਇੱਕ ਗੋਰਖਾ ਪਲਟਣ ਨੂੰ ਜਪਾਨੀਆਂ ਸਾਹਮਣੇ ਸਿਰਫ਼ ਇਸ ਲਈ ਹਥਿਆਰ ਸੁੱਟਣੇ ਪਏ ਕਿ ਗੋਰਖਿਆਂ ਦੇ ਰੋਮਨ ਵਿਚ ਲਿਖੇ ਉਰਦੂ ਦੇ ਸੁਨੇਹੇ ਨੂੰ ਦੂਜੇ ਪਾਸੇ ਕੁਝ ਹੋਰ ਦਾ ਹੋਰ ਪੜ੍ਹਿਆ ਗਿਆ।

ਮਸਲਾ ਸਿਰਫ਼ ਅੱਖਰਾਂ ਤੇ ਲਗਾਂ ਦਾ ਨਹੀਂ, ਲਿਖਣ ਦੀ ਵਿਧੀ ਦਾ ਵੀ ਕਾਫ਼ੀ ਫ਼ਰਕ ਹੁੰਦਾ ਹੈ। ਮੰਨ ਲਓ ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣਾ ਹੈ। ਪੰਜਾਬੀ ਵਿਚ ਨਾਂਵ 'ਘੋੜੀ' ਦਾ ਬਹੁਵਚਨ 'ਘੋੜੀਆਂ' ਹੈ। ਹਿੰਦੀ ਵਿਚ ਇਸ ਸ਼ਬਦ ਦਾ ਬਹੁਵਚਨ घोडीयां ਬਣਦਾ ਹੈ। ਪੰਜਾਬੀ ਵਿਚ ਘੋੜਿਆਂ, ਘੋੜੇ ਸ਼ਬਦ ਦਾ ਬਹੁਵਚਨ ਹੈ। ਹੁਣ ਦੇਵਨਾਗਰੀ ਵਿਚ ਇਹ ਪੰਜਾਬੀ ਬਹੁਵਚਨ ਕਿਵੇਂ ਲਿਖੋਗੇ? ਜੇ घोडियां ਲਿਖੋ ਤਾਂ ਪੰਜਾਬੀ ਵਿਚ 'ਘੋੜਿਆਂ' ਬਣਦਾ ਹੈ ਜੋ ਘੋੜੀ ਦਾ ਬਹੁਵਚਨ ਨਹੀਂ ਘੋੜੇ ਦਾ ਬਹੁਵਚਨ ਹੈ। ਪਰ ਜੇ घोडीयां ਲਿਖੋ ਤਾਂ ਇਸ ਨਾਲ ਦੇਵਨਾਗਰੀ ਲਿੱਪੀ ਦਾ ਨਿਯਮ ਭੰਗ ਹੁੰਦਾ ਹੈ, ਨਾਲ ਇਕ ਦੇ ਦੋ ਸ਼ਬਦ-ਜੋੜ ਅਪਨਾਉਣੇ ਪੈਂਦੇ ਹਨ। ਹੋਰ ਵੇਖੋ - ਪੰਜਾਬੀ ਵਿਚ 'ਰਿਸ਼ੀ' ਲਿਖਿਆ ਜਾਂਦਾ ਹੈ, ਦੇਵਨਾਗਰੀ - ਪੰਜਾਬੀ ਸ਼ਬਦ 'ਰਿਸ਼ੀ' ਨੂੰ ਦੇ ਵਨਾਗਰੀ ਵਿਚ ਕਿਸ ਤਰ੍ਹਾਂ ਲਿਖੋਗੇ? ਜੇ ऋषि ਲਿਖੋ, ਤਾਂ ਪੰਜਾਬੀ ਵਾਲੇ ਇਸ ਨੂੰ 'ਰਿਸ਼' ਪੜ੍ਹਨਗੇ, ਕਿਉਂਕਿ ਪੰਜਾਬੀ ਵਿਚ ਅੰਤਿਮ ਸਿਹਾਰੀ ਉਚਾਰੀ ਨਹੀਂ ਜਾਂਦੀ। ਜੇ रिषी ਲਿਖੋ ਤਾਂ ਇਹ ਮੂਲ ਰੂਪ ਨੂੰ ਵਿਗਾੜ ਦੇਵੇਗੀ।

ਸੋ ਸਪਸ਼ਟ ਹੈ ਕਿ ਕੋਈ ਵੀ ਭਾਸ਼ਾ ਆਪਣੀ ਹੀ ਲਿੱਪੀ ਵਿਚ ਠੀਕ-ਠਾਕ ਲਿਖੀ ਜਾ ਸਕਦੀ ਹੈ। ਪੰਜਾਬੀ ਦੀ ਆਪਣੀ ਲਿੱਪੀ ਗੁਰਮੁਖੀ ਹੈ, ਇਹੋ ਹੀ ਪੰਜਾਬੀ ਲਈ ਇਕੋ-ਇਕ ਢੁਕਵੀਂ ਤੇ ਸਫ਼ਲ ਲਿੱਪੀ ਹੈ। ਹੋਰ ਕੋਈ ਵੀ ਲਿੱਪੀ ਪੰਜਾਬੀ ਵਿਚ ਪੂਰੀ ਸਫ਼ਲਤਾ ਨਾਲ ਨਹੀਂ ਵਰਤੀ ਜਾ ਸਕਦੀ।

ਗੁਰਮੁਖੀ ਲਿੱਪੀ ਦੀਆਂ ਊਣਤਾਵਾਂ

ਇਹ ਕਿਹਾ ਜਾ ਚੁੱਕਾ ਹੈ ਕਿ ਪੰਜਾਬੀ ਭਾਸ਼ਾ ਵਿਚ ਗੁਰਮੁਖੀ ਸਭ ਤੋਂ ਉਪਯੁਕਤ ਲਿਪੀ ਹੈ। ਇਸ ਦੀ ਜਨਮ ਕਹਾਣੀ ਵੀ ਇਸ ਤੱਥ ਦੀ ਸੂਚਕ ਹੈ ਕਿ ਗੁਰਮੁਖੀ ਬਣੀ ਹੀ ਇਸ ਕੰਮ ਲਈ ਸੀ। ਪਰ ਫੇਰ ਵੀ ਸਮੇਂ ਦੀਆਂ ਲੋੜਾਂ ਅਨੁਸਾਰ ਇਸ ਵਿਚ ਕੁਝ ਜ਼ਰੂਰੀ ਸੋਧ ਕੀਤੀ ਜਾ ਸਕਦੀ ਹੈ। ਮੁੱਖ ਰੂਪ ਵਿਚ ਇਸ ਲਿੱਪੀ ਵਿਚ ਊਣਤਾਵਾਂ ਨੂੰ ਕੁਝ ਇੰਜ ਦਰਸਾਇਆ ਜਾ ਸਕਦਾ ਹੈ :

1. ਲ ਅੱਖਰ ਦਾ ਸੰਕੇਤ ਇਕ ਹੈ ਜਦ ਕਿ ਅਜੋਕੇ ਪੰਜਾਬੀ ਉਚਾਰਣ ਵਿਚ ਦੋ ਸਾਰਥਕ ਧੁਨੀਆਂ ਦੀ ਵਰਤੋਂ ਹੁੰਦੀ ਹੈ। ਖਾਲੀ ਤੇ ਖਾਲੀ (ਪਾਣੀ ਦੀ ਆਡ) ਵਿਚ ਫਰਕ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ। (ਹੁਣ 'ਲ਼' ਸੰਕੇਤ ਵੀ ਵਰਤਿਆ ਜਾਣ ਲੱਗ ਪਿਆ ਹੈ)।

2. ਘ, ਝ, ਢ, ਧ, ਭ, ਅੱਖਰ ਦੋ ਦੋ ਧੁਨੀਆਂ ਲਈ ਵਰਤੇ ਜਾਂਦੇ ਹਨ ਕਿਤੇ ਇਨ੍ਹਾਂ ਦਾ ਉਚਾਰਣ ਕ, ਚ, ਟ, ਤ, ਪ ਜਿਹਾ ਹੁੰਦਾ ਹੈ ਤੇ ਕਿਤੇ ਗ, ਜ, ਡ, ਦ, ਬ ਵਰਗਾ।

3. ਹ ਦਾ ਉਚਾਰਣ ਕੇਵਲ ਸ਼ਬਦਾਂ ਦੇ ਆਰੰਭ ਵਿਚ ਹੀ ਕੀਤਾ ਜਾਂਦਾ ਹੈ।
4. ਕੁਝ ਸ਼ਬਦਾਂ ਵਿਚ ਸੂਰ ਚਿੰਨ੍ਹ ਦੀ ਠੀਕ ਧੁਨੀ ਦਾ ਪਤਾ ਨਹੀਂ ਲੱਗਦਾ। ਬਹੁਤ, ਸ਼ਹਿਰ, ਕਿਹੜਾ, ਕੁਹਾੜਾ ਆਦਿ ਵਿਚ ਸਿਹਾਰੀ ਤੇ ਔਂਕੜ ਦੀਆਂ ਠੀਕ ਧੁਨੀਆਂ ਦਾ ਨਿਰਣਯ ਕਰਨਾ ਆਮ ਪਾਠਕ ਲਈ ਔਖਾ ਹੈ।
5. ਰ ਜਦੋਂ ਕਿਸ ਦੂਜੇ ਨਾਲ ਸੰਯੁਕਤ ਧੁਨੀ ਨੂੰ ਪ੍ਰਗਟ ਕਰਦਾ ਹੈ ਤਾਂ ਇਸ ਦਾ ਰੂਪ ਕੁਝ ਔਖਾ ਹੀ ਜਾਪਦਾ ਹੈ ਸ੍ਰੀ ਆਦਿ ਸ਼ਬਦਾਂ ਵਿਚ।
6. ਅੱਧਕ ਦੀ ਵਰਤੋਂ ਹਰ ਥਾਂ ਦੁੱਤ ਅੱਖਰਾਂ ਲਈ ਹੀ ਕੀਤੀ ਜਾਂਦੀ ਹੈ। ਮੱਝ, ਬੱਘੀ ਆਦਿ ਵਿਚ।
7. ਸ਼, ਜ਼, ਫ਼, ਖ਼, ਗ਼ ਆਦਿ ਨਵੇਂ ਅੱਖਰਾਂ ਦੀ ਥਾਂ ਉਚਾਰਣ ਅਨੁਸਾਰ ਨਹੀਂ।
8. ਸੂਰ ਨੂੰ ਅੰਕਿਤ ਕਰਨ ਲਈ ਗੁਰਮੁਖੀ ਵਿਚ ਵਿਸ਼ੇਸ਼ ਚਿੰਨ੍ਹ ਨਹੀਂ।
9. ਸੂਰ ਦੀ ਹੋਂਦ ਕਾਰਣ ਸ਼ਬਦ ਜੋੜਾਂ ਦਾ ਮਸਲਾ ਵੀ ਗੁੰਝਲਦਾਰ ਹੋ ਗਿਆ ਹੈ।
10. ਸੰਜੁਗਤ ਧੁਨੀਆਂ ਲਿਖਣ ਲਈ ਕੋਈ ਚੰਗਾ ਸਾਧਨ ਮੌਜੂਦ ਨਹੀਂ।

## ਗੁਰਮੁਖੀ ਲਿਪੀ ਦੀ ਪ੍ਰਾਚੀਨਤਾ

ਇਹ ਕਿਹਾ ਜਾ ਚੁੱਕਿਆ ਹੈ ਕਿ ਗੁਰਮੁਖੀ ਲਿਪੀ ਦਾ ਵਿਕਾਸ ਬ੍ਰਹਮੀ ਤੋਂ ਹੋਇਆ ਹੈ। ਬ੍ਰਹਮੀ ਦਾ ਵਿਕਾਸ ਸਿੰਧੂ ਘਾਟੀ ਦੀ ਲਿਪੀ ਤੋਂ ਹੋਇਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਗੁਰਮੁਖੀ ਦੇ ਕੁਝ ਅੱਖਰ ਸੰਕੇਤ ਤਾਂ ਉੱਨੇ ਹੀ ਪੁਰਾਣੇ ਹਨ ਜਿੰਨੀ ਕਿ ਸਿੰਧੂ ਘਾਟੀ ਦੀ ਲਿਪੀ। ਬ੍ਰਹਮੀ ਨਾਲ ਮਿਲਦੇ ਜੁਲਦੇ ਅੱਖਰਾਂ ਦੀ ਗਿਣਤੀ ਵੀ ਕਾਫ਼ੀ ਹੈ। ਸੋਲ੍ਹਵੀਂ ਸਦੀ ਦੇ ਪੰਜਾਬ ਵਿਚ ਪ੍ਰਮਾਣਿਕ ਤੇ ਪੂਰਣਤਾ ਵਾਲੀ ਕੋਈ ਲਿੱਪੀ ਸਾਨੂੰ ਨਹੀਂ ਮਿਲਦੀ, ਲੰਡੇ ਤੇ ਟਾਕਰਿਆਂ ਨੂੰ ਲਿਪੀ ਕਿਹਾ ਹੀ ਨਹੀਂ ਜਾ ਸਕਦਾ। ਸ਼ਾਰਦਾ ਜਾਂ ਟਾਕਰੀ ਦਾ ਜੇਕਰ ਕੋਈ ਰੂਪ ਪੰਜਾਬ ਵਿਚ ਕਿਤੇ ਵਰਤਿਆ ਜਾਂਦਾ ਸੀ, ਤਾਂ ਉਹ ਵੀ ਕਾਫ਼ੀ ਅਪੂਰਣ ਤੇ ਅਸਥਿਰ ਸੀ। ਕੁਝ ਅੱਖਰਾਂ ਦੀ ਮੌਜੂਦਗੀ ਤੋਂ ਇਨਕਾਰ ਕੀਤਾ ਜਾ ਸਕਦਾ। ਕੋਈ ਪੰਜ ਕੁ ਵਰ੍ਹੇ ਪਹਿਲਾਂ ਗੁਰਮੁਖੀ ਪੰਜਾਬੀ ਲਈ ਪ੍ਰਯੋਗ ਵਿਚ ਆਉਣ ਲੱਗੀ ਹੋਵੇਗੀ ਕੁਝ ਵਿਦਵਾਨ ਇਸ ਤੋਂ ਪੁਰਾਣੀ ਮੰਨਣ ਦੇ ਹੱਕ ਵਿਚ ਹਨ। ਗੁਰਮੁਖੀ ਦੀ ਵਰਤੋਂ ਕੇਵਲ ਪੰਜਾਬੀ ਭਾਸ਼ਾ ਲਈ ਹੀ ਨਹੀਂ ਹੋਈ ਸਗੋਂ ਇਸ ਵਿਚ ਬ੍ਰਿਜ ਭਾਸ਼ਾ ਦਾ ਬਹੁਤ ਸਾਰਾ ਸਾਹਿਤ ਵੀ ਲਿਖਿਆ ਗਿਆ। ਕਿਸੇ ਵੇਲੇ ਸਾਰੇ ਉੱਤਰੀ ਭਾਰਤ ਵਿਚ ਇਸ ਲਿਪੀ ਦਾ ਪ੍ਰਯੋਗ ਹੁੰਦਾ ਸੀ। ਇਸ ਨੂੰ ਫ਼ਾਰਸੀ ਲਿੱਖਣ ਦਾ ਮਾਧਿਅਮ ਵੀ ਬਣਾਇਆ ਗਿਆ। ਗੁਰਮੁਖੀ ਲਿਪੀ ਨੂੰ ਚਾਹੇ ਪੰਜ ਸੌ ਪਰ੍ਹੇ ਪੁਰਾਣੀ ਮੰਨਿਆ ਜਾਏ ਜਾਂ ਇਸ ਤੋਂ ਵੀ ਵੱਧ ਇਹ ਕੋਈ ਇੰਨਾ ਮਹੱਤਵਪੂਰਣ ਪ੍ਰਸ਼ਨ ਨਹੀਂ। ਹਕੀਕਤ ਇਹ ਹੈ ਕਿ ਇਸ ਦੀ ਵਰਤੋਂ ਕਿਸੇ ਵਿਸ਼ੇਸ਼ ਜਾਤ ਪਾਤ ਜਾਂ ਵਰਗ ਵਿਚ ਹੀ ਸੀਮਿਤ ਨਹੀਂ, ਨਾ ਹੀ ਕਿਸੇ ਸੰਪਰਦਾ ਵਿਸ਼ੇਸ਼ ਦੀ ਲਿਪੀ ਹੈ। ਪੰਜਾਬੀ ਲਈ ਇਸ ਤੋਂ ਵੱਧ ਉਪਯੋਗੀ ਲਿਪੀ ਕੋਈ ਦੂਜੀ ਹੋ ਨਹੀਂ ਸਕਦੀ। ਗੁਰਮੁਖੀ ਕੇਵਲ ਪੰਜਾਬੀ ਲਈ ਹੀ ਨਹੀਂ ਹੋਰ ਭਾਰਤੀ ਭਾਸ਼ਾਵਾਂ ਲਈ ਵੀ ਵਰਤੀ ਜਾ ਸਕਣ ਦੇ ਯੋਗ ਲਿਪੀ ਹੈ।

ਪਾਠ ਨੰ : 4 ਡਾ. ਭੁਪਿੰਦਰ ਸਿੰਘ ਖਹਿਰਾ

# ਗੁਰਮੁਖੀ ਆਰਥੋਗਰਾਫ਼ੀ

**ਪਾਠ ਦਾ ਮੰਤਵ** : ਇਸ ਪਾਠ ਦਾ ਮੰਤਵ ਗੁਰਮੁਖੀ ਲਿਪੀ ਦੀਆਂ ਲਿਪਾਂਕਣ ਵਿਧੀਆਂ ਅਤੇ ਨੇਮਾਂ ਤੋਂ ਜਾਣਕਾਰੀ ਕਰਾਉਣਾ ਹੈ। ਗੁਰਮੁਖੀ ਲਿਪਾਂਕ ਤੋਂ ਕੀ ਭਾਵ ਹੈ? ਇਹ ਲਿਪਾਂਕ ਕਿਹੜੀਆਂ ਪਰਿਸਥਿਤੀਆਂ ਵਿਚ ਵਰਣ ਅਤੇ ਕਿਹੜੀਆਂ ਪਰਿਸਥਿਤੀਆਂ ਵਿਚ ਉਚਾਰ-ਖੰਡ ਦਾ ਰੂਪ ਧਾਰਨ ਕਰ ਲੈਂਦਾ ਹੈ। ਇਹ ਲਿਪਾਂਕ ਕਿਵੇ ਜੁੜਦੇ ਹਨ। ਗੁਰਮੁਖੀ ਲਿਪੀ ਵਿਚ ਕਿੰਨੀਆਂ ਵੰਨਗੀਆਂ ਦੇ ਲਿਪਾਂਕ ਹਨ। ਇਹ ਲਿਪਾਂਕ ਕਿਹੜੀਆਂ ਤਰਕੀਬਾਂ ਦੀ ਵਰਤੋਂ ਕਰਦੇ ਹਨ। ਇਹਨਾਂ ਸਾਰੇ ਨੁਕਤਿਆਂ ਬਾਰੇ ਸੰਖੇਪ ਵਿਚ ਚਰਚਾ ਕੀਤੀ ਗਈ ਹੈ।

**ਪਾਠ ਦੀ ਰੂਪ ਰੇਖਾ** : ਸਭ ਤੋਂ ਪਹਿਲਾਂ ਗੁਰਮੁਖੀ ਵਰਣਮਾਲਾ ਬਾਰੇ ਚਰਚਾ ਕੀਤੀ ਗਈ ਹੈ। ਉਸ ਤੋਂ ਬਾਅਦ ਗੁਰਮੁਖੀ ਲਿਪਾਂਕ ਦੇ ਦੂਹਰੇ ਕਾਰਜ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਲਿਪਾਂਕਾਂ ਦੀਆਂ ਵੰਨਗੀਆਂ ਤੇ ਲਿਪਾਕਣਕਾਰੀ ਦੇ ਨੇਮਾਂ ਤੋਂ ਜਾਣਕਾਰੀ ਕਰਵਾਉਣ ਤੋਂ ਉਪਰੰਤ ਗੁਰਮੁਖੀ ਦੀਆਂ ਪਰਮੁੱਖ ਤਰਕੀਬਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

## ਗੁਰਮੁਖੀ ਵਰਣ ਅਤੇ ਗੁਰਮੁਖੀ ਵਰਣਮਾਲਾ

1. ਪੰਜਾਬੀ ਵਿਚ **ਵਰਣ ਜਾਂ ਅੱਖਰ ਸ਼ਬਦ ਅੰਗਰੇਜ਼ੀ ਦੇ ਸ਼ਬਦ** '**Letter**' **ਦਾ ਪਰਿਆਇਵਾਚੀ** ਹੈ। ਇਸ ਤੋਂ ਪਹਿਲਾਂ ਕਿ ਗੁਰਮੁਖੀ ਵਰਣ ਬਾਰੇ ਕੁਝ ਕਿਹਾ ਜਾਵੇ। ਪਹਿਲਾਂ **ਵਰਣ** ਜਾਂ **ਅੱਖਰ** ਬਾਰੇ ਜਾਣਨਾ ਪਏਗਾ ਭਾਵ ਕਿ ਇਹ ਵਰਣ ਜਾਂ ਅੱਖਰ ਕਿਸ ਨੂੰ ਕਹਿੰਦੇ ਹਨ। ਪੰਜਾਬੀ ਵਿਚ ਅੱਖਰ ਤੇ ਵਰਣ ਦੋਵੇਂ ਸ਼ਬਦ ਹੀ ਪ੍ਰਚੱਲਿਤ ਹਨ। ਇਨ੍ਹਾਂ ਵਿਚੋਂ ਕੋਈ ਵੀ ਵਰਤਿਆ ਜਾ ਸਕਦਾ ਹੈ ਪ੍ਰੰਤੂ ਇਸ ਪਾਠ ਵਿਚ ਕੇਵਲ ਵਰਣ ਸ਼ਬਦ ਹੀ ਵਰਤਿਆ ਗਿਆ ਹੈ।

2. ਅੰਗਰੇਜ਼ੀ ਦਾ ਸ਼ਬਦ 'Letter' ਅਤੇ ਪੰਜਾਬੀ/ਹਿੰਦੀ ਦਾ **ਵਰਣ** ਅਜੇਹੇ ਪਦ ਹਨ ਜਿਹੜੇ ਲਿਖਤ ਅਤੇ ਉਚਾਰ ਦੇ ਆਪਸੀ ਰਿਸ਼ਤੇ ਨੂੰ ਪ੍ਰਗਟਾਉਣ ਲਈ ਵਰਤੇ ਜਾਂਦੇ ਹਨ ਪਰੰਤੂ ਇਨ੍ਹਾਂ ਸ਼ਬਦਾਂ ਦੀ ਵਰਤੋਂ ਦੇ ਪ੍ਰਸੰਗਾਂ ਵਿਚ ਭਿੰਨਤਾ ਜ਼ਰੂਰ ਹੁੰਦੀ ਹੈ। ਜੌਹਨ ਵਾਕਰ (John Walker) ਆਪਣੀ ਡਿਕਸ਼ਨਰੀ ਵਿਚ 'Letter' ਨੂੰ ਪਰਿਭਾਸ਼ਤ ਕਰਦਾ ਹੋਇਆ ਲਿਖਦਾ ਹੈ ਕਿ ਵਰਣ ਭਾਸ਼ਾ ਦੇ ਅਜੇਹੇ ਤੱਤ ਹਨ, ਜਿਨ੍ਹਾਂ ਵਿਚ ਧੁਨੀ ਦੀ ਸ਼ਕਤੀ ਹੈ। ਅਜਿਹੇ ਬੀਜ ਹਨ ਜਿਨ੍ਹਾਂ ਵਿਚੋਂ ਬੋਲੀ ਉਗਮਦੀ ਅਤੇ ਵਿਗਸਦੀ ਹੈ। **ਵਾਕਰ** ਦਾ ਮਤ ਹੈ ਕਿ ਉਚਾਰਣ ਦੇ ਤੱਤ, ਵਰਣ ਹੀ ਹਨ।

ਆਕਸਫੋਰਡ ਪਾਕਟ ਡਿਕਸ਼ਨਰੀ (Oxford Pocket Dictionary) ਵਰਣ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੀ ਹੈ :

"A character of symbols of which written words are composed" ਇਹੋ ਪਰਿਭਾਸ਼ਾ ਹੀ ਯੂਰਪ ਅਤੇ ਅਮਰੀਕਾ ਦੀਆਂ ਹੋਰ ਪ੍ਰਮੁੱਖ ਡਿਕਸ਼ਨਰੀਆਂ ਵਿਚ ਪ੍ਰਚੱਲਿਤ ਹੈ। ਪਰੰਤੂ ਡਾ. ਜੋਹਨਸਨ (Johnson) ਵਰਣ ਨੂੰ ਹੋਰ ਵੀ ਵੱਧ ਵਿਗਿਆਨਕ ਢੰਗ ਨਾਲ ਪਰਿਭਾਸ਼ਤ ਕਰਦਾ ਹੈ। "One of the elements of syllable a character in the Alphabet". ਇਸ ਪਰਿਭਾਸ਼ਾਤ ਵਿਚ ਪਹਿਲਾ ਇਸ਼ਾਰਾ ਉਚਾਰ ਵੱਲ ਹੈ ਅਤੇ ਦੂਸਰਾ ਲਿਖਤ ਵੱਲ, ਇਸ ਤਰ੍ਹਾਂ ਪਰਿਭਾਸ਼ਾ ਵਰਣ ਦੇ ਦੋਹਾਂ ਪੱਖਾਂ, ਉਚਾਰ ਅਤੇ ਲਿਖਤ ਨੂੰ ਆਪਸ ਵਿਚ ਜੋੜਦੀ ਹੈ।

3. ਭੂਤ ਕਾਲ ਵਿਚ ਪਦ (Letter) ਉਚਾਰ ਧੁਨੀ (Speech Sound) ਦੇ ਅਰਥਾਂ ਦਾ ਸੰਚਾਰ

ਕਰਨ ਲਈ ਵਰਤਿਆ ਜਾਂਦਾ ਰਿਹਾ ਹੈ।

ਜੋਹਨ ਬਸੁਹਰਲ ਲਿਖਦਾ ਹੈ ਕਿ ਵਰਣ ਉਚਾਰਣ ਦੇ ਤੱਤ ਹਨ। ਇਸੇ ਤਰ੍ਹਾਂ ਲਾਤੀਨੀ ਦਾ ਸ਼ਬਦ 'Litera' ਵੀ ਅੰਗਰੇਜ਼ੀ ਸ਼ਬਦ 'Letter' ਵਾਂਗ ਉਚਾਰ ਅਤੇ ਲਿਖਤ ਦੋਹਾਂ ਲਈ ਵਰਤਿਆ ਜਾਂਦਾ ਰਿਹਾ ਹੈ। Bright Land ਦੀ ਗਰਾਮਰ ਜਿਹੜੀ ਉਸ ਨੇ 1771 ਵਿਚ ਲਿਖੀ, ਅਨੁਸਾਰ ਵਰਣ ਧੁਨੀ ਦੇ ਚਿੰਨ੍ਹ ਹਨ, ਇਹ ਆਪਣੇ ਆਪ ਵਿਚ ਸੁਤੰਤਰ ਧੁਨੀ ਰੂਪ ਨਹੀਂ।

ਬੇਸ਼ਕ ਪਦ 'Letter' ਉਚਾਰ ਅਤੇ ਲਿਖਤ ਦੋਹਾਂ ਦੇ ਆਪਸੀ ਸਬੰਧ ਲਈ ਵਰਤਿਆ ਜਾਂਦਾ ਰਿਹਾ ਹੈ ਪਰੰਤੂ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ ਅਤੇ ਵੀਹਵੀਂ ਸਦੀ ਦੇ ਸ਼ੁਰੂ ਤੋਂ ਇਹ ਸ਼ਬਦ ਜ਼ਿਆਦਾਤਰ ਲਿਖਤੀ ਚਿੰਨ੍ਹਾਂ ਲਈ ਹੀ ਵਰਤਿਆ ਜਾਣ ਲਗ ਪਿਆ ਹੈ।

4. ਪੰਜਾਬੀ ਸ਼ਬਦ **ਵਰਣ** ਕੁਝ ਵਧੇਰੇ ਸਪਸ਼ਟ ਹੈ। ਇਹ ਸ਼ਬਦ ਵਰਣ ਜੁਗਤਬੰਦੀ ਲਈ ਵਰਤਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਧੁਨੀਆਂ ਦੀ ਜੁਗਤਬੰਦੀ ਲਈ ਵੀ ਸ਼ਬਦ ਵਰਤਿਆ ਗਿਆ ਹੈ। ਇਸ ਲਈ ਸ਼ਬਦ ਵਰਣ ਲਿਖਤ ਅਤੇ ਉਚਾਰ ਦੋਹਾਂ ਵੱਲ ਹੀ ਸੰਕੇਤ ਕਰਦਾ ਹੈ ਪਰੰਤੂ ਵਰਣ ਦੇ ਆਕਾਰ ਅਤੇ ਉਚਾਰ ਦੁਆਰਾ ਪ੍ਰਗਟ ਕੀਤੀ ਜਾਣ ਵਾਲੀ ਧੁਨੀ ਵਿਚਕਾਰ ਕੋਈ ਵਿਗਿਆਨਕ ਰਿਸ਼ਤਾ ਨਹੀਂ ਸਗੋਂ ਵਿਗਿਆਨਕ ਰਿਸ਼ਤਾ ਤਾਂ ਲਿਖਤੀ ਚਿੰਨ੍ਹ ਅਤੇ ਧੁਨੀ ਵਿਚਕਾਰ ਹੈ। ਉਪਰੋਕਤ ਪਰਿਭਾਸ਼ਾਵਾਂ ਨੂੰ ਧਿਆਨ ਵਿਚ ਰਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰਮੁਖੀ ਵਰਣ ਇਕ ਅਜਿਹਾ ਚਿੰਨ੍ਹ ਹੈ ਜਿਹੜਾ ਸੰਬੰਧਿਤ ਸਾਰਥਕ ਧੁਨੀ ਅਤੇ ਉਚਾਰ ਦੀ ਲਿਖਤੀ ਪ੍ਰਤੀਨਿਧਤਾ ਕਰਦਾ ਹੈ। ਧੁਨੀ ਅਤੇ ਵਰਣ ਦਾ ਡਾਇਲੈਕਟੀਕਲ ਰਿਸ਼ਤਾ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ :

**ਵਰਣ ਧੁਨੀ**

ਤਕਨੀਕੀ ਸ਼ਬਦਾਵਲੀ ਵਿਚ ਅਸੀਂ ਕਹਿ ਸਕਦੇ ਹਾਂ ਕ ਗੁਰਮੁਖੀ ਵਰਣ ਇਕ ਅਜਿਹਾ ਬਿੰਦੂ ਹੈ ਜਿਥੇ ਵਿਸ਼ੇਸ਼ ਆਕਾਰ ਵਿਸ਼ੇਸ਼ ਉਚਾਰਖੰਡ ਦਾ ਆਪਸੀ ਰਿਸ਼ਤਾ ਜੁੜਿਆ ਹੈ। ਆਮ ਤੌਰ ਤੇ ਇਕ ਉਚਾਰਖੰਡ ਵਿਚ ਇਕ ਸਵਰ ਅਤੇ ਇਕ ਵਿਅੰਜਨ ਆਉਂਦਾ ਹੈ। ਜੋੜ ਜੁਗਤ ਦੇ ਆਧਾਰ ਤੇ ਇਨ੍ਹਾਂ ਦੀ ਇਹ ਗਿਣਤੀ ਵਧ ਵੀ ਹੋ ਸਕਦੀ ਹੈ। ਪਰ ਗੁਰਮੁਖੀ ਵਰਣ ਸਵਰ ਨੂੰ ਛੱਡ ਕੇ **ਮੁਕਤਾ** ਅਖਵਾਉਂਦਾ ਹੈ। ਹਰ **ਮੁਕਤੇ** ਵਿਚ ਇਕ ਵਿਅੰਜਨ ਧੁਨੀ ਅਤੇ ਇਕੋ ਹ੍ਰਸਵ ਸਵਰ ਹੁੰਦਾ ਹੈ। ਉਦਾਹਰਣ ਦੇ ਤੌਰ ਤੇ :

ਕ=ਕੱਕ+ਅ=ਕੱਕਾ

ਖ=ਖੱਖ+ਅ=ਖੱਖਾ

ਗ=ਗੱਗ+ਅ=ਗੱਗਾ

ਇਸ ਤਰ੍ਹਾਂ ਗੁਰਮੁਖੀ ਵਰਣ ਇਕ ਪੂਰੇ ਉਚਾਰਖੰਡ (syllable) ਦੀ ਪ੍ਰਤੀਨਿਧਤਾ ਕਰਦਾ ਹੈ ਕਿਉਂਕਿ ਹਰ ਵਰਣ ਵਿਚ ਇਕ ਵਿਅੰਜਨ ਅਤੇ ਇਕ ਹ੍ਰਸਵ ਸਵਰ ਹੈ। ਜਿਸ ਵਰਣਮਾਲਾ ਦੇ ਵਰਣ ਉਚਾਰਖੰਡਾਂ ਦੀ ਪ੍ਰਤੀਨਿਧਤਾ ਕਰਦੇ ਹੋਣ ਉਸ ਵਰਣਮਾਲਾ ਨੂੰ ਉਚਾਰਖੰਡੀ ਵਰਣਮਾਲਾ ਆਖਿਆ ਜਾਂਦਾ ਹੈ।

5. ਗੁਰਮੁਖੀ ਵਰਣਮਾਲਾ ਉਚਾਰਖੰਡੀ ਵਰਣਮਾਲਾ ਹੈ। ਇਹ ਸੰਸਾਰ ਦੀਆਂ ਨਵੀਨਤਮ ਵਰਣਮਾਲਾਵਾਂ ਵਿਚੋਂ ਇਕ ਹੈ। ਗੁਰਮੁਖੀ ਦੀ ਵਰਣਮਾਲਾ ਨੂੰ ਪੈਂਤੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਪੈਂਤੀ ਅੱਖਰ ਹਨ।

ਪੈਂਤੀ ਦੇ ਪਹਿਲੇ ਤਿੰਨ ਅੱਖਰ (ੳ), (ਅ) ਅਤੇ (ੲ) ਹਨ। ਇਹ ਤਿੰਨੇ ਸਵਰ ਅੱਖਰ ਹਨ। ਇਨ੍ਹਾਂ ਦੀ ਜੁਗਤਬੰਦੀ ਉਚਾਰਣ ਬਿੰਦੂ ਦੇ ਆਧਾਰ ਤੇ ਕੀਤੀ ਗਈ ਹੈ। ਇਹ ਜੁਗਤਬੰਦੀ ਦਾ ਵਿਗਿਆਨਕ ਢੰਗ ਹੈ। ਮੂੰਹ ਦੇ ਪਿਛਲੇ ਪਾਸੇ ਤੋਂ ਸ਼ੁਰੂ ਕਰੀਏ ਤਾਂ ਮੂੰਹ ਦੇ ਸਭ ਤੋਂ ਪਿਛਲੇ ਭਾਗ ਵਿਚ (ੳ) ਦਾ ਉਚਾਰਣ ਬਿੰਦੂ ਹੈ। ਇਸ

ਕਰਕੇ (ੳ) ਨੂੰ ਸਭ ਤੋਂ ਪਹਿਲਾਂ ਰਖਿਆ ਗਿਆ ਹੈ। (ੳ) ਦੇ ਤਿੰਨ ਰੂਪ ਹਨ :

ਉ, ਊ, ਓ (ਔਂਕੜ, ਦੁਲੈਂਕੜ, ਹੋੜਾ)

ਇਕੱਲਾ (ੳ) ਵਰਤੋਂ ਵਿਚ ਨਹੀਂ ਆਉਂਦਾ। ਇਸ ਦੇ ਤਿੰਨਾਂ ਰੂਪਾਂ ਵਿਚੋਂ ਕੋਈ ਵੀ ਵਰਤੋਂ ਵਿਚ ਆ ਸਕਦਾ ਹੈ। (ੳ) ਦੀ ਪ੍ਰਤੀਨਿਧਤ ਔਂਕੜ ( ੁ), ਦੁਲੈਂਕੜ ( ੂ) ਅਤੇ ਹੋੜਾ ( ੋ ) ਦੇ ਚਿੰਨ੍ਹ ਦੁਆਰਾ ਹੁੰਦੀ ਹੈ।

ਇਸ ਤਰ੍ਹਾਂ (ਅ) ਦਾ ਉਚਾਰਣ ਮੂੰਹ ਦੇ ਵਿਚਕਾਰ ਹੁੰਦਾ ਹੈ ਇਹ ਬਿੰਦੂ (ੳ) ਤੋਂ ਅੱਗੇ ਹੈ ਅਤੇ (ੲ) ਤੋਂ ਪਿਛੇ ਹੈ। ਇਸੇ ਕਰਕੇ ਇਸ ਨੂੰ (ੳ) ਅਤੇ (ੲ) ਦੇ ਵਿਚਕਾਰ ਰਖਿਆ ਗਿਆ ਹੈ। (ਅ) ਦੇ ਚਾਰ ਰੂਪ ਵਰਤੋਂ ਵਿਚ ਆਉਂਦੇ ਹਨ :

ਅ = ਮੁਕਤਾ

ਆ = ਕੰਨਾ (ਾ)

ਔ = ਕਨੌੜਾ ( ੌ )

ਐ = ਦੁਲਾਵਾਂ ( ੈ )

(ਅ) ਦਾ ਮੁਕਤਾ ਰੂਪ ਤਾਂ ਗੁਰਮੁਖੀ ਦੇ ਸਾਰੇ ਵਰਣਾਂ ਵਿਚ ਸਮਾਇਆ ਹੋਇਆ ਹੈ। ਇਸ ਲਈ ਇਸ ਨੂੰ ਵੱਖਰੇ ਲਿਖਣ ਦੀ ਜ਼ਰੂਰਤ ਨਹੀਂ ਪੈਂਦੀ। ਇਸ ਹ੍ਰਸਵ ਸਵਰ ਸਦਕਾ ਹੀ ਵਿਅੰਜਨ ਉਚਾਰਖੰਡ ਬਣਦਾ ਹੈ। (ਅ) ਦੇ (ਐ) ਰੂਪ ਦਾ ਉਚਾਰਨ ਮੂੰਹ ਦੇ ਅਗਲੇ ਪਾਸੇ ਵੱਲ ਅਤੇ (ਔ) ਰੂਪ ਦਾ ਮੂੰਹ ਦੇ ਪਿਛਲੇ ਪਾਸੇ ਵਲ, (ਅ) ਮੁਕਤਾ ਵਿਚਕਾਰ ਹੈ। ਇਸ ਤਰ੍ਹਾਂ ਕੰਨਾ (ਅ) ਦਾ ਰੂਪ ਦਾ ਉਚਾਰਣ ਵੀ ਮੂੰਹ ਦੇ ਵਿਚਕਾਰੋਂ ਹੀ ਹੁੰਦਾ ਹੈ। ਇਸ ਤਰ੍ਹਾਂ (ੲ) ਦਾ ਉਚਾਰਣ ਮੂੰਹ ਦੇ ਅਗਲੇ ਪਾਸੇ ਹੈ। ਇਸ ਦੇ ਤਿੰਨ ਰੂਪ ਵਰਤੋਂ ਵਿਚ ਆਉਂਦੇ ਹਨ:

ਏ = ਲਾਵਾਂ ( ੇ)

ਇ = ਸਿਹਾਰੀ (ਿ)

ਈ = ਬਿਹਾਰੀ ( ੀ )

(ਹ) ਦਾ ਉਚਾਰਨ ਸਥਾਨ ਕੰਠ ਦੁਆਰੀ ਹੈ। ਇਸ ਕਰਕੇ ਇਸ ਨੂੰ ਲਾਈਨ ਦੇ ਅਖੀਰ ਵਿਚ ਰਖਿਆ ਗਿਆ ਹੈ। ਖੇਤੀ ਦੇ ਉਚਾਰਣ ਬਿੰਦੂ, ਇਨ੍ਹਾਂ ਬਿੰਦੂਆਂ ਦੇ ਵਿਚਕਾਰ ਆਉਂਦੇ ਹਨ।

ਗੁਰਮੁਖੀ ਦੇ ਬਾਕੀ ਵਰਣ ਪੰਜ ਵਰਗਾਂ ਵਿਚ ਵੰਡੇ ਗਏ ਹਨ। ਇਹ ਵਰਗ ਵੰਡ ਉਚਾਰਣ ਬਿੰਦੂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ ਅਤੇ ਇਹ ਵੰਡ ਵਿਗਿਆਨਕ ਹੈ। ਹਰ ਵਰਗ ਵਿਚ ਵਰਣਾਂ ਦੀ ਵੰਡ ਉਹਨਾਂ ਦੀ ਉਚਾਰਣ ਵਿਧੀ ਦੇ ਅਨੁਸਾਰ ਹੈ। ਸਭ ਤੋਂ ਪਹਿਲਾਂ ਅਲਪਪ੍ਰਾਣ ਨਾਦ ਰਹਿਤ, ਫਿਰ ਮਹਾਪ੍ਰਾਣ ਨਾਦ ਰਹਿਤ, ਉਸ ਤੋਂ ਬਾਅਦ ਅਲਪਪ੍ਰਾਣ ਨਾਦ ਸਹਿਤ, ਫਿਰ ਮਹਾਪ੍ਰਾਣ ਨਾਦ ਸਾਹਿਤ ਅਤੇ ਆਖਿਰ ਵਿਚ ਨਾਸਕੀ ਵਰਣ ਆਉਂਦੇ ਹਨ।

ਜਿਸ ਤਰ੍ਹਾਂ (ੳ) ਦਾ ਉਚਾਰਣ ਸਭ ਤੋਂ ਪਿਛੇ ਹੈ ਉਹ ਪਹਿਲਾਂ ਆਇਆ ਹੈ ਇਸੇ ਤਰ੍ਹਾਂ ਕ–ਵਰਗ ਦਾ ਉਚਾਰਣ ਸਥਾਨ ਕੋਮਲ ਤਾਲਵੀ ਹੈ, ਚ–ਵਰਗ ਦਾ ਤਾਲਵੀ, ਟ–ਵਰਗ ਦਾ ਉਲਟ ਜੀਭੀ, ਤ–ਵਰਗ ਦਾ ਦੰਤੀ ਅਤੇ ਪ–ਵਰਗ ਦਾ ਹੋਠੀ ਹੈ।

ਉਚਾਰਣ ਦੇ ਪੱਖ ਤੋਂ ਇਹਨਾਂ ਵਿਚ ਹਰ ਪੰਕਤੀ ਦਾ ਪਹਿਲਾ ਵਰਣ ਅਰਥਾਤ ਕ, ਚ, ਟ, ਤ, ਪ, ਅਲਪਪ੍ਰਾਣ ਅਤੇ ਨਾਦ ਰਹਿਤ ਹੈ। ਹਰ ਪੰਕਤੀ ਦਾ ਦੂਜਾ ਵਰਣ ਖ, ਛ, ਠ, ਥ, ਫ, ਮਹਾਪ੍ਰਾਣ ਪਰ ਨਾਦ ਰਹਿਤ ਹੈ।

ਹਰ ਪੰਕਤੀ ਦਾ ਤੀਜਾ ਵਰਗ (ਗ, ਜ, ਡ, ਦ, ਬ,) ਅਲਪਪ੍ਰਾਣ ਅਤੇ ਨਾਦੀ ਧੁਨੀਆਂ ਦੀ ਪ੍ਰਤੀਨਿਧਤਾ

ਕਰਦਾ ਹੈ। ਟ-ਵਰਗ ਨੂੰ ਉਲਟੀਜੀਭੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਦੇ ਉਚਾਰਣ ਸਮੇਂ ਜੀਭ ਉਲਟੀ ਹੋ ਕੇ ਹੇਠਲੇ ਪਾਸੇ ਤੋਂ ਤਾਲੂ ਨੂੰ ਛੋਂਹਦੀ ਹੈ।

ਹਰ ਵਰਗ ਦਾ ਆਖਰੀ ਵਰਣ 'ੜ' ਨੂੰ ਛੱਡ ਕੇ, ਨਾਸਕੀ ਧੁਨੀ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਤਰ੍ਹਾਂ ਙ, ਞ, ਣ, ਨ, ਮ ਨਾਸਕੀ ਹਨ।

ਪੈਂਤੀ ਦੀ ਆਖਰੀ ਪੰਕਤੀ (ਯ, ਰ, ਲ, ਵ, ੜ) ਹੈ। ਇਸ ਵਿਚ (ਯ) ਅਤੇ (ਵ) ਦੋ ਅਰਧ ਸਵਰ ਹਨ। 'ਲ' ਪਾਸ਼ਵਿਕ ਧੁਨੀ ਨੂੰ ਪ੍ਰਗਟਾਉਂਦਾ ਹੈ। ਇਸ ਦਾ ਉਲਟਜੀਭੀ ਰੂਪ ਵੀ ਉਚਾਰਣ ਵਿਚ ਮਿਲਦਾ ਹੈ ਪਰੰਤੂ ਉਸ ਵਿਚ ਕੋਈ ਵਰਣ ਨਹੀਂ ਹੈ। (ਅੱਜ ਕੱਲ੍ਹ ਇਹ ਲ਼ ਨਾਲ ਪ੍ਰਗਟਾਇਆ ਜਾਣ ਲਗ ਪਿਆ ਹੈ)

(ਰ) ਕਾਂਬਵੀਂ ਧੁਨੀ ਦੀ ਪ੍ਰਤੀਨਿਧਤਾ ਕਰਦਾ ਹੈ। (ੜ) ਫਟਕਵੀਂ ਧੁਨੀ ਹੈ ਕਿਉਂਕਿ ਇਸ ਦੇ ਉਚਾਰਣ ਵਿਚ ਜੀਭ ਕਠੋਰ ਤਾਲੂ ਨੂੰ ਛੂਹ ਕੇ ਝਟਕੇ ਨਾਲ ਹੇਠਾਂ ਡਿਗਦੀ ਹੈ ਜਿਵੇਂ ਫਟਕਾ ਵਜਦਾ ਹੈ।

ਇਸ ਤੋਂ ਇਲਾਵਾ ਗੁਰਮੁਖੀ ਵਿਚ ਕੁਝ ਅਜਿਹੇ ਵਰਣ ਹਨ ਜਿਨ੍ਹਾਂ ਦੀ ਕੀਮਤ ਬਿੰਦੀ ਲਗਣ ਨਾਲ ਬਦਲ ਜਾਂਦੀ ਹੈ ਭਾਵ ਖਹਿਵੀਆਂ ਧੁਨੀਆਂ ਬਣ ਜਾਂਦੀਆਂ ਹਨ। ਇਹ ਹਨ : ਸ਼, ਗ਼, ਖ਼, ਜ਼, ਫ਼।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰਮੁਖੀ ਲਿਪੀ ਵਰਣਾਂ ਦੀਆਂ ਸਬੰਧਤ ਧੁਨੀਆਂ ਅਨੁਸਾਰ ਪਰੋਈ ਗਈ ਹੈ। ਇਹ ਢੰਗ ਧੁਨੀ-ਵਿਗਿਆਨ ਅਨੁਸਾਰ ਦਰੁਸਤ ਹੈ। ਇਸ ਲਈ ਗੁਰਮੁਖੀ ਵਰਣਮਾਲਾ ਇਕ ਵਿਗਿਆਨਕ ਵਰਣਮਾਲਾ ਹੈ।

ਲਿਖਣ ਕਲਾ ਦੀਆਂ ਤਿੰਨ ਵੰਨਗੀਆਂ ਪ੍ਰਚੱਲਤ ਹਨ। ਚਿੱਤਰ ਲਿਪੀ ਪਹਿਲਾਂ ਬਹੁਤ ਵਰਤੀ ਜਾਂਦੀ ਸੀ, ਪਰ ਅਜੋਕੇ ਯੁੱਗ ਵਿਚ ਇਸਦੀ ਵਰਤੋਂ ਘਟ ਗਈ ਹੈ। ਉਚਾਰ ਖੰਡੀ ਲਿਪੀ ਪੂਰੇ ਉਚਾਰ ਖੰਡ ਨੂੰ ਲਿਖਣ ਲਈ ਵਰਤੀਆਂ ਜਾਂਦੀਆਂ ਹਨ। ਚੀਨੀ ਅਤੇ ਜਪਾਨੀ ਲਿਪੀਆਂ ਇਸ ਵੰਨਗੀ ਦੀਆਂ ਹਨ। ਧੁਨੀਆਤਮਕ ਲਿਪੀ ਧੁਨੀਆਂ ਅੰਕਤ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਹਨਾਂ ਵਿਚੋਂ ਦੇਵਨਾਗਰੀ ਅਤੇ ਰੋਮਨ ਲਿਪੀਆਂ ਪ੍ਰਮੁੱਖ ਹਨ।

ਗੁਰਮੁਖੀ ਲਿਪੀ ਨੂੰ ਧੁਨੀਆਤਮਕ ਲਿਪੀਆਂ ਵਿਚ ਗਿਣਿਆ ਜਾਂਦਾ ਹੈ। ਪਰ ਗੁਰਮੁਖੀ ਲਿਪੀ ਨਿਰੋਲ ਧੁਨੀਆਂਤਮਕ ਲਿਪੀ ਨਹੀਂ। ਇਹ ਉਚਾਰ-ਖੰਡੀ ਸੁਭਾਵ ਵੀ ਰਖਦੀ ਹੈ। ਗੁਰਮੁਖੀ ਦੇ ਪੈਂਤੀ ਅੱਖਰ (ਉਚਾਰ ਖੰਡ) ਹਨ। ਵਰਣ ਧੁਨੀ ਲਈ ਵਰਤਿਆ ਜਾਂਦਾ ਹੈ। ਪਰ ਗੁਰਮੁਖੀ ਦਾ ਹਰ ਚਿੰਨ੍ਹ ਹਰ ਸ਼ਾਬਦਿਕ ਬਣਤਰ ਵਿਚ ਸਥਿਤੀ ਅਨੁਸਾਰ ਕਦੀ ਅੱਖਰ ਹੁੰਦਾ ਹੈ ਅਤੇ ਕਦੀ ਵਰਣ ਹੁੰਦਾ ਹੈ। ਇਸ ਲਈ ਇਸ ਨੂੰ ਨਾਂ ਤਾਂ ਪੂਰਨ ਰੂਪ ਵਿਚ ਉਚਾਰ ਖੰਡ ਨਾਲ ਅੰਕਿਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਵਰਣ ਆਖਿਆ ਜਾ ਸਕਦਾ ਹੈ। ਵਿਆਕਰਣ ਦੀ ਲੋੜ ਨੂੰ ਮੁੱਖ ਰਖਦਿਆਂ ਹਰ ਲਿਪੀ ਦੇ ਚਿੰਨ੍ਹਾਂ ਲਈ ਇਕ ਸਾਂਝੇ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸ ਨੂੰ (Grapheme) ਗਰਾਫ਼ੀਮ ਆਖਿਆ ਜਾਂਦਾ ਹੈ। ਪੰਜਾਬੀ ਵਿਚ ਇਸ ਨੂੰ ਲਿਪਾਂਕ ਦਾ ਨਾਂ ਦਿੱਤਾ ਗਿਆ ਹੈ। ਇਸ ਲਈ ਲਿਪਾਂਕ ਲਿਪੀ ਦਾ ਉਹ ਛੋਟਾ ਤੋਂ ਛੋਟਾ ਅੰਗ ਹੁੰਦਾ ਹੈ ਜੋ ਉਚਰਤ ਭਾਸ਼ਾ ਦੇ ਕਿਸੇ ਨਾ ਧੁਨੀ ਦਾ ਲਖਾਇਕ ਹੋਵੇ। ਲਿਪਾਂਕ ਨੂੰ ਲਿਖਣ ਲਈ ਦੋ ਪਾਸੇ ਉਲਟੇ ਤੀਰ-ਨੁਮਾ ਚਿੰਨ੍ਹ ਲਗਾਏ ਜਾਂਦੇ ਹਨ। ਜਿਵੇਂ <ਕ> <ਖ> ਦਾ ਭਾਵ ਗੁਰਮੁਖੀ ਦੇ ਦੋ ਮੁਕਤ ਲਿਪਾਂਕਾਂ ਤੋਂ ਹੈ।

**ਗੁਰਮੁਖੀ ਲਿਪਾਂਕ** : ਲਿਪਾਂਕ ਅੱਖਰ ਨੂੰ ਵੀ ਆਖਿਆ ਜਾਂਦਾ ਹੈ ਅਤੇ ਵਰਣ ਨੂੰ ਵੀ ਆਖਿਆ ਜਾਂਦਾ ਹੈ। ਗੁਰਮੁਖੀ ਵਿਚ ਲਿਪਾਂਕਾਂ ਦੀ ਗਿਣਤੀ 35 ਸੀ। ਪਰ ਫ਼ਾਰਸੀ ਵਿਚੋਂ ਆਪਣੇ ਸ਼ਬਦਾਂ ਨੂੰ ਲਿਖਣ ਲਈ ਇਕ ਹੋਰ ਪੰਕਤੀ ਸ਼ਾਮਲ ਕੀਤੀ ਗਈ। ਇਹ ਪੰਕਤੀ ਸੀ; ਸ਼, ਖ਼, ਗ਼, ਜ਼, ਫ਼। ਇਹ ਧੁਨੀਆਂ ਪੰਜਾਬੀ ਵਿਚ ਸਾਰਥਿਕ ਨਹੀਂ। ਭਾਵ ਇਦਨਾਂ ਦੇ ਪੈਰ ਵਿਚ ਬਿੰਦੀ ਪਾਉਣ ਨਾਲ ਅਰਥਾਂ ਵਿਚ ਕੋਈ ਅੰਤਰ ਨਹੀਂ ਆਉਂਦਾ।

ਜਿਵੇਂ ਸ਼ੁੱਟੀ ਛੁੱਟੀ

ਸ਼ੱਕਰ ਛੱਕਰ

ਸ਼ਰਮ ਛਰਮ

ਇਸ ਤਰ੍ਹਾਂ/ਸ਼/ ਬਿੰਦੀ ਦਾ ਕਾਰਜ /ਛ/ ਤੋਂ ਵੱਖਰਾ ਨਾਲ ਰਲਦਾ ਮਿਲਦਾ ਹੈ। ਇਸੇ ਤਰ੍ਹਾਂ ਬਾਕੀ ਪੈਰ ਬਿੰਦੀ ਵਾਲੇ ਲਿਪਾਂਕ ਉਚਾਰਨ ਵਿਚ ਅੰਤਰ ਰੱਖਦੇ ਹਨ ਪਰ ਭਿੰਨਤਾ ਲਿਆਉਣ ਦੇ ਸਮਰੱਥ ਨਹੀਂ। ਇਸ ਲਈ ਪੈਰ ਬਿੰਦੀ ਦਾ ਇਕ ਲਿਪਾਂਕ ਹੈ। ਗੁਰਮੁਖੀ ਦੀਆਂ ਕੁਲ ਲਿਪਾਂਕਾਂ ਦੀ ਗਿਣਤੀ ਪੈਂਤੀ ਹੈ। ਪੈਰ ਬਿੰਦੀ ਨੂੰ ਅਖੰਡੀ ਲਿਪਾਂਕਾਂ ਦੇ ਵਰਗ ਵਿਚ ਰੱਖਿਆ ਜਾ ਸਕਦਾ ਹੈ। ਪਹਿਲਾ ਵਰਗ/ੳ-ਹ/ਤੱਕ ਹੈ। ਦੂਸਰਾ ਵਰਗ /ਕ-ਙ/ ਤੱਕ ਹੈ। ਚਵਰਗ/ਚ-ਞ/ ਤੱਕ ਹੈ। ਟਵਰਗ /ਟ-ਣ/ ਤੱਕ ਹੈ। ਤਵਰਗ /ਤ-ਨ/ ਤੱਕ ਹੈ। ਪਵਰਗ /ਪ-ਮ/ ਤੱਕ ਹੈ। ਅੰਤਮ ਵਰਗ /ਯ-ੜ/ ਤੱਕ ਹੈ। ਇਹ ਲਿਪਾਂਕ ਕੁਝ ਨਿਯਮਾਂ ਅਨੁਸਾਰ ਜੁੜਦੇ ਹਨ, ਜਿਹਨਾਂ ਨੂੰ ਗੁਰਮੁਖੀ ਆਰਥੋਗਰਾਫ਼ੀ ਦੇ ਨਿਯਮ ਆਖਿਆ ਜਾਂਦਾ ਹੈ। ਇਹਨਾਂ ਨਿਯਮਾਂ ਦਾ ਕਰਮਵਾਰ ਵਰਨਣ ਇਸ ਤਰ੍ਹਾਂ ਹੈ।

**ਸਵਰ-ਵਾਹਕ ਲਿਪਾਂਕ** : ਗੁਰਮੁਖੀ ਲਿਪੀ ਵਿਚ ਤਿੰਨ ਸਵਰ-ਵਾਹਕ ਲਿਪਾਂਕ ਹਨ। ਇਹ ਹਨ — 'ੳ', 'ਅ', ਅਤੇ 'ੲ'। ਇਹ ਲਗਾਂ ਦੇ ਰੂਪ ਵਿਚ ਵਰਤੇ ਜਾਂਦੇ ਹਨ।

(ੳ) ਦੀਆਂ ਤਿੰਨ ਲਗਾਂ ਹਨ। ਔਂਕੜ /ਉ/, ਦੁਲੈਂਕੜ /ਊ/, ਅਤੇ ਹੋੜਾ /ਓ/

(ਅ) ਦੀਆਂ ਲਗਾਂ ਹਨ ਕੰਨਾ /ਆ/, ਦੁਲਾਵਾਂ /ਐ/ ਅਤੇ ਕਨੌੜਾ /ਔ/

(ੲ) ਦੀਆਂ ਲਗਾਂ ਹਨ, ਸਿਆਰੀ /ਇ/, ਬਿਹਾਰੀ /ਈ/, ਅਤੇ ਲਾਂ /ਏ/

ਸਵਰ-ਵਾਹਕਾਂ ਵਿਚੋਂ ਅ ਮੁਕਤ ਰੂਪ ਵਿਚ ਵੀ ਆ ਸਕਦਾ ਹੈ। ਇਹ ਸ਼ਬਦਾਂ ਦੇ ਸ਼ੁਰੂ ਵਿਚ ਵੀ ਆ ਸਕਦਾ ਹੈ। ਜਿਵੇਂ ਅਕਾਲ, ਅਕਲ, ਅਸਲ, ਅੜਬ ਆਦਿ।

(ੳ) ਅਤੇ (ੲ) ਸ਼ਬਦਾਂ ਦੇ ਸ਼ੁਰੂ ਵਿਚ ਮੁਕਤ ਰੂਪ ਵਿਚ ਨਹੀਂ ਆਉਂਦੇ। ਵਿਸ਼ੇਸ਼ ਪਰਿਸਥਿਤੀਆਂ ਤੋਂ ਇਲਾਵਾ /ਅ/ ਦੀ ਧੁਨੀ ਹਰ ਮੁਕਤ ਲਿਪਾਂਕ ਵਿਚ ਸਮਿਲਤ ਹੁੰਦੀ ਹੈ। ਇਹ ਲਿਪਾਂਕ ਦੀ ਉਚਾਰ-ਖੰਡੀ ਬਣਤਰ ਦੀ ਸਿਰਜਣਾ ਕਰਦੀ ਹੈ।

**ਵਿਅੰਜਨ ਲਿਪਾਂਕ** : ਗੁਰਮੁਖੀ ਲਿਪੀ ਦੇ ਵਿਅੰਜਨ ਲਿਪਾਂਕ ਵਿਅੰਜਨ ਧੁਨੀਆਂ ਨੂੰ ਪ੍ਰਗਟ ਕਰਦੇ ਹਨ। ਇਹ ਸੁਤੰਤਰ ਤੌਰ 'ਤੇ ਆ ਸਕਦੇ ਹਨ। ਇਸ ਲਈ ਇਹਨਾਂ ਨੂੰ ਲਿਪਾਂਕ ਆਖਿਆ ਜਾਂਦਾ ਹੈ। ਪਰ ਕਈ ਪਰਿਸਥਿਤੀਆਂ ਵਿਚ ਇਹਨਾਂ ਨਾਲ 'ਅ' ਦੀ ਧੁਨੀ ਵੀ ਸਮਿਲਤ ਹੁੰਦੀ ਹੈ। ਇਸ ਲਈ ਵਿਅੰਜਨ ਧੁਨੀ ਤੇ ਵਿਅੰਜਨ-ਲਿਪਾਂਕ ਨੂੰ ਸਪੱਸ਼ਟ ਕਰਨ ਲਈ ਨਿਮਨ ਲਿਖਤ ਆਰਥੋਗਰਾਫ਼ੀ ਦੇ ਨਿਯਮ ਕੰਮ ਕਰਦੇ ਹਨ। ਡਾ. ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ ਸੰਕਲਪ ਤੇ ਦਿਸ਼ਾਵਾਂ; ਅਨੁਸਾਰ ਇਹ ਸਥਿਤੀ ਇਸ ਪ੍ਰਕਾਰ ਹੋ ਸਕਦੀ ਹੈ :

(ੳ) ਵਿਅੰਜਨ ਧੁਨੀ ਦਾ ਲਿਪਾਂਕ ਉਹ ਹੁੰਦਾ ਹੈ, ਜਿਹੜਾ :

1. ਸ਼ਬਦਾਂ ਦਾ ਅੰਤਲਾ ਮੁਕਤ ਲਿਪਾਂਕ ਹੋਵੇ, ਜਿਵੇਂ ਘਰ, ਪਰ ਵਿਚ <ਰ> ਹੈ।
2. ਕਿਸੇ ਉਚਾਰ ਖੰਡ ਦੀ ਅੰਤਲੀ ਧੁਨੀ ਦਾ ਸੂਚਕ ਹੋਵੇ ਜਿਵੇਂ ਕਸਰਤ, ਕਸਮਾਂ, ਨਿਸਬਤ, ਕਿਸਮਤ, ਵਿਚ <ਤ> ।
3. ਕਿਸੇ ਵਿਅੰਜਨ ਗੁੱਛੇ ਦੀ ਪਹਿਲੀ ਧੁਨੀ ਦਾ ਸੂਚਕ ਹੋਵੇ, ਬਲਦ ਵਿਚ <ਲ>।
4. ਕਿਸੇ ਲਗ ਲਿਪਾਂਕ ਨਾਲ ਅੰਕਤ ਹੋਵੇ ਜਿਵੇਂ ਕਾਰ, ਕਿਰ, ਕੂੜ, ਆਦਿ ਵਿਚ <ਕ>।
5. ਕਿਸੇ ਪੈਰ ਲਿਪਾਂਕ ਨਾਲ ਅੰਕਤ ਹੋਵੇ, ਜਿਵੇਂ ਕ੍ਰੋਮ, ਕ੍ਰੋਧ ਵਿਚ <ਕ>।

(ਅ) ਉਹ ਲਿਪਾਂਕ ਵਿਅੰਜਨ ਧੁਨੀ ਦੇ ਨਾਲ-ਨਾਲ /ਅ/ ਦਾ ਸੰਕੇਤ ਕਰਦਾ ਹੈ, ਜਿਹੜਾ

1. ਮੁਕਤ ਰੂਪ ਵਿਚ ਕਿਸੇ ਸ਼ਬਦ ਦਾ ਪਹਿਲਾ ਲਿਪਾਂਕ ਹੋਵੇ, ਜਿਵੇਂ : 'ਕਰ' <ਕਅਰ> ਵਿਚ <ਕ> 'ਸਅੜ' ਵਿਚ ਸ ਆਦਿ।
2. ਮੁਕਤ ਰੂਪ ਵਿਚ ਮਧ ਸਥਿਤੀ ਵਿਚ ਕਿਸੇ ਉਚਾਰ ਖੰਡ ਦੀ ਪਹਿਲੀ ਧੁਨੀ ਦਾ ਸੂਚਕ ਹੋਵੇ, ਜਿਵੇਂ 'ਕਸਰਤ' ਵਿਚ <ਕ ਅ ਸ ਰ ਤ> <ਕ>, 'ਕਦਰ' ਵਿਚ <ਕ> ਆਦਿ।

**ਸੁਰ ਲਿਪਾਂਕ** : ਪੰਜਾਬੀ ਭਾਸ਼ਾ ਵਿਚ ਮਹਾਪ੍ਰਾਣ ਧੁਨੀਆਂ ਦਾ ਉਚਾਰਨ ਖ਼ਤਮ ਹੋ ਚੁੱਕਿਆ ਹੈ। ਇਸ ਲਈ ਉਹ ਲਿਪਾਂਕ ਜਿਹੜੇ ਕਦੀ ਮਹਾਪ੍ਰਾਣ ਧੁਨੀਆਂ ਨੂੰ ਅੰਕਿਤ ਕਰਦੇ ਸਨ, ਉਹ ਸੁਰ ਲਿਪਾਂਕ ਅਖਵਾਉਂਦੇ ਹਨ। ਸੁਰ ਦਾ ਸੰਕੇਤ ਇਹਨਾਂ ਦੀ ਸ਼ਬਦ ਵਿਚਲੀ ਸਥਿਤੀ ਤੋਂ ਅੰਕਿਤ ਹੁੰਦਾ ਹੈ। ਇਹਨਾਂ ਲਿਪਾਂਕਾਂ ਦੀ ਗਿਣਤੀ ਪੰਜ ਹੈ। ਹਰ ਪਾਲੀ ਦਾ ਚੌਥਾ ਲਿਪਾਂਕ ਸੁਰ ਲਿਪਾਂਕ ਹੈ। (ਘ) (ਝ) (ਢ) (ਧ) ਅਤੇ (ਭ)। ਜਿਥੇ ਕਿਤੇ ਵੀ ਇਹ ਲਿਪਾਂਕ ਆਉਣ ਉਥੇ ਸੁਰ ਦਾ ਉਚਾਰਨ ਹੁੰਦਾ ਹੈ। ਸ਼ਬਦ ਅੰਤਰ ਸਥਿਤੀ ਅਨੁਸਾਰ ਇਹ ਅੱਗੋਂ ਸੁਰ ਦੀ ਵੰਨਗੀ ਦਾ ਵੀ ਸੰਕੇਤ ਕਰਦੇ ਹਨ। 'ਹ' ਵੀ ਸੁਰ ਲਿਪਾਂਕਾਂ ਵਿਚ ਰਖਿਆ ਜਾ ਸਕਦਾ ਹੈ। ਸ਼ਬਦ ਦੀ ਮੁਢਲੀ ਸਥਿਤੀ ਵਿਚ ਇਹ ਉਚੀ ਸੁਰ ਦਾ ਸੰਕੇਤ ਦਿੰਦਾ ਹੈ।

ਇਹ ਸੁਰ ਲਿਪਾਂਕਾਂ ਦੀਆਂ ਹੇਠ ਲਿਖੀਆਂ ਸਥਿਤੀਆਂ ਹੋ ਸਕਦੀਆਂ ਹਨ :

(1) ਜਦੋਂ ਇਹ ਲਿਪਾਂਕ ਸ਼ਬਦ ਦੇ ਸ਼ੁਰੂ ਵਿਚ ਆਉਂਦੇ ਹਨ ਤਾਂ ਇਹ ਕਰਮਵਾਰ ਉਸੇ ਵਰਗ ਦੇ ਪਹਿਲੇ ਲਿਪਾਂਕ ਅਤੇ ਨੀਵੀਂ ਸੁਰ ਨੂੰ ਅੰਕਤ ਕਰਦੇ ਹਨ। ਨੀਵੀਂ ਸੁਰ ਅਗਲੇ ਸਵਰ ਤੇ ਅੰਕਤ ਹੁੰਦੀ ਹੈ।

ਘ>ਕ+ਨੀਵੀਂ ਸੁਰ ਘਰ (ਕ ਅ ਰ ਅ)

ਝ>ਚ+ਨੀਵੀਂ ਸੁਰ ਝੰਡਾ (ਚ ਅ ਨ ਡ ਆ)

ਢ>ਟ+ਨੀਵੀਂ ਸੁਰ ਢੋਲ (ਟ ਓ ਲ)

ਧ>ਤ+ਨੀਵੀਂ ਸੁਰ ਤੋਲ (ਤ ਓ ਲ)

ਭ>ਪ+ਨੀਵੀਂ ਸੁਰ ਭਾਰ (ਭ ਆ ਰ)

(2) ਇਕਹਰੀ ਉਚਾਰ ਖੰਡੀ ਬਣਤਰ ਵਿਚ ਅੰਤਲੇ ਸਥਾਨ ਤੇ ਹੁੰਦੇ ਹਨ ਤਾਂ ਇਹਨਾਂ ਦਾ ਉਚਾਰਨ ਉਸੇ ਵਰਗ ਦੇ ਨਾਂ ਦੀ ਅਲਪਪ੍ਰਾਣ ਦਾ ਹੁੰਦਾ ਹੈ। ਪਹਿਲਾਂ ਉਚੀ ਸੁਰ ਲਗਦੀ ਹੈ।

ਘ ਉਚੀ ਸੁਰ+ਗ ਸਿੰਘ

ਝ ਉਚੀ ਸੁਰ+ਜ ਮੱਝ

ਢ ਉਚੀ ਸੁਰ+ਡ ਮੁੱਢ

ਧ ਉਚੀ ਸੁਰ+ਦ ਦੁੱਧ

ਭ ਉਚੀ ਸੁਰ+ਬ ਲਭ

ਦੋ ਜਾਂ ਦੋ ਤੋਂ ਵੱਧ ਉਚਾਰ ਖੰਡ ਵਾਲੇ ਸ਼ਬਦਾਂ ਵਿਚ ਨੀਵੀਂ ਸੁਰ ਲਗਦੀ ਹੈ। ਪਰ ਉਚਾਰਨ ਨਾਦੀ ਅਲਪਪ੍ਰਾਣ ਦਾ ਹੁੰਦਾ ਹੈ। ਦੂਹਰੀ ਉਚਾਰ ਖੰਡ ਬਣਤਰ ਵਿਚ ਪਹਿਲਾ ਸਵਰ ਹ੍ਰਸਵ ਹੁੰਦਾ ਹੈ ਅਤੇ ਦੂਸਰਾ ਦੀਰਘ। ਨੀਵੀਂ ਸੁਰ ਦੀਰਘ ਸਵਰ ਤੇ ਲਗਦੀ ਹੈ। ਇਹ ਦੀਰਘ ਸਵਰ ਆਮ ਤੌਰ ਤੇ /ਆ/ ਹੀ ਹੁੰਦਾ ਹੈ ਜਿਵੇਂ : ਬੁਝਾਇਆ, ਮਘਾਇਆ, ਲੰਘਾਇਆ ਆਦਿ।

**ਸੰਯੁਕਤ ਲਿਪਾਂਕ** : ਗੁਰਮੁਖੀ ਲਿਪੀ ਵਿਚ (ਰ) (ਵ) ਅਤੇ (ਹ) ਕਈ ਸ਼ਬਦਾਂ ਵਿਚ ਸੰਯੁਕਤ ਰੂਪ ਵਿਚ

ਲਿਖੇ ਜਾਂਦੇ ਹਨ। ਜਿਵੇਂ : ਸ੍ਵੂਰ ਵਿਚ ਸੰਯੁਕਤ ਰੂਪ ਵਿਚ ਆਇਆ ਹੈ। ਪੜ੍ਹ ਵਿਚ ਹ ਸੰਯੁਕਤ ਰੂਪ ਵਿਚ ਆਇਆ ਹੈ। ਕ੍ਰੋਧ ਵਿਚ (ਰ) ਸੰਯੁਕਤ ਰੂਪ ਵਿਚ ਆਇਆ ਹੈ। ਇਹ ਰੂਪ ਸੰਸਕ੍ਰਿਤ ਵਿਚੋਂ ਆਏ ਤਤਸਮ ਸ਼ਬਦਾਂ ਵਿਚ ਹੀ ਵਰਤੇ ਮਿਲਦੇ ਹਨ।

**ਲਗ-ਲਿਪਾਂਕ** : ਸਵਰ ਧੁਨੀਆਂ ਲਈ ਵਰਤੇ ਜਾਂਦੇ ਲਿਪਾਂਕ ਨੂੰ ਲਗ ਲਿਪਾਂਕ ਆਖਿਆ ਜਾਂਦਾ ਹੈ। ਗੁਰਮੁਖੀ ਵਿਚ ਨੌ ਲਗਾਂ ਹਨ। ਇਹਨਾਂ ਨੂੰ ਹੇਠ ਦਿੱਤੀ ਤਾਲਿਕਾ ਅਨੁਸਾਰ ਦਰਸਾਇਆ ਜਾ ਸਕਦਾ ਹੈ :

| ਲਗ | ਚਿੰਨ੍ਹ | ਧੁਨੀ | ਸ਼ਬਦ | ਸਥਿਤੀ |
|---|---|---|---|---|
| ਮੁਕਤਾ | (–) | (ਅ) | ਅਕਲ | ਸਮਤਲ |
| ਕੰਨਾ | ( ਾ ) | (ਆ) | ਹਾਰ | ਮੁਕਤ ਲਿਪਾਂਕ ਪਿਛੋਂ |
| ਸਿਹਾਰੀ | ( ਿ ) | (ਇ) | ਸਿਰ | ਮੁਕਤ ਲਿਪਾਂਕ ਪਹਿਲਾਂ |
| ਬਿਹਾਰੀ | ( ੀ ) | (ਈ) | ਖੀਰ | ਮੁਕਤ ਲਿਪਾਂਕ ਪਿਛੋਂ |
| ਔਂਕੜ | ( ੁ ) | (ਉ) | ਉਡ | ਮੁਕਤ ਲਿਪਾਂਕ ਹੇਠਾਂ |
| ਦੁਲੈਂਕੜ | ( ੂ ) | (ਊ) | ਸੂਰ | ਮੁਕਤ ਲਿਪਾਂਕ ਹੇਠਾਂ |
| ਲਾਂ | ( ੇ ) | (ਏ) | ਸ਼ੇਰ | ਮੁਕਤ ਲਿਪਾਂਕ ਉਪਰ |
| ਦੁਲਾਵਾਂ | ( ੈ ) | (ਐ) | ਸੈਰ | ਮੁਕਤ ਲਿਪਾਂਕ ਉਪਰ |
| ਹੋੜਾ | ( ੋ ) | (ਓ) | ਮੋਰ | ਮੁਕਤ ਲਿਪਾਂਕ ਉਪਰ |
| ਕਨੌੜਾ | ( ੌ ) | (ਔ) | ਮੌਰ | ਮੁਕਤ ਲਿਪਾਂਕ ਉਪਰ |

**ਲਗਾਖਰ** : ਜਿਹੜੇ ਲਿਪਾਂਕ, ਅਖੰਡੀ ਧੁਨੀਆਂ ਨੂੰ ਅੰਕਿਤ ਕਰਨ ਲਈ ਵਰਤੇ ਜਾਂਦੇ ਹਨ, ਉਹਨਾਂ ਨੂੰ ਲਗਾਖਰ ਆਖਿਆ ਜਾਂਦਾ ਹੈ। ਇਹ ਹਨ : ਬਿੰਦੀ ਅਤੇ ਟਿੱਪੀ ਅਤੇ ਅੱਧਕ।

( ਂ ) **ਬਿੰਦੀ ਉਤੇ** : ਇਹ ਉਪਰ ਕੰਨੇ ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ ਨਾਲ ਲਗਦੀ ਹੈ। ਇਹ ਜਿਸ ਸਵਰ ਤੇ ਵੀ ਲੱਗੇ ਉਸਦਾ ਉਚਾਰਨ ਨਾਸਕੀ ਹੋ ਜਾਂਦਾ ਹੈ।

**ਪੈਰ ਬਿੰਦੀ** : ਜਦੋਂ ਬਿੰਦੀ ਪੈਰ 'ਚ ਪੈਂਦੀ ਹੈ ਤਾਂ ਧੁਨੀ ਨੂੰ ਖਹਿਵੇਂ ਰੂਪ ਵਿਚ ਅੰਕਿਤ ਕਰਦੀ ਹੈ। ਪਰ ਲ਼ ਦੇ ਪੈਰ ਵਿਚ ਉਸਨੂੰ ਉਲਟ ਜੀਭੀ ਰੂਪ ਵਿਚ ਅੰਕਿਤ ਕਰਦੀ ਹੈ।

( ੰ ) **ਟਿੱਪੀ** : ਇਹ ਉਪਰ ਲਗਦੀ ਹੈ। ਇਹ ਮੁਕਤਾ, ਸਿਹਾਰੀ, ਔਂਕੜ ਅਤੇ ਦੁਲੈਂਕੜ ਨਾਲ ਹੁੰਦੀ ਹੈ। ਪਰ ਜੇਕਰ ਦੁਲੈਂਕੜ ਕਿਸੇ ਸਵਰ – ਵਾਹਕ ਨਾਲ ਲੱਗੇ ਤਾਂ ਉਥੇ ਬਿੰਦੀ ਲਗਦੀ ਹੈ।

( ੱ ) **ਅੱਧਕ** : ਅੱਧਕ ਹਮੇਸ਼ਾਂ ਮੁਕਤਾ, ਸਿਆਰੀ ਅਤੇ ਔਕੜ ਨਾਲ ਲਗਦੀ ਹੈ। ਕੁਝ ਕੁ ਅੰਗਰੇਜ਼ੀ ਭਾਸ਼ਾ ਵਿਚੋਂ ਆਏ ਸ਼ਬਦਾਂ ਵਿਚ ਦੁਲਾਵਾਂ ਨਾਲ ਵੀ ਅੱਧਕ ਲਗਦੀ ਹੈ, ਜਿਵੇਂ ਪ੍ਰੈੱਸ, ਗੈੱਸ ਆਦਿ ਵਿਚ।

**ਵਿਰਾਮ ਚਿੰਨ੍ਹ** : ਵਿਰਾਮ ਚਿੰਨ੍ਹ ਲਈ ਗੁਰਮੁਖੀ ਵਿਚ ਡੰਡੀ ਲਾਈ ਜਾਂਦੀ ਹੈ। ਇਸ ਤੋਂ ਇਲਾਵਾ, ਰੋਮਨ ਲਿਪੀ ਦੇ ਕਾਮੇ, ਪੁਠੇ ਕਾਮੇ, ਡੈਸ਼, ਪ੍ਰਸ਼ਨ ਚਿੰਨ੍ਹ, ਬਰੈਕਟਾਂ ਆਦਿ ਦੀ ਵੀ ਵਰਤੋਂ ਹੁੰਦੀ ਹੈ।

ਅੰਕ ਲਿਪਾਂਕ : ਅੰਕਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਲਿਪੀ ਦੇ ਆਪਣੇ ਅੰਕ ਲਿਪਾਂਕ ਹਨ। ਇਹ ਜੀਰੋ ਤੋਂ 9 ਤੱਕ ਹਨ। ੦, ੧, ੨, ੩, ੪, ੫, ੬, ੭, ੮, ੯ ਆਦਿ।

ਇਹਨਾਂ ਦੀ ਵਰਤੋਂ ਦੇ ਨੇਮ ਰੋਮਨ ਅੰਕਾਂ ਦੀ ਤਰ੍ਹਾਂ ਹੀ ਹਨ।

**ਤਰਕੀਬਾਂ** : ਇਕੱਲੇ ਕਾਰ ਲਿਪਾਂਕ ਆਪਣੀ ਕੋਈ ਮਹੱਤਤਾ ਨਹੀਂ ਰੱਖਦੇ। ਲਿਖਤ ਨੂੰ ਲਿਪਾਂਕਣਕਾਰੀ ਵੀ ਕਿਹਾ ਜਾਂਦਾ ਹੈ। ਲਿਪਾਂਕਣਕਾਰੀ ਦੀ ਛੋਟੀ ਤੋਂ ਛੋਟੀ ਇਕਾਈ ਸ਼ਬਦ ਹੈ। ਗੁਰਮੁਖੀ ਲਿਪਾਂਕਣਕਾਰੀ ਵਿਚ ਹਰ ਸ਼ਬਦ ਦੂਸਰੇ ਸ਼ਬਦ ਤੋਂ ਅੰਤਰ ਨਾਲ ਲਿਖਿਆ ਜਾਂਦਾ ਹੈ। ਸੁਚੱਜੀ ਲਿਪਾਂਕਣਕਾਰੀ ਵਿਚ ਇਹ ਅੰਤਰ ਸਮਾਨ ਰਖਿਆ ਜਾਂਦਾ ਹੈ। ਇਸ ਤਰ੍ਹਾਂ ਸ਼ਬਦ ਨੂੰ ਸੰਜਮਤਾ ਤੇ ਸੁਹਜਮਈ ਬਣਾਉਣ ਲਈ ਕਈ ਪ੍ਰਕਾਰ ਦੀਆਂ ਤਰਕੀਬਾਂ ਵਰਤੀਆਂ ਜਾਂਦੀਆਂ ਹਨ। ਇਹਨਾਂ ਤਰਕੀਬਾਂ ਵਿਚੋਂ ਪ੍ਰਮੁੱਖ ਇਹ ਹਨ :

1. ਕੜੀਦਾਰ ਤਰਕੀਬਾਂ
2. ਸੰਖਿਪਤ ਤਰਕੀਬਾਂ
3. ਮੁਖ ਅੱਖਰੀ ਤਰਕੀਬਾਂ
4. ਭਿੰਨਤਾ ਸੂਚਕ ਤਰਕੀਬਾਂ

1. **ਕੜੀਦਾਰ ਤਰਕੀਬਾਂ** : ਸ਼ਬਦਾਂ ਦੀ ਇਕ ਕੜੀ ਬਨਾਉਣ ਲਈ ਜਿਹੜੀਆਂ ਤਰਕੀਬਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਕੜੀਦਾਰ ਤਰਕੀਬਾਂ ਅਖਵਾਉਂਦੀਆਂ ਹਨ। ਇਹਨਾਂ ਵਿਚੋਂ ਪ੍ਰਮੁੱਖ ਹਨ :

(1) ਗੁਰਮੁਖੀ ਲਿਪੀ ਖੱਬੇ ਪਾਸੇ ਤੋਂ ਸੱਜੇ ਵੱਲ ਲਿਖੀ ਜਾਂਦੀ ਹੈ। ਲਿਪਾਂਕ ਇਕ ਕੜੀ ਵਿਚ ਰਖੇ ਜਾਂਦੇ ਹਨ। ਇਹ ਇਕ ਸਿੱਧੀ ਲਕੀਰ ਵਿਚ ਅੰਕਿਤ ਕੀਤੇ ਜਾਂਦੇ ਹਨ। ਕਈ ਵਾਰ ਇਹ ਲਕੀਰ ਨਾਲ ਜੋੜ ਦਿੱਤੇ ਜਾਂਦੇ ਹਨ। ਨਹੀਂ ਤਾਂ ਇਸ ਤਰਤੀਬ ਵਿਚ ਰਖੇ ਜਾਂਦੇ ਹਨ ਕਿ ਇਕ ਲਕੀਰ ਵਿਚ ਪਰਤੀਤ ਹੋਣ। ਤੇਜ਼ ਲਿਪਾਂਕਣਕਾਰੀ ਲਈ ਹਰ ਸ਼ਬਦ ਤੇ ਲਕੀਰ ਖਿੱਚੀ ਖਿੱਚਣੀ ਸੰਭਵ ਨਹੀਂ ਹੁੰਦੀ ਇਸ ਲਈ ਇਕ ਚੰਗਾ ਲਿਖਾਰੀ ਲਿਪਾਂਕ ਨੂੰ ਇਉਂ ਅੰਕਿਤ ਕਰਦਾ ਹੈ ਕਿ ਆਪਣੇ ਆਪ ਹੀ ਉਹ ਇਕ ਲਕੀਰ ਵਿਚ ਬੱਝੇ ਲਗਦੇ ਹਨ।

(2) ਸਵਰਵਾਰ (ੳ) ਦਾ ਅੱਧਾ ਹਿੱਸਾ ਰੇਖਾ ਤੋਂ ਉਪਰ ਹੁੰਦਾ ਹੈ। ਸਿਹਾਰੀ ਅਤੇ ਬਿਹਾਰੀ ਦਾ ਅੱਧਾ ਹਿੱਸਾ ਰੇਖਾ ਤੋਂ ਉਪਰ ਹੁੰਦਾ ਹੈ। ਕਈ ਲਗਾਂ ਵੀ ਲਕੀਰ ਦੇ ਉਤਲੇ ਭਾਗ ਵਿਚ ਅੰਕਤ ਕੀਤੇ ਜਾਂਦੇ ਹਨ। ਲਕੀਰਾਂ ਦਾ ਅੰਤਰ ਵੀ ਸਮਾਨ ਰਖਿਆ ਜਾਂਦਾ ਹੈ। ਜਿਹੜੀਆਂ ਲਗਾਂ ਮੁਕਤ ਲਿਪਾਂਕਾਂ ਦੇ ਹੇਠ ਲਾਈਆਂ ਜਾਂਦੀਆਂ ਹਨ, ਉਹਨਾਂ ਲਿਪਾਂਕ ਦੇ ਜਿੰਨਾਂ ਸੰਭਵ ਹੋਵੇ ਨੇੜੇ ਰਖੀਆਂ ਜਾਂਦੀਆਂ ਹਨ। ਤਾਂ ਕਿ ਇਹ ਹੇਠਲੀ ਲਾਈਨ ਦੇ ਉਪਰ ਲਗਣ ਵਾਲੀਆਂ ਲਗਾਂ ਨਾਲ ਰਲ ਗੱਲ ਨਾ ਹੋਣ।

(3) ਪੈਰੀ ਲਿਪਾਂਕ ਮੁਕਤ ਲਿਪਾਂਕਾਂ ਦੇ ਪੈਰ ਵਿਚ ਰਖੇ ਜਾਂਦੇ ਹਨ। ਉਕਤ ਕੜੀਦਾਰ ਤਰਕੀਬਾਂ ਨੂੰ ਤੋੜਿਆ ਨਹੀਂ ਜਾਂਦਾ ਸਗੋਂ ਇਕਸਾਰਤਾ ਤੇ ਸੁਮਾਪਤਾ ਰਖੀ ਜਾਂਦੀ ਹੈ।

2. **ਸੰਖਿਪਤ ਤਰਕੀਬਾਂ** : ਵਾਰ-ਵਾਰ ਆਉਣ ਵਾਲੇ ਅੱਖਰਾਂ ਨੂੰ ਸੰਖਿਪਤ ਰੂਪ ਵਿਚ ਵਿਅਕਤ ਕਰਨ ਨਾਲ ਸਮੇਂ ਦੀ ਬੱਚਤ ਹੁੰਦੀ ਹੈ। ਇਹ ਵਿਧੀ ਅੰਗਰੇਜ਼ੀ ਵਿਚ ਵਰਤੀ ਜਾਂਦੀ ਸੀ ਪਰ ਹੁਣ ਪੰਜਾਬੀ ਵਿਚ ਵੀ ਪ੍ਰਚੱਲਤ ਹੋ ਗਈ ਹੈ।

ਜਿਵੇਂ ਪ੍ਰੋਫ਼ੈਸਰ ਪ੍ਰੋ.
ਡਾਕਟਰ ਡਾ.
ਸਰਦਾਰ ਸ.

ਸ. ਸ. ਸ. ਹਾ. ਸਕੂਲ ਸੀਨੀਅਰ ਸੈਕੰਡਰੀ ਸਰਕਾਰੀ ਹਾਈ ਸਕੂਲ

3. **ਮੁੱਖ ਅੱਖਰੀ ਤਰਕੀਬਾਂ** : ਇਹ ਸੰਖਿਪਤ ਤਰਕੀਬ ਵਾਂਗ ਹੀ ਹੁੰਦੀਆਂ ਹਨ। ਸੰਖਿਪਤ ਤਰਕੀਬਾਂ

ਦਾ ਸੰਬੰਧ ਸ਼ਬਦ ਨਾਲ ਹੁੰਦਾ ਹੈ। ਪਰ ਮੁੱਖ ਅੱਖਰੀ ਤਰਕੀਬਾਂ ਦਾ ਸਬੰਧ ਵਾਕੰਸ਼ ਜਾਂ ਵਾਕ ਨਾਲ ਹੁੰਦਾ ਹੈ। ਬਹੁਤੇ ਕੰਪਨੀਆਂ ਦੇ ਨਾਂ ਇਹਨਾਂ ਤਰਤੀਬਾਂ ਵਿਚ ਪ੍ਰਚੱਲਿਤ ਹੁੰਦੇ ਹਨ।

4. **ਭਿੰਨਤਾ ਸੂਚਕ ਤਰਕੀਬਾਂ** : ਇਹ ਵੰਨਗੀ ਦੀਆਂ ਤਰਕੀਬਾਂ ਗੁਰਮੁਖੀ ਲਿੱਪੀ ਵਿਚ ਨਹੀਂ ਮਿਲਦੀਆਂ ਹਨ। ਇਹ ਤਰਕੀਬਾਂ ਰੋਮਨ ਲਿਪੀ ਵਿਚ ਪ੍ਰਚੱਲਤ ਹਨ। ਰੋਮਨ ਵਿਚ ਕੈਪੀਟਲ ਲਿਪਾਂਕ, ਛੋਟੇ ਲਿਪਾਂਕ ਅਤੇ ਟੇਢੇ ਲਿਪਾਂਕ ਪ੍ਰਚੱਲਤ ਹਨ। ਇਹਨਾਂ ਦੀ ਵਰਤੋਂ ਵਿਉਂਤ ਦੀਆਂ ਵਿਸ਼ੇਸ਼ ਤਰਕੀਬਾਂ ਹਨ। ਇਹ ਤਰਕੀਬਾਂ ਵਿਲੱਖਣ ਵੰਨਗੀ ਦੀਆਂ ਹਨ। ਲਿਪਾਂਕਣਕਾਰੀ ਕਰਦੇ ਸਮੇਂ ਹੀ ਲਿਪਾਂਕਾਂ ਰਾਹੀਂ ਕਿਸੇ ਸ਼ਬਦ ਦੀ ਮਹੱਤਤਾ ਬਾਰੇ ਦਰਸਾਇਆ ਜਾ ਸਕਦਾ ਹੈ। ਗੁਰਮੁਖੀ ਲਿਪੀ ਵਿਚ ਕੰਪਿਊਟਰ ਦੀ ਵਰਤੋਂ ਸਦਕਾ ਇਹ ਤਰਕੀਬਾਂ ਆਸਾਨੀ ਨਾਲ ਲਿਆਂਦੀਆਂ ਜਾ ਸਕਦੀਆਂ ਹਨ। ਕਿਸੇ ਵਿਸ਼ੇਸ਼ ਸ਼ਬਦ ਨੂੰ ਗੂੜ੍ਹਾ ਕੀਤਾ ਜਾ ਸਕਦਾ ਹੈ। ਗੁਰਮੁਖੀ ਵਿਚ ਰੋਮਨ ਵਰਗੀਆਂ ਭਿੰਨਤਾ ਸੂਚਕ ਤਰਕੀਬਾਂ ਲਿਆਉਣੀਆਂ ਕਠਨ ਹਨ ਕਿਉਂਕਿ ਗੁਰਮੁਖੀ ਵਿਚ ਲਿਪਾਂਕ ਇਕੋ ਤਰ੍ਹਾਂ ਦੇ ਹਨ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰਮੁਖੀ ਲਿੱਪੀ ਵਿਚ ਸ਼ਬਦਾਂ ਦੀ ਲਿਪਾਂਕਣਕਾਰੀ ਲਈ ਯਥਾਯੋਗ ਤਰਕੀਬਾਂ ਹਨ। ਕੰਪਿਊਟਰ ਦੀ ਵਰਤੋਂ ਸਦਕਾ ਹੋਰ ਤਰਕੀਬਾਂ ਆਉਣ ਦੀ ਸੰਭਾਵਨਾ ਹੈ।

## ਕੁੱਝ ਮਹੱਤਵਪੂਰਨ ਪ੍ਰਸ਼ਨ

1. ਗੁਰਮੁਖੀ ਲਿੱਪੀ ਦੇ ਵਿਕਾਸ ਸਬੰਧੀ ਇਕ ਨੋਟ ਲਿਖੋ।
2. ਗੁਰਮੁਖੀ ਲਿੱਪੀ ਹੀ ਪੰਜਾਬੀ ਭਾਸ਼ਾ ਲਈ ਇਕੋ ਇਕ ਢੁਕਵੀਂ ਲਿੱਪੀ ਹੈ, ਦਲੀਲਾਂ ਸਹਿਤ ਉਤਰ ਲਿਖੋ।
3. ਗੁਰੂ ਕਾਲ ਦੀ ਪੰਜਾਬੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
4. ਗੁਰਮੁਖੀ ਲਿਪੀ ਦੇ ਨਿਕਾਸ ਉਪਰ ਇੱਕ ਨੋਟ ਲਿਖੋ।
5. ਗੁਰਮੁਖੀ ਆਰਥੋਗਰਾਫ਼ੀ ਦੇ ਨਿਯਮਾਂ ਬਾਰੇ ਰੋਸ਼ਨੀ ਪਾਓ।
6. ਗੁਰਮੁਖੀ ਲਿੱਪੀ ਕਿਸ ਤਰ੍ਹਾਂ ਹੋਂਦ ਵਿਚ ਆਈ?

## ਸੰਖੇਪ ਉੱਤਰਾਂ ਪਾਲੇ ਪ੍ਰਸ਼ਨ

1. ਪੰਜਾਬੀ ਕਿਸ ਭਾਸ਼ਾ ਪਰਿਵਾਰ ਨਾਲ ਸਬੰਧ ਰੱਖਦੀ ਹੈ।
2. ਪੰਜਾਬੀ ਦੀਆਂ ਉਪ-ਭਾਸ਼ਾਵਾਂ ਕਿਹੜੀਆਂ-ਕਿਹੜੀਆਂ ਹਨ ?
3. ਲਿਪਾਂਕ ਤੋਂ ਕੀ ਭਾਵ ਹੈ?
4. ਗੁਰਮੁਖੀ ਲਿੱਪੀ ਤੋਂ ਕੀ ਭਾਵ ਹੈ ? ਇਸ ਦੀ ਵਿਸ਼ੇਸ਼ਤਾ ਕੀ ਹੈ ?
5. ਅੱਧਕ ਅਤੇ ਟਿੱਪੀ ਕਿੱਥੇ ਲਗਦੀ ਹੈ ?
6. ੳ, ਅ, ੲ, ਦਾ ਗੁਰਮੁਖੀ ਲਿੱਪੀ ਵਿਚ ਕੀ ਸਥਾਨ ਹੈ ?
7. ਲਗਾਂ ਕਿੱਥੇ ਲਗਦੀਆਂ ਹਨ ?
8. ਪੰਜਾਬੀ ਭਾਸ਼ਾ ਦੀ ਸਰੋਤ ਭਾਸ਼ਾ ਬਾਰੇ ਦੱਸੋ ?
9. ਇਕ ਸਫ਼ਲ ਲਿੱਪੀ ਦੇ ਕੋਈ ਦੋ ਮੁੱਖ ਗੁਣ ਦੱਸੋ ?
10. ਭਾਸ਼ਾ ਅਤੇ ਲਿੱਪੀ ਵਿਚ ਕੀ ਅੰਤਰ ਹੈ ?
11. ਅੰਗਰੇਜ਼ੀ ਰਾਜ ਦੌਰਾਨ ਗੁਰਮੁਖੀ ਲਿੱਪੀ ਵਿਚ ਕਿਹੜੀਆਂ-ਕਿਹੜੀਆਂ ਮੁੱਖ ਤਬਦੀਲੀਆਂ ਹੋਈਆਂ ?
12. ਦੇਸ਼ ਦੀ ਸੁਤੰਤਰਤਾ ਪਿੱਛੋਂ ਪੰਜਾਬੀ ਭਾਸ਼ਾ ਦੇ ਨਵੇਂ ਝੁਕਾਵਾਂ ਦਾ ਵੇਰਵਾ ਦਿਓ।
13. ਉਪ-ਭਾਸ਼ਾ ਕਿਸਨੂੰ ਆਖਦੇ ਹਨ ?

14. ਪੰਜਾਬੀ ਦੀਆਂ ਕਿਸੇ ਤਿੰਨ ਉਪ-ਭਾਸ਼ਾਵਾਂ ਦਾ ਨਾਂ ਲਿਖੋ।
15. ਕੀ ਗੁਰਮੁਖੀ ਲਿੱਪੀ ਵਿਚ ਕੋਈ ਖ਼ਾਮੀਆਂ ਵੀ ਹਨ?

## ਸਹਾਇਕ ਪੁਸਤਕਾਂ


1. ਜੀ.ਬੀ. ਸਿੰਘ : *ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ ;* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
2. ਡਾ. ਪਰਮਜੀਤ ਸਿੰਘ ਸਿੱਧੂ : *ਮਾਨਵ ਵਿਗਿਆਨ ਭਾਸ਼ਾ ਵਿਗਿਆਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990
3. ਡਾ. ਭੁਪਿੰਦਰ ਸਿੰਘ ਖਹਿਰਾ: *ਨਵੀਨ ਭਾਸ਼ਾ ਵਿਗਿਆਨ ;* ਪੈਪਸੂ ਬੁੱਕ ਡਿੱਪੂ, ਪਟਿਆਲਾ, 1998
4. ਡਾ. ਪ੍ਰੇਮ ਪ੍ਰਕਾਸ਼ ਸਿੰਘ : *ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ।*
5. ਡਾ. ਪ੍ਰੇਮ ਪ੍ਰਕਾਸ਼ ਸਿੰਘ : *ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ;* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਪਾਠ ਨੰ : 2.5

# ਪੰਜਾਬੀ ਧੁਨੀ ਵਿਉਂਤ

ਭਾਸ਼ਾ ਮਨੁੱਖ ਦੀ ਬੁਨਿਆਦੀ ਅਤੇ ਸਰਵਉੱਤਮ ਵਿਸ਼ੇਸ਼ਤਾ ਹੈ। ਮਨੁੱਖ ਦਾ ਇਹੋ ਅਹਿਮ ਗੁਣ ਹੈ, ਜੋ ਮੁੱਢਲੀ ਪੱਧਰ ਤੇ ਇਸ ਨੂੰ ਬਾਕੀ ਜੀਵ ਧਾਰੀਆਂ ਨਾਲੋਂ ਵੱਖਰਿਆਉਂਦਾ ਹੈ। ਕੁਦਰਤ ਦਾ ਕਮਾਲ ਹੈ ਕਿ ਭਾਸ਼ਾ ਵਰਗੇ ਅਹਿਮ ਕਾਰਜ ਵਾਸਤੇ ਸਾਡੇ ਸਰੀਰ ਵਿਚ ਕੋਈ ਵੀ ਅੰਗ ਨਿਰੋਲ ਇਸ ਵਾਸਤੇ ਰਾਖਵਾਂ ਨਹੀਂ ਹੈ। ਜਿਹੜੇ ਅੰਗ ਭਾਸ਼ਾ ਬੋਲਣ ਲਈ ਵਰਤੋਂ ਵਿਚ ਆਉਂਦੇ ਹਨ, ਉਨ੍ਹਾਂ ਸਾਰਿਆਂ ਦਾ ਪਹਿਲਾ ਕਾਰਜ ਕੋਈ ਹੋਰ ਹੈ ਅਤੇ ਬੋਲਣਾ ਦੂਜੈਲਾ। ਜਿਵੇਂ ਜੀਭ ਦਾ ਹੀ ਪਹਿਲਾ ਕੰਮ ਸਵਾਦ ਚੱਖਣਾ ਹੈ, ਫੇਫੜਿਆਂ ਦਾ ਸਾਹ ਲੈਣਾ, ਦੰਦਾਂ ਦਾ ਚਿੱਥਣਾ। ਭਾਸ਼ਾਈ ਧੁਨੀਆਂ ਦੇ ਉਚਾਰਨ ਵਿਚ ਮੁੱਢਲਾ ਕੰਮ ਸਾਡੀ ਸੁਆਸਧਾਰਾ ਕਰਦੀ ਹੈ। ਫੇਫੜਿਆਂ ਵਿਚੋਂ ਬਾਹਰ ਆਉਂਦੇ ਸਾਹ ਵਿਚ ਮੂੰਹ ਵਿਚਲੇ ਵੱਖ-ਵੱਖ ਅੰਗਾਂ ਦੁਆਰਾ ਰੁਕਾਵਟ ਪੈਦਾ ਕਰਕੇ ਧੁਨੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਧੁਨੀਆਂ ਦੇ ਹੀ ਮੋੜ, ਜੋੜ, ਤੋੜ, ਨਾਲ ਭਾਸ਼ਾ ਬਣਦੀ ਹੈ।

ਕਿਸੇ ਵੀ ਭਾਸ਼ਾ ਦੇ ਧੁਨੀ ਪ੍ਰਬੰਧ ਦਾ ਅਧਿਐਨ ਦੋ ਪੱਖਾਂ ਤੋਂ ਕੀਤਾ ਜਾਂਦਾ ਹੈ-ਧੁਨੀਆਂ ਦਾ ਬਣਤਰੀ ਜਾਂ ਉਚਾਰਨੀ ਪੱਖ ਅਤੇ ਧੁਨੀਆਂ ਦੀ ਵਰਤੋਂ ਦਾ ਪੱਖ। ਧੁਨੀ ਨੂੰ ਸਭ ਤੋਂ ਪਹਿਲਾਂ ਪੈਦਾ ਕੀਤਾ ਜਾਂਦਾ ਹੈ, ਜਿਸ ਨੂੰ ਧੁਨੀ ਉਚਾਰ ਕਹਿੰਦੇ ਹਨ, ਉਚਰਿਤ ਧੁਨੀ ਬੋਲਣ ਵਾਲੇ ਦੇ ਮੂੰਹ ਤੋਂ ਸੁਣਨ ਵਾਲੇ ਦੇ ਕੰਨਾਂ ਤੱਕ ਯਾਤਰਾ ਕਰਦੀ ਹੈ, ਜਿਸ ਨੂੰ ਸੰਚਾਰ ਕਹਿੰਦੇ ਹਨ। ਫਿਰ ਸੁਣਨ ਵਾਲੇ ਦੇ ਕੰਨ ਦੁਆਰਾ ਇਹ ਦਿਮਾਗ ਵਿਚ ਪਹੁੰਚ ਕੇ ਅਰਥ ਪੈਦਾ ਕਰਦੀ ਹੈ ਜਿਸ ਨੂੰ ਸੁਣਨ ਪ੍ਰਕਿਰਿਆ ਕਿਹਾ ਜਾਂਦਾ ਹੈ। ਇਨ੍ਹਾਂ ਵੱਖ-ਵੱਖ ਪ੍ਰਕਿਰਿਆਵਾਂ ਦਾ ਅਧਿਐਨ ਕਰਨ ਵਾਲੀ ਸਾਇੰਸ ਨੂੰ ਕ੍ਰਮਵਾਰ ਉਚਾਰਨੀ ਧੁਨੀ ਵਿਗਿਆਨ, ਸੰਚਾਰ ਧੁਨੀ ਵਿਗਿਆਨ ਅਤੇ ਸਰਵਣੀ ਧੁਨੀ ਵਿਗਿਆਨ ਕਿਹਾ ਜਾਂਦਾ ਹੈ। ਇਨ੍ਹਾਂ ਤਿੰਨਾਂ ਸ਼ਾਖਾਵਾਂ ਦੇ ਸਮੁੱਚੇ ਅਧਿਐਨ ਨੂੰ ਧੁਨੀ ਵਿਗਿਆਨ ਕਿਹਾ ਜਾਂਦਾ ਹੈ।

ਸਾਰੀਆਂ ਧੁਨੀਆਂ ਸਾਰਥਕ ਨਹੀਂ ਹੁੰਦੀਆਂ। ਸਾਰਥਕ ਧੁਨੀਆਂ ਨੂੰ ਭਾਸ਼ਾ ਬਣਨ ਵਾਸਤੇ ਵਿਸ਼ੇਸ਼ ਵਿਉਂਤ ਦੀ ਜ਼ਰੂਰਤ ਹੁੰਦੀ ਹੈ। ਉਚਾਰਨ ਅੰਗਾਂ ਦੁਆਰਾ ਉਚਰਿਤ ਧੁਨੀਆਂ ਨੂੰ ਕਿਸੇ ਖਾਸ ਭਾਸ਼ਾ ਵਾਸਤੇ ਕਿਵੇਂ ਵਰਤਿਆ ਜਾਂਦਾ ਹੈ ਇਸ ਨੂੰ ਧੁਨੀ ਵਿਉਂਤ ਕਹਿੰਦੇ ਹਨ। ਜਿਵੇਂ /u/ ਧੁਨੀ ਉਚਾਰਨ ਦੀ ਦਰਿਸ਼ਟੀ ਤੋਂ ਦੋ ਹੋਠੀ, ਅਲਪਪਰਾਣ, ਅਘੋਸ਼ ਧੁਨੀ ਹੈ ਪਰ ਇਸ ਦੀ ਵੱਖ-ਵੱਖ ਭਾਸ਼ਾਵਾਂ ਵਿਚ ਵੱਖਰੀ ਵੱਖਰੀ ਵਰਤੋਂ ਹੁੰਦੀ ਹੈ। ਅੰਗਰੇਜ਼ੀ ਵਿਚ /u/ ਧੁਨੀ ਦਾ ਉਚਾਰਨ ਸ਼ਬਦ ਦੇ ਅਖੀਰ ਵਿਚ ਜਾਂ /S/ ਤੋਂ ਪਹਿਲਾਂ ਹੀ /u/ ਵਿਚ ਹੁੰਦਾ ਹੈ। ਸ਼ਬਦ ਦੀ ਮੁੱਢਲੀ ਸਥਿਤੀ ਵਿਚ /u/ ਧੁਨੀ ਦਾ ਉਚਾਰਨ *(ph)* ਵਾਂਗ ਹੁੰਦਾ ਹੈ, ਪੰਜਾਬੀ ਦੀ /ਫ/ ਧੁਨੀ ਵਰਗਾ।

ਧੁਨੀ ਵਿਉਂਤ ਵਿਚ ਕਿਸੇ ਵਿਸ਼ੇਸ਼ ਭਾਸ਼ਾ ਜਾਂ ਉਪਭਾਸ਼ਾ ਦੀਆਂ ਧੁਨੀਆਂ ਦੇ ਕਾਰਜੀ ਲੱਛਣਾਂ ਨੂੰ ਵਿਚਾਰਿਆ ਜਾਂਦਾ ਹੈ। ਧੁਨੀ ਵਿਉਂਤ ਤੋਂ ਅਗੋਂ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

ਖੰਡੀ ਧੁਨੀ ਵਿਉਂਤ

ਅਖੰਡੀ ਧੁਨੀ ਵਿਉਂਤ

## 1. ਖੰਡੀ ਧੁਨੀ ਵਿਉਂਤ

ਖੰਡੀ ਧੁਨੀ ਵਿਉਂਤ ਵਿਚ ਖੰਡੀ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਉਹ ਧੁਨੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਆਪਣਾ ਵਿਲੱਖਣ ਸਰੂਪ ਹੁੰਦਾ ਹੈ। ਇਹ ਧੁਨੀਆਂ ਭਾਸ਼ਾ ਵਿਚ ਸੁਤੰਤਰ ਰੂਪ ਵਿਚਰਨ ਦੇ ਸਮਰੱਥ ਹੁੰਦੀਆਂ ਹਨ। ਖੰਡੀ ਧੁਨੀ ਵਿਉਂਤ ਵਿਚ ਸਵਰਾਂ, ਵਿਅੰਜਨਾਂ ਅਤੇ ਅਰਧ-ਸਵੱਰਾਂ ਆਦਿ ਖੰਡੀ ਧੁਨੀਆਂ ਬਾਰੇ ਵਿਚਾਰ ਕੀਤਾ ਜਾਂਦਾ ਹੈ।

## 2. ਅਖੰਡੀ ਧੁਨੀ ਵਿਉਂਤ

ਅਖੰਡੀ ਧੁਨੀ ਵਿਉਂਤ ਅਖੰਡੀ ਧੁਨੀਆਂ ਦੇ ਅਧਿਐਨ ਨਾਲ ਸੰਬੰਧ ਹੈ। ਇਹ ਉਹ ਧੁਨੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਆਪਣਾ ਕੋਈ ਸੁਤੰਤਰ ਵਜੂਦ ਨਹੀਂ ਹੁੰਦਾ ਸਗੋਂ ਇਹ ਧੁਨੀਆਂ ਖੰਡੀ ਧੁਨੀਆਂ ਨਾਲ ਮਿਲ ਕੇ ਆਪਣੇ ਭਾਸ਼ਾਈ ਕਾਰਜ ਨੂੰ ਸਾਕਾਰ ਕਰਦੀਆਂ ਹਨ। ਅਖੰਡੀ ਧੁਨੀ ਵਿਉਂਤ ਵਿਚ ਪਿਚ, ਸੁਰ, ਵਾਕ-ਸੁਰ, ਦਬਾ ਅਤੇ ਨਾਸਿਕਤਾ ਆਦਿ ਬਾਰੇ ਵਿਚਾਰ ਕੀਤਾ ਜਾਂਦਾ ਹੈ।

### ਖੰਡੀ ਧੁਨੀਆਂ-ਸਵਰ ਅਤੇ ਵਿਅੰਜਨ

(ੳ) ਸਵਰ

ਉਹ ਖੰਡੀ ਧੁਨੀਆਂ ਜਿਨ੍ਹਾਂ ਦੇ ਉਚਾਰਨ ਸਮੇਂ ਫੇਫੜਿਆਂ ਵਿਚੋਂ ਆਉਂਦੀ ਸਾਹ ਧਾਰਾ ਬਿਨਾਂ ਕਿਸੇ ਰੁਕਾਵਟ ਦੇ ਮੂੰਹ ਵਿਚੋਂ ਦੀ ਬਾਹਰ ਨਿਕਲ ਜਾਂਦੀ ਹੈ, ਉਨ੍ਹਾਂ ਧੁਨੀਆਂ ਨੂੰ ਸਵਰ ਕਿਹਾ ਜਾਂਦਾ ਹੈ। ਇਨ੍ਹਾਂ ਸਵਰ ਧੁਨੀਆਂ ਜਿਨ੍ਹਾਂ ਦੇ ਉਚਾਰਨ ਸਮੇਂ ਜੀਭ ਦੀ ਉਕਾਈ, ਸਥਿਤ ਤੇ ਸੈਲਾਂ ਦੀ ਸਥਿਤੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਸਨ। ਉਹ ਸਵਰ ਜਿਨ੍ਹਾਂ ਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ ਉਨ੍ਹਾਂ ਨੂੰ ਅਗਲੇਰੇ/ਮੂਰਲੇ ਸਵਰ ਕਿਹਾ ਜਾਂਦਾ ਹੈ। ਜਿਹੜੀਆਂ ਸਵਰ ਧੁਨੀਆਂ ਮੂੰਹ ਵਿਚ ਪਿਛਲੇ ਪਾਸੇ ਜੀਭ ਦੀ ਜੜ੍ਹ ਕੋਲ ਉਚਾਰੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਦੇ ਉਚਾਰਨ ਵੇਲੇ ਜੀਭ ਦਾ ਪਿਛਲਾ ਹਿੱਸਾ ਕਾਰਜਸ਼ੀਲ ਹੁੰਦਾ ਹੈ, ਉਨ੍ਹਾਂ ਧੁਨੀਆਂ ਨੂੰ ਪਿਛਲੇ ਸਵਰ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜਿਹੜੀਆਂ ਧੁਨੀਆਂ ਦੇ ਉਚਾਰਨ ਸਮੇਂ ਜੀਭ ਦਾ ਵਿਚਕਾਰਲਾ ਹਿੱਸਾ ਉਪਰ ਉਠਦਾ ਹੈ ਉਨ੍ਹਾਂ ਨੂੰ ਵਿਚਕਾਰਲੇ ਸਵਰ ਕਿਹਾ ਜਾਂਦਾ ਹੈ।

ਜੀਭ ਦੀ ਉਚਾਈ ਦੇ ਆਧਾਰ ਤੇ ਸਵਰਾਂ ਨੂੰ ਉੱਚੇ ਤੇ ਨੀਵੇਂ ਸਵਰ ਵਰਗਾਂ ਵਿਚ ਵੰਡਿਆ ਜਾਂਦਾ ਹੈ। ਉਹ ਸਵਰ ਧੁਨੀਆਂ ਜਿਨ੍ਹਾਂ ਦੇ ਉਚਾਰਨ ਸਮੇਂ ਜੀਭ ਉਠ ਕੇ ਤਾਲੂ ਦੇ ਬਿਲਕੁਲ ਨੇੜੇ ਚਲੀ ਜਾਂਦੀ ਹੈ ਉਨ੍ਹਾਂ ਨੂੰ ਉੱਚੇ ਸਵਰ ਕਿਹਾ ਜਾਂਦਾ ਹੈ। ਇਸ ਦੇ ਉਲਟ ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਜੀਭ ਆਪਣੀ ਸਾਧਾਰਨ ਹਾਲਤ ਵਿਚ ਵਿਚਰਦੀ ਹੈ ਭਾਵ ਜੀਭ ਦੀ ਨੋਕ ਦੰਦਾਂ ਦੇ ਪਿਛਲੇ ਪਾਸੇ ਟਿਕੀ ਰਹਿੰਦੀ ਹੈ ਉਨ੍ਹਾਂ ਨੂੰ ਨੀਵੇਂ ਸਵਰ ਕਿਹਾ ਜਾਂਦਾ ਹੈ। ਜੀਭ ਦੀ ਉੱਚੀ ਅਤੇ ਨੀਵੀਂ ਸਥਿਤੀ ਦੀ ਵਿਚਕਾਰਲੀ ਅਵਸਥਾ ਵਿਚੋਂ ਜਦੋਂ ਸਵਰ ਧੁਨੀਆਂ ਉਚਰਿਤ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਅਰਧ ਉੱਚੇ ਜਾਂ ਅਰਧ ਨੀਵੇਂ ਸਵਰ ਕਿਹਾ ਜਾਂਦਾ ਹੈ।

ਬੁੱਲਾਂ ਦੀ ਸਥਿਤੀ ਦੇ ਆਧਾਰ ਤੇ ਵੀ ਸਵਰਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ- ਗੁਲਾਈਦਾਰ ਅਤੇ ਗੁਲਾਈ ਰਹਿਤ।

ਗੁਲਾਈਕਾਰ :- ਜਿਨ੍ਹਾਂ ਸਵਰ ਧੁਨੀਆਂ ਦੇ ਉਚਾਰਨ ਸਮੇਂ ਬੁੱਲ੍ਹ ਗੋਲ ਸਥਿਤੀ ਵਿਚ ਆ ਜਾਂਦੇ ਹਨ।

ਗੁਲਾਈ ਰਹਿਤ :- ਜਿਨ੍ਹਾਂ ਸਵਰਾਂ ਦੇ ਉਚਾਰਨ ਸਮੇਂ ਬੁੱਲ੍ਹ ਚਪਟੇ ਰਹਿੰਦੇ ਹਨ।

ਪੰਜਾਬੀ ਸਵਰ ਧੁਨੀਆਂ

| | ਅਗਲੇਰੇ ਸਵਰ (ਗੁਲਾਈ ਰਹਿਤ) | ਵਿਚਕਾਰਲੇ ਸਵਰ | | ਪਿਛਲੇਰੇ ਸਵਰ (ਗੁਲਾਈਦਾਰ) |
|---|---|---|---|---|
| ਉੱਚੇ | ਈ | | | ਊ |
| ਅਰਧ ਉੱਚੇ | - | ਇ | ਉ | - |
| ਅਰਧ ਨੀਵੇਂ | ਏ | ਅ | | ਓ |
| ਨੀਵੇਂ | ਐ | ਆ | | ਔ |

ਪੰਜਾਬੀ ਭਾਸ਼ਾ ਵਿਚ ਦਸ ਸਵਰ ਧੁਨੀਆਂ ਹਨ, ਜਿਨ੍ਹਾਂ ਨੂੰ ਉਚਾਰਨ ਦੇ ਵਕਫੇ ਅਨੁਸਾਰ ਦੀਰਘ (ਈ. ਏ. ਐ, ਔ, ਆ, ਓ, ਊ) ਅਤੇ ਲਘੂ (ਇ, ਅ, ਉ) ਵਿਚ ਵੰਡਿਆ ਜਾਂਦਾ ਹੈ।

ਜੀਭ ਦੀ ਸਥਿਤੀ ਦੇ ਆਧਾਰ ਤੇ ਪੰਜਾਬੀ ਭਾਸ਼ਾ ਦੇ ਸਵਰਾਂ ਨੂੰ ਤਿੰਨਾ ਵਰਗਾਂ ਵਿਚ ਵੰਡਿਆ ਗਿਆ ਹੈ :-

| | |
|---|---|
| ਅਗਲੇਰੇ ਸਵਰ | -ਈ, ਏ, ਐ |
| ਪਿਛਲੇਰੇ ਸਵਰ | -ਊ, ਓ, ਔ |
| ਵਿਚਕਾਰਲੇ ਸਵਰ | -ਇ, ਉ, ਅ, ਆ |

ਜੀਭ ਦੀ ਉਚਾਈ ਦੇ ਆਧਾਰ ਤੇ ਸਵਰਾਂ ਦੀਆਂ ਚਾਰ ਕਿਸਮਾਂ ਹਨ :-

| | |
|---|---|
| ਉੱਚੇ ਸਵਰ | -ਈ, ਊ |
| ਅਰਧ ਉੱਚੇ | -ਇ, ਉ |
| ਅਰਧ ਨੀਵੇਂ | -ਏ, ਅ, ਓ |
| ਨੀਵੇਂ | -ਐ, ਆ, ਔ |

ਬੁੱਲਾਂ ਦੀ ਸਥਿਤੀ ਦੇ ਆਧਾਰ ਤੇ ਸਵਰਾਂ ਦੀਆਂ ਦੋ ਕਿਸਮਾਂ ਹਨ :-

| | |
|---|---|
| ਗੁਲਾਈਦਾਰ | -ਉ, ਊ, ਓ, ਔ |
| ਗੋਲਾਈ ਰਹਿਤ | -ਈ, ਏ, ਇ, ਐ, ਆ, ਅ |

ਪੰਜਾਬੀ ਸਵਰ ਧੁਨੀਆਂ : ਵਰਤੋਂ ਅਤੇ ਵਿਸ਼ੇਸ਼ਤਾਵਾਂ

/ਈ/-ਅਗਲੇਰਾ, ਉੱਚਾ, ਗੁਲਾਈ ਰਹਿਤ ਅਤੇ ਦੀਰਘ

ਇਹ ਸ਼ਬਦ ਦੀਆਂ ਤਿੰਨਾ ਹੀ ਪਰਿਸਥਿਤੀਆਂ ਵਿਚ ਵਿਚਰਦਾ ਹੈ, ਜਿਵੇਂ :-

| ਆਰੰਭ | ਵਿਚਕਾਰ | ਅਖੀਰ ਵਿਚ |
|---|---|---|
| ਈਨ -/ਈ ਨ/ | ਚੀਰ -/ਚ ਈ ਰ/ | ਪਾਪੀ /ਪ ਆ ਪ ਈ/ |
| ਈਸਰ -/ਈ ਸ ਅ ਰ/ | ਤੀਰ /ਤ ਈ ਰ/ | ਹਾਥੀ /ਹ ਆ ਤ ਈ/ |

/ਏ/-ਅਗਲੇਰਾ, ਅਰਧ ਉਚਾ, ਗੁਲਾਈ ਰਹਿਤ ਅਤੇ ਦੀਰਘ

ਤਿੰਨਾ ਪਰਸਥਿਤੀਆਂ ਵਿਚ ਵਰਤੋਂ ਇਸ ਪ੍ਰਕਾਰ ਹੈ :-

| | | |
|---|---|---|
| ਏਕਾ | ਅਨੇਕ | ਖਰਬੂਜੇ |
| ਏਲਚੀ | ਕੁਦੇਸਣ | ਸਵੇਰੇ |

/ਐ/-ਅਗਲੇਰਾ, ਨੀਵਾਂ, ਗੁਲਾਈ, ਰਹਿਤ, ਦੀਰਘ।

| | | |
|---|---|---|
| ਐਸ | ਬਗੈਰ | ਸਵੈ |
| ਐਤਵਾਰ | ਨਿਰਵੈਰ | ਖਹਿ |

/ਅ/- ਵਿਚਕਾਰਲਾ ਨੀਵਾਂ, ਗੁਲਾਈ ਰਹਿਤ, ਦੀਰਘ।

| | | |
|---|---|---|
| ਆਲੂ | ਤੁਹਾਡੀ | ਸਾਲਾ |
| ਆਖਰ | ਤਿਆਰੀ | ਕਾਲਾ |

/ਔ/- ਪਿਛਲੇਰਾ, ਨੀਵਾਂ, ਗੁਲਾਈਦਾਰ, ਦੀਰਘ।

| | | |
|---|---|---|
| ਔਕੜ | ਸੌੜਾ | ਸੌ |
| ਔਗੁਣ | ਕੌਡੀ | ਜ਼ਲੌ |

/ਓ/- ਪਿਛਲੇਰਾ, ਅਰਧ ਉੱਚਾ ਗੁਲਾਈਦਾਰ, ਦੀਰਘ।

| | | |
|---|---|---|
| ਓਟ | ਲੰਗੋਟ | ਪਿਓ |
| ਓੜਕ | ਪਿਓਂਦ | ਖੜੋ |

/ਊ/- ਪਿਛਲੇਰਾ, ਉੱਚਾ, ਗੁਲਾਈ ਰਹਿਤ, ਦੀਰਘ।

| | | |
|---|---|---|
| ਊਠ | ਕਸੂਰ | ਡਾਕੂ |
| ਊੜਾ | ਤੰਦੂਰ | ਸ਼ੇਰੂ |

/ਇ/- ਅਰਧ ਉੱਚਾ, ਵਿਚਕਰਲਾ, ਗੁਲਾਈ ਰਹਿਤ, ਲਘੂ।

| | | |
|---|---|---|
| ਇਸ | ਸੜਿਆ | ਇਹ ਸ਼ਬਦ ਦੀ ਅਖੀਰਲੀ |
| ਇਕ | ਭਵਿੱਖ | ਸਥਿਤੀ ਵਿਚ ਆਉਂਦਾ ਹੈ। |

/ਅ/- ਅਰਧ ਨੀਵਾਂ, ਵਿਚਕਾਰਲਾ, ਗੁਲਾਈ ਰਹਿਤ, ਲਘੂ।

| | |
|---|---|
| ਅੱਖ | ਖਬਰ |
| ਅਸਰ | ਸਬਰ |

/ਉ/- ਅਰਧ ਉੱਚਾ, ਵਿਚਕਾਰਲਾ, ਗੁਲਾਈਦਾਰ, ਲਘੂ।

ਪੰਜਾਬੀ ਵਿਚ /ਇ ਅ ਉ/ ਤਿੰਨ ਸਵਰ ਸ਼ਬਦ ਦੀ ਅਖੀਰਲੀ ਸਥਿਤੀ ਵਿਚ ਨਹੀਂ ਵਰਤੇ ਜਾਂਦੇ।

## ਦੋਹਰੇ ਸਵਰ

ਦੋ ਸਵਰਾਂ ਦਾ ਉਹ ਸੰਜੋਗ ਜੋ ਇਕ ਉਚਾਰ ਖੰਡ ਦੇ ਕੇਂਦਰ ਬਿੰਦੂ ਵਜੋਂ ਵਿਚਰਦਾ ਹੋਵੇ ਉਸ ਨੂੰ ਦੋਹਰਾ ਸਵਰ ਕਿਹਾ ਜਾਂਦਾ ਹੈ। ਪੰਜਾਬੀ ਵਿਚ ਇਹ ਸਿਰਫ ਤਿੰਨ ਹਨ :-

| | |
|---|---|
| ਅਈ | /ਗ ਅ ਈ/ |
| ਅਉ | /ਗ ਅ ਉ/ |
| ਅਏ | /ਗ ਅ ਏ/ |

## ਸਵਰ ਸੰਜੋਗ

ਜਦੋਂ ਦੋ ਜਾਂ ਦੋ ਤੋਂ ਵੱਧ ਸਵਰ ਇਕੱਠੇ ਉਚਾਰੇ ਜਾਣ ਅਤੇ ਉਹ ਵੱਖ-ਵੱਖ ਪਰ ਜੁੜਵੇਂ ਉਚਾਰ ਖੰਡ ਦੇ ਕੇਂਦਰ ਬਿੰਦੂ ਦੇ ਤੌਰ ਤੇ ਵਿਚਰਦੇ ਹੋਣ ਤਾਂ ਸਵਰਾਂ ਦੀ ਇਸ ਭਾਂਤ ਦੀ ਵਰਤੋਂ ਨੂੰ ਸਵਰ ਸੰਯੋਗ ਕਹਿੰਦੇ ਹਨ। ਪੰਜਾਬੀ ਵਿਚ ਬਹੁਤੇ ਸਵਰ ਸੰਯੋਗ ਦੀਰਘ+ਦੀਰਘ ਸਵਰ ਤਰਤੀਬ ਦੇ ਹਨ ਪਰ ਇਸ ਤੋਂ ਇਲਾਵਾ ਕੁਝ ਸਵਰ ਸੰਯੋਗ ਅਜਿਹੇ ਵੀ ਹੁੰਦੇ ਹਨ ਜਿੰਨ੍ਹਾਂ ਦੀ ਬਣਤਰ ਲਘੂ+ਲਘੂ ਅਤੇ ਲਘੂ+ਦੀਰਘ ਹੁੰਦੀ ਹੈ।

| | | |
|---|---|---|
| ਇਅ | ਵਿਅੰਗ | /ਵ ਇ ਅ ਙ ਗ/ |
| ਇਓ | ਪਿਓ | /ਪ ਇ ਓ/ |
| ਇਔ | ਲਿਔਣਾ | /ਲ ਇ ਔ ਣ ਆ/ |
| ਇਆ | ਲਿਆ | /ਲ ਇ ਆ/ |
| ਉਆ | ਗੁਆਚਾ | /ਗ ਉ ਆ ਚ ਆ/ |

## ਵਿਅੰਜਨ

ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਫੇਫੜਿਆਂ 'ਚੋਂ ਆਉਂਦੀ ਹਵਾ ਨੂੰ ਮੂੰਹ ਵਿਚ ਕਿਸੇ ਉਚਾਰਨ ਸਥਾਨ ਤੇ ਅੰਸ਼ਕ ਜਾਂ ਪੂਰਨ ਰੂਪ ਵਿਚ ਰੋਕ ਕੇ ਛੱਡਿਆ ਜਾਵੇ, ਉਨ੍ਹਾਂ ਧੁਨੀਆਂ ਨੂੰ ਵਿਅੰਜਨ ਕਿਹਾ ਜਾਂਦਾ ਹੈ। ਇਹ ਦੋ ਪ੍ਰਕਾਰ ਦੇ ਹੁੰਦੇ ਹਨ :-

**ਡੱਕਵੇਂ ਵਿਅੰਜਨ** :- ਜਿਨ੍ਹਾਂ ਧੁਨੀਆਂ ਦਾ ਉਚਾਰਨ ਸਾਹ ਨੂੰ ਪੂਰਨ ਰੂਪ ਵਿਚ ਰੋਕ ਕੇ ਇਕ ਦਮ ਛੱਡਣ ਨਾਲ ਹੁੰਦਾ ਹੈ, ਉਨ੍ਹਾਂ ਨੂੰ ਡੱਕਵੇਂ ਵਿਅੰਜਨ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ /ਪ ਫ ਬ ਤ ਥ ਦ ਟ ਠ ਡ ਚ ਛ ਜ ਕ ਖ ਗ/ ਡੱਕਵੇਂ ਵਿਅੰਜਨ ਹਨ।

**ਅਡੱਕਵੇਂ ਵਿਅੰਜਨ** :- ਜਿਨ੍ਹਾਂ ਧੁਨੀਆਂ ਦਾ ਉਚਾਰਨ ਫੇਫੜਿਆਂ 'ਚੋਂ ਆਉਂਦੇ ਸਾਹ ਨੂੰ ਅੰਸ਼ਕ ਰੂਪ ਵਿਚ ਰੋਕ ਕੇ ਛੱਡਣ ਨਾਲ ਹੁੰਦਾ ਹੈ ਉਨ੍ਹਾਂ ਨੂੰ ਅਡੱਕਵੇਂ ਵਿਅੰਜਨ ਕਿਹਾ ਜਾਂਦਾ ਹੈ, ਜਿਵੇਂ :- /ਮ ਨ ਣ ਵ ਫ਼ ਲ ਰ ੜ ਸ ਸ਼ ਹ/।

ਉਚਾਰਨ ਪ੍ਰਕਿਰਿਆ ਦੇ ਪੱਖ ਤੋਂ ਵਿਅੰਜਨਾਂ ਦੀ ਵੰਡ ਇਸ ਤਰ੍ਹਾਂ ਕੀਤੀ ਜਾਂਦੀ ਹੈ- ਉਚਾਰਨ ਅੰਗ, ਉਚਾਰਨ ਸਥਾਨ ਅਤੇ ਉਚਾਰਨ ਵਿਧੀ।

### ਉਚਾਰਨ ਅੰਗ :-

ਫੇਫੜਿਆਂ ਵਿਚੋਂ ਹੋ ਕੇ ਆਉਂਦੇ ਸਾਹ ਵਿਚ ਰੁਕਾਵਟ ਪੈਦਾ ਕਰਕੇ ਜਿਹੜੇ ਅੰਗ ਧੁਨੀ ਪੈਦਾ ਕਰਦੇ ਹਨ ਉਨ੍ਹਾਂ ਨੂੰ ਉਚਾਰਨ ਅੰਗ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ :- ਚੁਸਤ ਅਤੇ ਸੁਸਤ। ਉਹ ਅੰਗ ਹਨ, ਜੋ ਧੁਨੀ ਪੈਦਾ ਕਰਨ ਲਈ ਆਪਣੇ ਸਥਾਨ ਤੋਂ ਉਠ ਕੇ ਹਰਕਤ ਵਿਚ ਆਉਂਦੇ ਹਨ ਉਨ੍ਹਾਂ ਨੂੰ ਚੁਸਤ ਉਚਾਰਨ ਅੰਗ ਕਿਹਾ ਜਾਂਦਾ ਹੈ। ਜਿਹੜੇ ਅੰਗ ਆਪਣੇ ਸਥਾਨ ਤੇ ਹੀ ਅਹਿਲ ਰਹਿੰਦੇ ਹਨ ਪਰ ਉਚਾਰਕਾਂ ਨੂੰ ਸਹਿਯੋਗ ਦਿੰਦੇ ਹਨ ਉਨ੍ਹਾਂ ਨੂੰ ਸੁਸਤ ਉਚਾਰਨ ਅੰਗ ਕਿਹਾ ਜਾਂਦਾ ਹੈ।

ਚੁਸਤ ਉਚਾਰਕ :- ਬੁੱਲ, ਜੀਭ, ਹੇਠਲਾ ਜਬਾੜਾ।

ਸੁਸਤ ਉਚਾਰਕ :- ਉਪਰਲਾ ਜਬਾੜਾ, ਉਪਰਲੇ ਦੰਦ।

**ਉਚਾਰਨ ਸਥਾਨ** :- ਇਹ ਉਹ ਸਥਾਨ ਹੈ ਜਿਥੇ ਸਾਹ ਵਿਚ ਰੁਕਾਵਟ ਪੈਦਾ ਕਰਕੇ ਧੁਨੀ ਪੈਦਾ ਕੀਤੀ ਜਾਂਦੀ ਹੈ। ਸਥਾਨ ਦੇ ਆਧਾਰ ਤੇ ਵਿਅੰਜਨ ਧੁਨੀਆਂ ਨੂੰ ਛੇ ਭਾਗਾਂ ਵਿਚ ਵੰਡਿਆ ਜਾਂਦਾ ਹੈ- ਦੋ ਹੋਠੀ, ਦੰਤੀ, ਉਲਟ ਜੀਭੀ, ਤਾਲਵੀ, ਕੰਠੀ ਅਤੇ ਸੁਰਯੰਤਰੀ।

**ਦੋ ਹੋਠੀ ਵਿਅੰਜਨ** :- ਦੋ ਹੋਠੀ ਵਿਅੰਜਨ ਧੁਨੀਆਂ ਦੇ ਉਚਾਰਨ ਸਮੇਂ ਦੋਵੇਂ ਹੋਠ /ਬੁਲ੍ਹ ਸਾਹ ਨੂੰ ਰੋਕ ਕੇ/ ਛੱਡ ਕੇ ਧੁਨੀ ਪੈਦਾ ਕਰਦੇ ਹਨ। ਇਸ ਲਈ ਇਨ੍ਹਾਂ ਨੂੰ ਦੋ ਹੋਠੀ ਵਿਅੰਜਨ ਕਿਹਾ ਜਾਂਦਾ ਹੈ, ਜਿਵੇਂ /ਪ ਫ ਬ ਮ/ ਇਨ੍ਹਾਂ ਵਿਚੋਂ /ਮ/ ਨਾਸਕੀ ਹੈ।

**ਦੰਤੀ ਵਿਅੰਜਨ** :- ਦੰਤੀ ਵਿਅੰਜਨਾ ਦੇ ਉਚਾਰਨ ਸਮੇਂ ਵਾਪਸ ਆਉਂਦੇ ਸਾਹ ਨੂੰ ਜੀਭ ਦੀ ਨੋਕ ਦੁਆਰਾ ਉਪਰਲੇ ਦੰਦਾਂ ਦੇ ਪਿਛਲੇ ਪਾਸੇ ਰੋਕਿਆ ਜਾਂਦਾ ਹੈ। ਪੰਜਾਬੀ ਵਿਚ /ਤ, ਥ, ਦ, ਨ, ਰ, ਲ, ਸ/ ਦੰਤੀ ਧੁਨੀਆਂ ਹੁੰਦੀਆਂ ਹਨ। ਇਨ੍ਹਾਂ ਵਿਚੋਂ /ਨ/ ਨਾਸਕੀ ਹੈ।

**ਉਲਟ ਜੀਭੀ** :- ਇਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਵਾਪਸ ਆਉਂਦੀ ਹਵਾ ਨੂੰ ਰੋਕਣ ਲਈ ਜੀਭ ਦੀ ਨੋਕ ਪੁੱਠੀ ਹੋ ਕੇ ਉਪਰ ਸਖ਼ਤ ਤਾਲ ਨੂੰ ਛੂੰਹਦੀ ਹੈ। ਅਜਿਹੀ ਰੁਕਾਵਟ ਦੁਆਰਾ ਪੈਦਾ ਹੋਈਆਂ ਧੁਨੀਆਂ ਨੂੰ ਉਲਟ ਜੀਭੀ ਕਿਹਾ ਹੈ ਜਿਵੇਂ :- /ਟ, ਠ, ਭ, ਢ, ਣ, ੜ/ ਇਨ੍ਹਾਂ ਵਿਚੋਂ /ਣ/ ਨਾਸਕੀ ਹੈ।

**ਤਾਲਵੀ** :- ਤਾਲਵੀ ਧੁਨੀਆਂ ਦੇ ਉਚਾਰਨ ਸਮੇਂ ਸਾਹਧਾਰਾ ਨੂੰ ਦੰਦ ਪਠਾਰ (ਦੰਦਾਂ ਦੇ ਬੁੱਟਾਂ) ਤੋਂ ਸਖਤ ਤਾਲੂ ਦੇ ਵਿਚਕਾਰ ਜੀਭ ਦੇ ਬਲੇਡ ਦੁਆਰਾ ਰੋਕਿਆ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ /ਚ, ਤ, ਜ, ਦ, ਸ਼/ ਤਾਲਵੀ ਧੁਨੀਆਂ ਹਨ। ਇਨ੍ਹਾਂ ਵਿਚੋਂ

/ੜ/ ਨਾਂਸਕੀ ਹੈ ਅਤੇ ਬਾਕੀ ਮੌਖਿਕ।

**ਕੰਠੀ** :- ਜਦੋਂ ਜੀਭ ਦਾ ਪਿਛਲਾ ਪਾਸਾ ਤਾਲੂ ਨਾਲ ਸਪਰਸ਼ ਕਰਕੇ ਧੁਨੀ ਪੈਦਾ ਕਰਦਾ ਹੈ ਤਾਂ ਇਸ ਨੂੰ ਕੰਠੀ ਧੁਨੀ ਕਿਹਾ ਜਾਂਦਾ ਹੈ। /ਕ, ਖ, ਗ, ਘ, ਙ/ ਕੰਠੀ ਵਿਅੰਜਨ ਧੁਨੀਆਂ ਹਨ। ਇਨ੍ਹਾਂ ਵਿਚੋਂ /ਙ/ ਨਾਸਕੀ ਧੁਨੀ ਹੈ।

## ਉਚਾਰਨ ਵਿਧੀ

ਫੇਫੜਿਆਂ ਵਿਚੋਂ ਹੋ ਕੇ ਵਾਪਸ ਆਉਂਦੀ ਹਵਾ ਨੂੰ ਉਚਾਰਨ ਸਥਾਨ ਤੇ ਜਿਸ ਵਿਧੀ ਨਾਲ ਰੋਕਿਆ ਜਾਂਦਾ ਹੈ ਉਸ ਨੂੰ ਉਚਾਰਨ ਵਿਧੀ ਕਿਹਾ ਜਾਂਦਾ ਹੈ। ਉਚਾਰਨ ਵਿਧੀ ਦੇ ਆਧਾਰ ਤੇ ਪੰਜਾਬੀ ਵਿਅੰਜਨਾਂ ਨੂੰ ਪੰਜ ਸ਼ਰੇਣੀਆਂ ਵਿਚ ਵੰਡਿਆ ਜਾਂਦਾ ਹੈ- ਡੱਕਵੇਂ ਵਿਅੰਜਨ, ਨਾਸਕੀ, ਟਰਿਲ ਅਤੇ ਫਲੈਪ, ਪਾਰਸ਼ਵਿਕ ਅਤੇ ਸਪਰਸ਼ ਸੰਘਰਸ਼ੀ।

**ਡੱਕਵੇਂ ਵਿਅੰਜਨ** :- ਇਨ੍ਹਾਂ ਵਿਅੰਜਨਾਂ ਦੇ ਉਚਾਰਨ ਸਮੇਂ ਵਾਪਸ ਆਉਂਦੇ ਸਾਹ ਨੂੰ ਕਿਸੇ ਨਾ ਕਿਸੇ ਉਚਾਰਨ ਸਥਾਨ ਤੇ ਪੂਰਨ ਰੂਪ ਵਿਚ ਰੋਕ ਕੇ ਇਕ ਦਮ ਛੱਡਿਆ ਜਾਂਦਾ ਹੈ। ਪੰਜਾਬੀ ਵਿਚ /ਪ, ਫ, ਬ, ਟ, ਠ, ਡ, ਤ, ਥ, ਦ, ਚ, ਛ, ਜ, ਕ, ਖ, ਗ/ ਪੰਦਰਾਂ ਡੱਕਵੇਂ ਵਿਅੰਜਨ ਹਨ। ਇਨ੍ਹਾਂ ਨੂੰ ਘੋਸ਼ਤਾਂ ਅਤੇ ਪਰਾਣਤਾ ਦੇ ਆਧਾਰ ਤੇ ਕਰਮਵਾਰ/ਅਘੋਸ, ਸਘੋਸ਼ ਅਤੇ ਅਲਪ ਪਰਾਣ ਮਹਾਂਪਰਾਣ ਵਿਅੰਜਨਾ ਵਿਚ ਵੰਡਿਆ ਜਾਂਦਾ ਹੈ।

ਘੋਸ਼ਤਾ ਦਾ ਸੰਬੰਧ ਸੁਰ ਤੰਦਾਂ ਦੀ ਕੰਬਣੀ ਨਾਲ ਹੈ। ਜਿਨ੍ਹਾਂ ਧੁਨੀਆਂ ਦੇ ਉਚਾਰਨ ਵੇਲੇ ਸੁਰ ਤੰਦਾਂ ਵਿਚ ਕੰਬਣੀ ਪੈਦਾ ਹੁੰਦੀ ਹੈ ਉਨ੍ਹਾਂ ਨੂੰ ਸਘੋਸ਼ ਜਾਂ ਨਾਦੀ ਵਿਅੰਜਨ ਕਿਹਾ ਜਾਂਦਾ ਹੈ। ਪੰਜਾਬੀ ਵਿਚ /ਬ, ਦ, ਜ, ਗ/ ਵਿਚ ਸਘੋਸ਼ ਵਿਅੰਜਨ ਹਨ ਅਤੇ ਬਾਕੀ ਸਾਰੇ ਅਘੋਸ਼ ਜਾਂ ਨਾਦ ਰਹਿਤ ਹਨ। ਇਨ੍ਹਾਂ ਦੇ ਉਚਾਰਨ ਸਮੇਂ ਸੁਰ ਤੰਦਾਂ ਵਿਚ ਕੰਬਣੀ ਪੈਦਾ ਨਹੀਂ ਹੁੰਦੀ।

ਪਰਾਣਤਾ ਦਾ ਸੰਬੰਧ ਸਾਹ ਦੀ ਮਿਕਦਾਰ ਨਾਲ ਹੈ। ਧੁਨੀਆਂ ਦੇ ਉਚਾਰਨ ਸਮੇਂ ਮੂੰਹ ਵਿਚੋਂ ਹਵਾ ਫਰਾਟੇ ਵਾਂਗ ਬਾਹਰ ਨਿਕਲਦੀ ਹੈ ਉਨ੍ਹਾਂ ਨੂੰ ਮਹਾਂਪਰਾਣ ਧੁਨੀਆਂ ਕਿਹਾ ਜਾਂਦਾ ਹੈ। ਪੰਜਾਬੀ ਵਿਚ /ਫ, ਥ, ਠ, ਛ, ਖ/ ਵਿਅੰਜਨ ਮਹਾਂਪਰਾਣ ਹਨ ਜਦ ਕਿ ਬਾਕੀ ਦਸ ਵਿਅੰਜਨ /ਪ, ਬ, ਤ, ਦ, ਟ, ਡ, ਚ, ਜ, ਕ, ਗ/ ਅਲਪ ਪਰਾਣ ਵਿਅੰਜਨ ਧੁਨੀਆਂ ਹਨ।

**ਨਾਸਕੀ ਵਿਅੰਜਨ** :- ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਕੋਮਲ ਤਾਲੂ ਹੇਠਾਂ ਝੁਕ ਜਾਂਦਾ ਹੈ, ਜਿਸ ਕਰਕੇ ਹਵਾ ਦਾ ਕੁਝ ਭਾਗ ਨੱਕ ਦੁਆਰਾ ਬਾਹਰ ਨਿਕਲਦਾ ਹੈ ਅਜਿਹੀਆਂ ਧੁਨੀਆਂ ਨੂੰ ਨਾਸਕੀ ਵਿਅੰਜਨ ਆਖਿਆ ਜਾਂਦਾ ਹੈ। ਪੰਜਾਬੀ ਵਿਚ /ਮ, ਨ, ਣ, ਞ, ਙ/ ਪੰਜ ਨਾਂਸਕੀ ਵਿਅੰਜਨ ਹਨ।

**ਪਾਰਸ਼ਵਿਕ ਵਿਅੰਜਨ** :- ਪੰਜਾਬੀ ਵਿਚ ਦੋ ਪਾਰਸ਼ਵਿਕ ਵਿਅੰਜਨ ਹਨ। ਦੰਤੀ /ਲ/ ਅਤੇ ਉਲਟਜੀਭੀ /ਲ਼/। ਇਸ ਧੁਨੀ /ਲ/ ਦੇ ਉਚਾਰਨ ਸਮੇਂ ਜੀਭ ਦੀ ਨੋਕ ਦੰਦ ਪਠਾਰ ਨਾਲ ਛੂਹ ਕੇ ਫੇਫੜਿਆਂ ਵਿਚੋਂ ਆਉਂਦੀ ਹਵਾ ਨੂੰ ਰੋਕਦੀ ਹੈ। ਪਰ ਹਵਾ ਜੀਭ ਦੇ ਦੋਹਾਂ ਪਾਸਿਆਂ ਵਲੋਂ ਬਾਹਰ ਨਿਕਲ ਜਾਂਦੀ ਹੈ। ਇਸ ਤਰ੍ਹਾਂ ਪੈਦਾ ਹੋਈ ਧੁਨੀ ਨੂੰ ਪਾਰਸ਼ਵਿਕ ਧੁਨੀ ਕਿਹਾ ਜਾਂਦਾ ਹੈ। ਉਲਟ ਜੀਭੀ /ਲ਼/ ਧੁਨੀ ਦੇ ਉਚਾਰਨ ਸਮੇਂ ਜੀਭ ਦੀ ਨੋਕ ਦਾ ਪੁਠਾ ਪਾਸਾ ਸਖਤ ਤਾਲੂ ਨਾਲ ਛੂੰਹਦਾ ਹੈ ਅਤੇ ਹਵਾ ਜੀਭ ਦੇ ਦੋਹਾਂ ਪਾਸਿਆਂ ਵੱਲੋਂ ਨਿਕਲਦੀ ਹੈ।

**ਟ੍ਰਿਲ ਅਤੇ ਫਲੈਪ ਵਿਅੰਜਨ** :- ਪੰਜਾਬੀ ਵਿਚ ਦੋ ਟ੍ਰਿਲ ਧੁਨੀਆਂ ਹਨ। ਇਕ ਦੰਤੀ ਟ੍ਰਿਲ /ਰ/ ਅਤੇ ਦੂਜੀ ਉਲਟ ਜੀਭੀ ਫਲੈਪ /ੜ/। ਟ੍ਰਿਲ ਧੁਨੀਆਂ ਦੇ ਉਚਾਰਨ ਸਮੇਂ ਚੁਸਤ ਉਚਾਰਕ ਸੁਸਤ ਉਚਾਰਕ ਨੂੰ ਵਾਰ ਵਾਰ ਛੂੰਹਦਾ ਹੈ ਜਿਵੇਂ /ਰ/ ਧੁਨੀ ਦੇ ਉਚਾਰਨ ਵੇਲੇ। ਇਸ ਦੇ ਉਲਟ ਫਲੈਪ ਧੁਨੀ ਦੇ ਉਚਾਰਨ ਸਮੇਂ ਚੁਸਤ ਉਚਾਰਕ ਸੁਸਤ ਉਚਾਰਕ ਨੂੰ ਇਕ ਵਾਰ ਛੂਹ ਕੇ ਆਪਣੀ ਅਸਲੀ ਸਥਿਤੀ ਵਿਚ ਆ ਜਾਂਦਾ ਹੈ।

**ਸਪਰਸ਼ ਸੰਘਰਸ਼ੀ ਵਿਅੰਜਨ** :- ਇਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਵਾਪਸ ਆਉਂਦੇ ਸਾਹ ਨੂੰ ਕਿਸੇ ਉਚਾਰਕ ਸਥਾਨ ਤੇ ਰੋਕ, ਹੌਲੀ ਹੌਲੀ ਛਡਿਆ ਜਾਂਦਾ ਹੈ। ਇਸ ਤਰ੍ਹਾਂ ਹਵਾ ਉਚਾਰਨ ਅੰਗਾਂ ਵਿਚੋਂ ਖਹਿ ਖਹਿ ਕੇ ਬਾਹਰ ਨਿਕਲਦੀ ਹੈ। ਇਸ ਹਾਲਤ ਵਿਚ ਪੈਦਾ ਹੋਈਆਂ ਧੁਨੀਆਂ ਨੂੰ ਸਪਰਸ਼ ਸੰਘਰਸ਼ੀ ਧੁਨੀਆਂ ਆਖਿਆ ਜਾਂਦਾ ਹੈ। ਪੰਜਾਬੀ ਵਿਚ ਇਹ ਤਿੰਨ ਹਨ /ਸ, ਸ਼, ਹ/। ਦੰਤੀ /ਸ/, ਤਲਵੀ /ਸ਼/ ਅਤੇ ਸੁਰ ਯੰਤਰੀ /ਹ/ । ਤਲਵੀ ਸਪਰਸ਼ ਧੁਨੀ /ਸ਼/ ਨੂੰ ਪਠਾਰ-ਤਾਲਵੀ ਦਾ (ਸ਼ਬਦ) ਨਾ ਦਿੱਤਾ

ਗਿਆ ਹੈ।

**ਪੰਜਾਬੀ ਵਿਅੰਜਨ : ਵਰਤੋਂ ਅਤੇ ਵਿਸ਼ੇਸ਼ਤਾਵਾਂ**

ਪੰਜਾਬੀ ਭਾਸ਼ਾ ਵਿਚ /ਣ, ਝ, ਙ, ੜ, ਲ/ ਤੋਂ ਬਿਨਾਂ ਬਾਕੀ ਸਾਰੇ ਵਿਅੰਜਨ ਸ਼ਬਦ ਦੀਆਂ ਤਿੰਨਾਂ ਸਥਿਤੀਆਂ ਵਿਚ ਵਿਚਰ ਸਕਦੇ ਹਨ। /ਞ/ ਅਤੇ /ਙ/ ਆਮ ਤੌਰ ਤੇ ਸ਼ਬਦ ਦੀ ਵਿਚਕਾਰਲੀ ਸਥਿਤੀ ਵਿਚ /ਚ, ਜ, ਕ, ਗ/ ਤੋਂ ਪਹਿਲਾਂ ਆਉਂਦੇ ਹਨ, ਜਿਵੇਂ :-

ਕੈਂਚੀ/ਕ ਐ ਞ ਚ ਈ/

ਮੰਜਾ/ਮ ਅ ਞ ਜ ਆ/

ਲੰਕਾ/ਲ ਅ ਙ ਕ ਆ/

ਕੰਘੀ/ਕ ਅ ਅ ਙ ਗ ਈ/

/ਙ, ਲ, ੜ/ ਸ਼ਬਦ ਦੀ ਵਿਚਕਾਰਲੀ ਅਤੇ ਅਖੀਰਲੀ ਸਥਿਤੀ ਵਿਚ ਹੀ ਆ ਸਕਦੇ ਹਨ, ਮੁੱਢਲੀ ਸਥਿਤੀ ਵਿਚ ਕਦੀ ਵੀ ਨਹੀਂ।

**ਦੁੱਤ ਵਿਅੰਜਨ** :- ਦੁੱਤ ਧੁਨੀ ਦੇ ਉਚਾਰਨ ਸਮੇਂ ਕਿਸੇ ਵਿਸ਼ੇਸ਼ ਵਿਅੰਜਨ ਧੁਨੀ ਦੇ ਉਚਾਰਨ ਨੂੰ ਰੋਕ ਕੇ, ਲਮਕਾ ਕੇ, ਉਚਾਰਨ ਕੀਤਾ ਜਾਂਦਾ ਹੈ। ਦੁੱਤ ਵਿਅੰਜਨ ਅਤੇ ਲੰਮੇ ਵਿਅੰਜਨਾਂ ਵਿਚ ਬੁਨਿਆਦੀ ਅੰਤਰ ਇਹ ਹੈ ਜਿਥੇ ਦੁੱਤ ਵਿਅੰਜਨ ਦਾ ਸੰਬੰਧ ਉਚਾਰਨ ਦੇ ਦੋਹਰੇਪਨ ਨਾਲ ਹੈ ਉਥੇ ਲੰਮੇ ਵਿਅੰਜਨ ਦਾ ਸਬੰਧ ਉਚਾਰਨ ਵਕਵੇ ਨਾਲ ਹੈ। ਪੰਜਾਬੀ ਵਿਚ ਦੁੱਤ ਵਿਅੰਜਨ ਦੋ ਤਰ੍ਹਾਂ ਸਾਕਾਰ ਹੁੰਦੇ ਹਨ। ਇਕ ਕਿਸਮ ਦੇ ਦੁੱਤ ਵਿਅੰਜਨ ਇਕ ਉਚਾਰ ਖੰਡ ਦੀਆਂ ਹੱਦਾਂ ਦਰਮਿਆਨ ਸਾਕਾਰ ਹੁੰਦੇ ਹਨ ਅਤੇ ਦੂਜੀ ਕਿਸਮ ਦੇ ਦੁੱਤ ਵਿਅੰਜਨ ਦੋ ਉਚਾਰ ਖੰਡਾਂ ਦੀਆਂ ਹੱਦਾਂ ਤੇ ਭਾਵ ਪਹਿਲੇ ਉਚਾਰ ਖੰਡ ਦੀ ਅਖੀਰਲੇ ਵਿਅੰਜਨ ਅਤੇ ਦੂਜੇ ਉਚਾਰ ਖੰਡ ਦੇ ਆਰੰਭਕ ਵਿਅੰਜਨ ਦੁਆਰਾ ਹੋਂਦ ਵਿਚ ਆਉਂਦੇ ਹਨ, ਜਿਵੇਂ :-

ਇਕੱਠ /ਇ ਕ ਅ ਲ ਲ/

ਕੱਠ /ਕ ਅ ਟ ਠ/

ਮਿੱਟੀ/ਮ ਇ ਟ ਟ ਈ/

ਕੱਲੀ /ਕ ਅ ਲ ਲ ਈ/

**ਵਿਅੰਜਨ ਗੁੱਛਾ** :- ਜਦੋਂ ਦੋ ਜਾਂ ਦੋ ਤੋਂ ਵੱਧ ਵਿਅੰਜਨ ਬਿਨਾ ਕਿਸੇ ਸਵਰ ਦੀ ਮਦਦ ਤੋਂ ਉਚਾਰੇ ਜਾਣ ਤਾਂ ਇਨ੍ਹਾਂ ਨੂੰ ਵਿਅੰਜਨ ਗੁੱਛਾ ਕਿਹਾ ਜਾਂਦਾ ਹੈ। ਪੰਜਾਬੀ ਵਿਚ ਇਹ ਦੋ ਤਰ੍ਹਾਂ ਸਾਕਾਰ ਹੁੰਦੇ ਹਨ। ਇਕ ਕਿਸਮ ਦੇ ਵਿਅੰਜਨ ਗੁੱਛੇ ਇਕ ਉਚਾਰ ਖੰਡ ਦੀਆਂ ਹੱਦਾਂ ਦੇ ਦਰਮਿਆਨ ਸਾਕਾਰ ਹੁੰਦੇ ਹਨ ਜਦ ਕਿ ਦੂਜੀ ਤਰ੍ਹਾਂ ਦੇ ਵਿਅੰਜਨ ਗੁੱਛੇ ਉਚਾਰ ਖੰਡਾਂ ਦੀਆਂ ਹੱਦਾਂ ਤੇ ਵਿਚਰਦੇ ਵਿਅੰਜਨਾਂ ਦੁਆਰਾ ਸਾਕਾਰ ਹੁੰਦੇ ਹਨ। ਪੰਜਾਬੀ ਵਿਚ ਸ਼ਬਦ ਅਖੀਰਲੇ ਵਿਅੰਜਨ ਗੁੱਛੇ ਇਕ ਉਚਾਰਖੰਡ ਦੀਆਂ ਹੱਦਾਂ ਦਰਮਿਆਨ ਵਿਚਰਦੇ ਹਨ ਜਦ ਕਿ ਸ਼ਬਦ ਵਿਚਕਾਰਲੇ ਜਾਂ ਦੋ ਸਵਰਾਂ ਵਿਚਕਾਰਲੇ ਵਿਅੰਜਨ ਗੁੱਛੇ ਉਚਾਰ ਖੰਡਾਂ ਦੀਆਂ ਹੱਦਾਂ ਉਤੇ ਵਿਚਰਦੇ ਵਿਅੰਜਨਾਂ ਰਾਹੀਂ ਹੋਂਦ ਵਿਚ ਆਉਂਦੇ ਹਨ।

**ਸ਼ਬਦ ਅਖੀਰਲੇ ਵਿਅੰਜਨ ਗੁੱਛੇ** :- ਪੰਜਾਬੀ ਵਿਚ ਸ਼ਬਦ ਅਖੀਰਲੇ ਵਿਅੰਜਨ ਗੁੱਛੇ ਇਕ ਉਚਾਰ ਖੰਡ ਦੇ ਘੇਰੇ ਵਿਚ ਹਨ। ਇਨ੍ਹਾਂ ਦੀ ਬਣਤਰ ਅਡੱਕਵਾਂ/ਡੱਕਵਾਂ ਵਿਅੰਜਨ ਤਰਤੀਬ ਦੀ ਹੁੰਦੀ ਹੈ ਪਰ ਕੁਝ ਕੁ ਗੁੱਛਿਆਂ ਦੀ ਬਣਤਰ ਵਿਚ ਦੂਜਾ ਮੈਂਬਰ ਨਾਸਕੀ ਵਿਅੰਜਨ ਜਾਂ ਸ,ਲੁ,ਲੁ, ਵਿਚੋਂ ਕੋਈ ਵੀ ਹੋ ਸਕਦਾ ਹੈ। ਇਨ੍ਹਾਂ ਦਾ ਪਹਿਲਾ ਮੈਂਬਰ ਹਮੇਸ਼ਾਂ ਹੀ /ਲ, ਰ, ੜ, ਸ, ਵਿਚੋਂ ਕੋਈ ਇਕ ਹੋ ਸਕਦਾ ਹੈ ਅਤੇ ਦੂਜਾ ਮੈਂਬਰ ਕੋਈ ਵੀ ਡੱਕਵਾਂ ਵਿਅੰਜਨ।

ਉਲਟਾ /ਉ ਲ ਟ ਆ/ ਪਲਸ / ਪ ਉ ਲ ਸ/

| | | | |
|---|---|---|---|
| ਕਲਪ | /ਕ ਅ ਲ ਪ/ | ਵਰਤ | /ਵ ਅ ਰ ਤ/ |
| ਮਿਲਣ | /ਮ ਇ ਲ ਣ/ | ਕਰਨ | /ਕ ਅ ਰ ਨ/ |
| ਘੁਲਣ | /ਕ ਉ ਲ ਣ/ | ਮੁਰਲੀ | /ਮੁ ਅ ਰ ਲ ਈ/ |
| ਅਰਲੀ | /ਅ ਰ ਲ ਈ/ | ਮਸਤ | /ਮ ਅ ਸ ਤ/ |
| ਰੜਕ | /ਰ ਅ ੜ ਕ/ | ਅਸਤ | /ਅ ਸ ਤ/ |

**ਸ਼ਬਦ ਵਿਚਕਾਰਲੇ ਵਿਅੰਜਨ ਗੁੱਛੇ** :– ਸ਼ਬਦ ਵਿਚਕਾਰਲੇ ਵਿਅੰਜਨ ਗੁੱਛੇ ਦੋ ਸਵਰਾਂ ਦੇ ਵਿਚਕਾਰ ਆਉਂਦੇ ਹਨ ਅਤੇ ਹਮੇਸ਼ਾਂ ਹੀ ਉਚਾਰ ਖੰਡਾਂ ਦੀਆਂ ਹੱਦਾਂ ਤੇ ਵਿਚਰਦੇ ਵਿਅੰਜਨਾਂ ਦੁਆਰਾ ਸਾਕਾਰ ਹੁੰਦੇ ਹਨ। ਜਿਨ੍ਹਾਂ ਦੀਆਂ ਦੋ ਕਿਸਮਾਂ ਹਨ- ਦੋ ਵਿਅੰਜਨ ਗੁੱਛੇ ਅਤੇ ਵਿਅੰਜਨ ਗੁੱਛੇ।

ਦੋ ਵਿਅੰਜਨ ਗੁੱਛੀਆਂ ਦੀ ਬਣਤਰ ਵਿਚ ਪਹਿਲਾ ਮੈਂਬਰ ਡੱਕਵਾਂ ਵਿਅੰਜਨ ਹੁੰਦਾ ਹੈ ਅਤੇ ਦੂਜਾ ਮੈਂਬਰ ਅਡੱਕਵਾਂ ਵਿਅੰਜਨ।

| | |
|---|---|
| ਮਾਤਰਾ | /ਮ ਆ ਤ ਰ ਆ/ |
| ਚਾਦਰਾ | /ਚ ਆ ਦ ਰ ਆ/ |

ਤਿੰਨ ਵਿਅੰਜਨ ਗੁੱਛਿਆਂ ਦੀ ਬਣਤਰ ਵਿਚ ਨਾਸਕੀ ਵਿਅੰਜਨ+ਡੱਕਵਾਂ ਵਿਅੰਜਨ+ਅਡੱਕਵਾਂ, ਵਿਅੰਜਨ, ਤਰਤੀਬ ਹੁੰਦੀ ਹੈ। ਪਹਿਲਾ ਵਿਅੰਜਨ ਹਮੇਸ਼ਾ ਅਡੱਕਵਾਂ (ਨਾਸਕੀ) ਦੂਸਰਾ ਡੱਕਵਾਂ ਅਤੇ ਤੀਸਰੇ ਵਿਅੰਜਨ ਵਿਚ /ਰ, ਲ, ੜ,/ ਵਿਚੋਂ ਕੋਈ ਇਕ ਹੋ ਸਕਦਾ ਹੈ।

ਤਿੰਨ ਵਿਅੰਜਨ ਗੁੱਛੇ = ਨਾਸਕੀ+ਡੱਕਵਾਂ+ਅਡੱਕਵਾਂ

| | | |
|---|---|---|
| ਙ ਕ ੜ | ਸੈਕੜਾਂ | /ਸ ਐਂ ਙ ਕ ੜ ਆ/ |
| ਨ ਤ ਰ | ਸੰਤਰਾਂ | /ਸ ਅ ਨ ਤ ਰ ਆ/ |
| ਨ ਦ ਰ | ਨੀਂਦਰਾ | /ਨ ਈਂ ਨ ਦ ਰ ਆ/ |

**ਵਿਅੰਜਨ ਸੰਯੋਗ** :– ਵਿਅੰਜਨ ਸੰਯੋਗ ਦਾ ਭਾਵ ਉਨ੍ਹਾਂ ਵਿਅੰਜਨਾ ਦੀ ਨੇੜਤਾ ਤੋਂ ਹੈ ਜੋ ਵਿਅੰਜਨ ਭਾਵਾਸ਼ੀ ਹੱਦਾਂ ਤੇ ਵਿਚਰਦੇ ਹਨ। ਪਹਿਲੇ ਭਾਵਾਂਸ਼ ਦਾ ਅਖੀਰਲਾ ਵਿਅੰਜਨ ਅਤੇ ਦੂਜੇ ਭਾਵਾਂਸ਼ ਦਾ ਆਰੰਭਕ ਵਿਅੰਜਨ ਮਿਲ ਕੇ ਵਿਅੰਜਨ ਸੰਯੋਗ ਦੀ ਸਿਰਜਨਾ ਕਰਦੇ ਹਨ ਜਿਵੇਂ :-

| | |
|---|---|
| ਰਦ-ਮਰਦਾ | /ਮ ਅ ਰ ਕ ਆ/ |
| ੜਦ-ਲੜਦਾ | /ਲ ਅ ੜ ਦ ਆ/ |
| ੜਕ-ਲੜਕੀ | /ਲ ਅ ੜ ਕ ਈ/ |
| ਟਣ-ਪੁਟਣਾ | /ਪ ਉ ਟ ਣ ਆ/ |

## ਪੰਜਾਬੀ ਦੀਆਂ ਅਖੰਡੀ ਧੁਨੀਆਂ

ਅਖੰਡੀ ਧੁਨੀਆਂ ਉਹ ਧੁਨੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਅਪਣਾ ਕੋਈ ਵਜੂਦ ਨਹੀਂ ਹੁੰਦਾ। ਇਹ ਧੁਨੀਆਂ ਖੰਡੀ ਧੁਨੀਆਂ ਨਾਲ ਮਿਲ ਕੇ ਆਪਣੇ ਭਾਸ਼ਾਈ ਕਾਰਜ ਨੂੰ ਸਾਕਾਰ ਕਰਦੀਆਂ ਹਨ ਅਰਥਾਤ ਅਖੰਡੀ ਧੁਨੀਆਂ ਭਾਸ਼ਾ ਵਿਚ ਸੁਤੰਤਰ ਰੂਪ ਵਿਚ ਨਹੀਂ ਵਿਚਰ ਸਕਦੀਆਂ। ਅਖੰਡੀ ਧੁਨੀਆਂ ਦੇ ਅੰਤਰਗਤ ਪਿੱਚ, ਸੁਰ, ਵਾਕ-ਸੁਰ, ਨਾਸਿਕਤਾ ਅਤੇ ਦਬਾ ਦਾ ਅਧਿਐਨ ਕੀਤਾ ਜਾਂਦਾ ਹੈ ਜਦ ਕਿ ਖੰਡੀ ਧੁਨੀਆਂ ਵਿਚ ਸਵਰਾਂ, ਵਿਅੰਜਨਾਂ ਅਤੇ ਅਰਧ ਸਵਰਾਂ ਨੂੰ ਵਿਚਾਰਿਆ ਜਾਂਦਾ ਹੈ।

**ਪਿੱਚ** :– ਪਿੱਚ ਦਾ ਸੰਬੰਧ ਸੁਰ ਤੰਦਾਂ ਦੀ ਕੰਬਣ ਨਾਲ ਹੁੰਦਾ ਹੈ, ਜਦੋਂ ਸੁਰ ਤੰਦਾਂ ਦੀ ਕੰਬਣੀ ਮੁਕਾਬਲਤਨ ਵੱਧ ਹੁੰਦੀ ਹੈ

ਤਾਂ ਪਿੱਚ ਉਚੀ ਹੁੰਦੀ ਹੈ। ਜਦੋਂ ਸੁਰ ਤੰਦਾਂ ਦੀ ਕੰਬਦੀ ਘੱਟ ਹੁੰਦੀ ਹੈ ਤਾਂ ਨੀਵੀਂ ਪਿੱਚ ਕਿਹਾ ਜਾਂਦਾ ਹੈ। ਵਿਚਕਾਰਲੇ ਮੇਲ ਨੂੰ ਮਧਵਰਤੀ ਪਿੱਚ ਆਖਿਆ ਜਾਂਦਾ ਹੈ।

**ਸੁਰ ਅਤੇ ਵਾਕ ਸੁਰ** :- ਸੁਰ/ਤੰਦਾਂ ਦੀ ਕੰਬਣੀ ਹਮੇਸ਼ਾਂ ਘਟਦੀ ਵਧਦੀ ਰਹਿੰਦੀ ਹੈ। ਇਸ ਦਾ ਘਟਣਾ ਵਧਣਾ ਭਾਸ਼ਾਈ ਪੱਧਰ ਤੇ ਸਾਕਾਰ ਹੁੰਦਾ ਹੈ। ਜਦੋਂ ਪਿੱਚ ਦੇ ਉਤਰਾਅ-ਚੜਾਅ ਦੀ ਵਰਤੋਂ ਸ਼ਬਦ ਪੱਧਰ ਤੇ ਸਾਰਥਕ ਹੁੰਦੀ ਹੈ ਤਾਂ ਇਸ ਨੂੰ ਸੁਰ ਕਿਹਾ ਜਾਂਦਾ ਹੈ। ਜਦੋਂ ਪਿੱਚ ਦੇ ਉਤਾਰ-ਚੜ੍ਹਾ ਦੀ ਵਰਤੋਂ ਵਾਕ ਦੀ ਪੱਧਰ ਤੇ ਸਾਰਥਕ ਹੁੰਦੀ ਹੈ ਤਾਂ ਇਸ ਨੂੰ ਵਾਕ-ਸੁਰ ਕਹਿੰਦੇ ਹਨ।

**ਨਾਸਿਕਤਾ** :- ਭਾਸ਼ਾਈ ਧੁਨੀ ਨੂੰ ਉਚਾਰਨ ਦੀ ਵਿਧੀ ਦੇ ਆਧਾਰ ਤੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ- ਮੌਖਿਕ ਧੁਨੀਆਂ ਅਤੇ ਨਾਸਕੀ ਧੁਨੀਆਂ। ਮੌਖਿਕ ਧੁਨੀਆਂ ਦੇ ਉਚਾਰਨ ਵੇਲੇ ਕੋਮਲ ਤਾਲੂ ਉਪਰ ਉਠਿਆ ਹੁੰਦਾ ਹੈ ਜਿਸ ਨਾਲ ਨੱਕ-ਪੋਲ ਬੰਦ ਰਹਿੰਦਾ ਹੈ ਅਤੇ ਹਵਾ ਮੂੰਹ-ਪੋਲ ਦੇ ਰਸਤੇ ਬਾਹਰ ਆਉਂਦੀ ਹੈ। ਨਾਸਕੀ ਧੁਨੀਆਂ ਦੇ ਉਚਾਰਨ ਸਮੇਂ ਕੋਮਲ ਤਾਲੂ ਦੇ ਹੇਠਾਂ ਝੁਕਣ ਕਾਰਨ ਮੂੰਹ-ਪੋਲ ਵਿਚਲਾ ਰਸਤਾ ਬੰਦ ਹੋ ਜਾਂਦਾ ਹੈ ਅਤੇ ਹਵਾ ਨੱਕ ਦੇ ਰਸਤੇ ਬਾਹਰ ਨਿਕਲਦੀ ਹੈ ਇਸ ਸਥਿਤੀ ਵਿਚ ਉਚਾਰੀਆਂ ਗਈਆਂ ਧੁਨੀਆਂ ਨੂੰ ਨਾਸਕੀ ਧੁਨੀ ਕਿਹਾ ਜਾਂਦਾ ਹੈ। ਦੋਵੇਂ ਹੀ ਸਵਰ ਅਤੇ ਵਿਅੰਜਨ ਧੁਨੀਆਂ ਨਾਸਿਕੀ ਧੁਨੀਆਂ ਵਿਚ ਤਬਦੀਲ ਹੋ ਸਕਦੀਆਂ ਹਨ। ਨਾਸਕੀ ਵਿਅੰਜਨ ਧੁਨੀਆਂ ਦੇ ਉਚਾਰਨ ਸਮੇਂ ਮੂੰਹ ਪੋਲ ਪੂਰਨ ਤੋਰ ਤੇ ਬੰਦ ਹੋ ਜਾਂਦਾ ਹੈ ਪਰ ਨਾਸਕੀ ਸਵਰਾਂ ਦੇ ਉਚਾਰਨ ਸਮੇਂ ਅੰਸ਼ਕ ਰੂਪ ਵਿਚ ਖੁੱਲ੍ਹਾ ਰਹਿੰਦਾ ਹੈ। ਨਾਸਕੀ ਵਿਅੰਜਨ ਹਨ :/ਮ ਣ ਨ ਙ/।

**ਦਬਾਅ** :- ਫੇਫੜਿਆਂ ਵਿਚੋਂ ਬਾਹਰ ਆਉਂਦੀ ਹਵਾ ਦੋ ਤਰ੍ਹਾਂ ਦੀਆਂ ਹਾਲਤਾਂ ਵਿਚੋਂ ਗੁਜਰਦੀ ਹੈ-ਦਬਾ ਯੁਕਤ ਅਤੇ ਦਬਾ-ਮੁਕਤ। ਦਬਾਅ ਦਾ ਸਬੰਧ ਵਾਯੂ ਧਾਰਾ ਨਾਲ ਹੈ। ਦਬਾ ਦਾ ਘੇਰਾ ਉਚਾਰ ਖੰਡ ਹੁੰਦਾ ਹੈ।

ਪੰਜਾਬੀ ਵਿਚ ਦਬਾ ਅਤੇ ਸੁਰ ਇਕ ਹੀ ਉਚਾਰ ਖੰਡ ਤੇ ਆਉਂਦੇ ਹਨ, ਭਾਵ ਜਿਸ ਖੰਡ ਦਾ ਦਬਾ ਹੋਵੇਗਾ ਉਥੇ ਹੀ ਸੁਰ ਅੰਕਿਤ ਹੋਵੇਗੀ। ਪੰਜਾਬੀ ਵਿਚ ਦਬਾਅ ਹਮੇਸ਼ਾ ਪਹਿਲੇ ਜਾਂ ਦੂਸਰੇ ਉਚਾਰ ਖੰਡ ਤੇ ਆਉਂਦਾ ਹੈ। ਦੂਜੇ ਉਚਾਰ ਖੰਡ ਤੇ ਦਬਾਅ ਉਦੋਂ ਹੀ ਜਾਂਦਾ ਹੈ ਜਦੋਂ ਪਹਿਲੇ ਉਚਾਰ ਖੰਡ ਦਾ ਸਵਰ ਵਿਚਕਾਰਲੇ ਗੁੱਟ ਦੇ ਸਵਰ /ਇ, ਅ, ਉ/ ਵਿਚੋਂ ਕੋਈ ਇਕ ਹੋਵੇ।

ਦਬਾ ਪਹਿਲੇ ਉਤਾਰ ਖੰਡ ਤੇ –

| | |
|---|---|
| ਧੋਬੀ | /ਤ ਓ/ਬ ਈ/ |
| ਮਾਘੀ | /ਮ ਆ ਗ ਈ/ |

ਦਬਾ ਉਚਾਰ ਖੰਡ ਤੇ-

| | |
|---|---|
| ਮਘਾ | /ਮ ਅ ਗ ਆ/ |
| ਕਢਾਈ | /ਕ ਅ ਡ ਆ ਈ/ |
| ਨਿਭਾਈ | /ਨ ਇ ਬ ਆ ਈ/ |

ਧੁਨੀ-ਵਿਉਂਤ ਅਧੀਨ ਭਾਸ਼ਾ ਦੀਆਂ ਧੁਨੀਆਂ ਵਿਚਲੇ ਆਪਸੀ ਸੰਬੰਧਾਂ, ਵਿਰੋਧਾਂ ਅਤੇ ਧੁਨੀਆਂ ਦੇ ਪਰਸਪਰ ਸਹਿ-ਵਿਚਰਨ ਦੇ ਅਧਾਰ ਤੇ ਪੰਜਾਬੀ ਧੁਨੀਆਂ ਨੂੰ ਖੰਡੀ ਧੁਨੀਆਂ ਅਤੇ ਅਖੰਡੀ ਧੁਨੀਆਂ ਵਿੱਜ ਵੰਡਿਆ ਗਿਆ ਹੈ।

## ਪੱਤਰਕਾਰੀ: ਪ੍ਰੀਭਾਸ਼ਾ ਅਤੇ ਸੰਕਲਪ

## (Journalism: Definition &Scope)

ਪੱਤਰਕਾਰੀ ਲਈ ਵਿਸ਼ਵ-ਵਿਆਪੀ ਸ਼ਬਦ ਜਰਨਲਿਜ਼ਮ ਹੈ, ਜਿਸ ਨੂੰ ਉਰਦੂ ਵਿਚ ਅਖ਼ਬਾਰ-ਨਿਵਾਸੀ ਅਤੇ ਸਕਾਫਤ ਕਹਿੰਦੇ ਹਨ, ਆਲੇ ਦੁਆਲੇ ਦੇ ਤਤਕਾਲੀਨ ਵਰਤਾਰਿਆਂ, ਘਟਨਾਵਾਂ, ਸਥਿਤੀਆਂ ਅਤੇ ਸੰਭਾਵਤ ਆਫਤਾਂ ਤੋਂ ਭਾਸ਼ਾ ਤੇ ਲਿਪੀ ਤੋਂ ਜਾਣੂ ਵਿਸ਼ੇ ਸਮਾਜ ਤੁਰੰਤ ਸੂਚਿਤ ਕਰਨ ਵਾਲਾ ਸਾਰਾ ਪ੍ਰਬੰਧ ਪੱਤਰਕਾਰੀ ਦੇ ਅੰਤਰਗਤ ਆਉਂਦਾ ਹੈ। ਇਹ ਇਕ ਅਜਿਹਾ ਕਿੱਤਾ ਹੈ ਜਿਸ ਰਾਹੀਂ ਵਿਸ਼ਾਲ ਵਿਭਿੰਨ ਅਵਧੀ ਵਾਲੇ ਪੱਤਰ ਸੈਂਕੜਿਆਂ ਤੋਂ ਲੈ ਕੇ ਕਰੋੜਾਂ ਦੀ ਗਿਣਤੀ ਵਿਚ ਤੇਜ਼ ਗਤੀ ਨਾਲ ਸਬੰਧਤ ਲੋਕਾਂ ਤਕ ਪਹੁੰਚਾਏ ਜਾਂਦੇ ਹਨ। ਇਸਦੇ ਅੰਤਰਗਤ ਮਨੁੱਖੀ ਜੀਵਨ ਨਾਲ ਸਬੰਧ ਲੋਕਾਂ ਤੱਕ ਪਹੁੰਚਾਏ ਜਾਂਦੇ ਹਨ। ਇਸ ਦੇ ਅੰਤਰਗਤ ਮਨੁੱਖੀ ਜੀਵਨ ਨਾਲ ਸਬੰਧਤ ਹਰੇਕ ਭੂਤਕਾਲੀ, ਸਾਮਿਅਕ, ਅੱਲਪਕਾਲੀ, ਅਰਧਕਾਲੀ, ਸਰਬ-ਕਾਲੀ ਜਾਣਕਾਰੀ ਆਉਂਦੀ ਹੈ। ਪੱਤਰਕਾਰੀ ਦੀ ਕਲਾ ਅਜੋਕੇ ਬਿਜਲਈ ਯੰਤਰਾਂ ਨਾਲ ਵਿਸ਼ਵਵਿਆਪੀ ਹੋ ਕੇ ਵੱਧ ਤੋਂ ਵੱਧ ਹੱਥਾਂ ਤਕ ਪੁਜਣ ਦੇ ਸਮੱਰਥ ਹੋ ਗਈ ਹੈ। ਬਹੁਤ ਹੀ ਪ੍ਰਤਿਭਾਸ਼ਾਲੀ ਚੇਤੰਨ, ਸੱਤ੍ਰਕ, ਪੱਤਰਕਾਰੀ ਨਾਲ ਸੰਬੰਧਿਤ, ਵਿਭਿੰਨ ਕਾਰਜਾਂ ਵਿਚ ਲੱਖਾਂ ਵਿਅਕਤੀ ਇਸ ਵਿਵਸਾਈ-ਕਿਤੇ ਨਾਲ ਜੁੜੇ ਹੋਏ ਹਨ। ਅਸਲ ਵਿਚ ਅਜੋਕੇ ਵਿਗਿਆਨਕ ਕਾਲ ਵਿਚ ਪੱਤਰਕਾਰੀ ਅਜਿਹਾ ਸੁਸਿਖਿਅਤ ਖੇਤਰ ਬਣ ਗਿਆ ਹੈ, ਜਿਸ ਬਾਰੇ ਸੰਸਾਰ ਭਰ ਦੇ ਵਿਸ਼ਵ ਵਿਦਿਆਲਿਆਂ ਵਿਚ ਇਸ ਦੀ ਬਾਕਾਇਦਾ ਅਮਲੀ ਸਿੱਖਿਆ ਦਿਤੀ ਜਾਂਦੀ ਹੈ, ਇਸ ਲਈ ਪੱਤਰਕਾਰੀ ਦੇ ਹਰੇਕ ਪੱਖ ਨਾਲ ਜੁੜੇ ਵਿਦਵਾਨਾਂ ਦੀਆਂ ਸਿੱਖਿਆ ਸੰਪੰਨ ਪੁਸਤਕਾਂ ਵਿਚ ਪੱਤਰਕਾਰੀ ਦੇ ਸਾਰੇ ਪੱਖਾਂ ਸਬੰਧੀ ਵਿਗਿਆਨਕ ਤੇ ਤਰਤੀਬ ਸ਼ੁਦਾ ਗਿਆਨ ਅੰਕਿਤ ਹੈ। ਇਸ ਲਈ ਵਿਦੇਸ਼ੀ ਤੇ ਦੇਸੀ ਅਨੇਕਾਂ ਵਿਦਵਾਨਾਂ ਨੇ ਆਪੋ ਆਪਣੇ ਤਜ਼ਰਬੇ ਅਤੇ ਅਨੁਭਵ ਅਨੁਸਾਰ ਪੱਤਰਕਾਰੀ ਨੂੰ ਪਰਿਭਾਸ਼ਤ ਕੀਤਾ ਹੈ।

ਪੱਤਰਕਾਰੀ ਉਹ ਕਿੱਤਾ ਹੈ ਜ਼ੋ ਤੱਤਕਾਲੀਨ ਦਿਲਚਸਪੀ ਦੀਆਂ ਖ਼ਬਰਾਂ ਅਤੇ ਵਿਚਾਰਾਂ ਪ੍ਰਕਾਸ਼ਿਤ ਕਰਦਾ ਹੈ। ਇਸ ਵਿਚ ਸਮਕਾਲੀ ਘਟਨਾਵਾਂ ਅਤੇ ਹਕੀਕਤਾਂ ਦੀ ਪੱਤਰ ਪ੍ਰੇਰਕਾਂ ਵਲੋਂ ਕੀਤੀ ਵਿਆਖਿਆ, ਅਵਧੀ ਉਤੇ ਅਧਾਰਤ ਘੰਟਿਆਂ ਅਨੁਸਾਰੀ, ਦੈਨਿਕ, ਸਪਤਾਹਿਕ ਅਤੇ ਮਾਸਿਕ ਹੁੰਦੀ ਹੈ, ਪੱਤਰਕਾਰੀ ਦਾ ਮੂਲ ਕਾਰਜ ਮਨੁੱਖੀ ਨਸਲ ਤਕ ਉਹ ਕੁਝ ਪੁੱਜਦਾ ਕਰਨਾ ਹੁੰਦਾ ਹੈ ਜ਼ੋ ਕਿ ਇਸਦੇ ਮੈਂਬਰ ਕਰਦੇ ਮਹਿਸੂਸਦੇ ਅਤੇ ਸੋਚਦੇ ਹਨ। ਇਸ ਉਦੇਸ਼ ਦੀ ਪੂਰਤੀ ਲਈ ਪੱਤਰਕਾਰੀ ਜਨ-ਸੰਚਾਰ ਦੇ ਮੁੱਖ ਮਾਧਿਅਮ ਦੀ ਵਰਤੋਂ ਕਰਦੀ ਹੈ। ਇਸ ਮਾਧਿਅਮ ਵਿਚ ਮੁਦ੍ਰਿਤ ਸ਼ਬਦ, ਰੇਡੀਓ ਰਾਹੀਂ, ਮੌਖਿਕ ਭਾਸ਼ਾ ਅਤੇ ਟੀ.ਵੀ. ਦੇ ਵਿਭਿੰਨ ਚੈਨਲ ਸ਼ਾਮਲ ਹਨ।

ਐਨਸਾਈਕਲੋਪੀਡੀਆ ਅਮੈਰੀਕਾਨਾ ਅਨੁਸਾਰ ਪੱਤਰਕਾਰੀ ਤੱਤਕਾਲੀ ਖ਼ਬਰਾਂ ਅਤੇ ਘਟਨਾਵਾਂ ਦਾ ਸੰਗ੍ਰਿਹ ਅਤੇ ਉਨ੍ਹਾਂ ਦਾ ਸੰਪਾਦਨ ਕਰਾਨ ਹੈ। ਖ਼ਬਰਾਂ ਇਕੱਤਰ ਕਰਨਾ, ਪ੍ਰਕਾਸ਼ਿਤ ਕਰਨਾ ਅਤੇ ਇਸ਼ਤਿਹਾਰਬਾਜ਼ੀ ਅਤੇ ਅਖ਼ਬਾਰਾਂ ਅਤੇ ਮੈਗਜ਼ੀਨਾਂ ਦਾ ਪ੍ਰਬੰਧ ਵੀ ਪੱਤਰਕਾਰੀ ਦੇ ਖੇਤਰ ਵਿਚ ਸ਼ਾਮਲ ਹੈ।

ਵੈਬਸਟਰਜ ਥਰਡ ਇੰਟਰ ਨੈਸ਼ਨਲ ਡਿਕਸ਼ਨਰੀ ਆਫ ਜਰਨਲਿਜ਼ਮ ਅਨੁਸਾਰ 'ਪੱਤਰਕਾਰੀ' ਤੱਤਕਾਲੀਨ ਮਸਲਿਆ ਬਾਰੇ ਸਮੱਗਰੀ ਨੂੰ ਇਕੱਤਰ ਕਰਨ, ਸੰਪਾਦਿਤ ਕਰਨ, ਪ੍ਰਕਾਸ਼ਿਤ ਕਰਨ ਜਾਂ ਪ੍ਰਸਾਰਿਤ ਕਰਨਾ ਹੈ। ਐਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ 'ਪੱਤਰਕਾਰਿਕ ਲਿਖਤਾਂ ਲਿਖਣ ਦੇ ਕਿੱਤੇ ਨੂੰ ਪੱਤਰਕਾਰੀ ਕਹਿੰਦੇ ਹਨ। ਪੱਤਰਕਾਰੀ ਲਈ ਪ੍ਰਚਲਤ ਸ਼ਬਦ ਜਰਨਲਿਜ਼ਮ 'ਜਰਨਲ' ਸ਼ਬਦਾਂ ਦਾ ਭਾਵਵਾਚਕ ਸਰੂਪ ਹੈ, ਜਿਸਦੇ ਅਰਥ ਡੇਲੀ ਰਜਿਸਟਰ (Daily Register), (Dairy) ਜਾਂ ਰੋਜ਼ਨਾਮਚਾ ਹੈ, ਅਥਵਾ ਉਹ ਪੁਸਤਕ ਹੈ ਜਿਸ ਵਿਚ ਦਫਤਰ ਵਿਸ਼ੇਸ਼ ਜਾਂ ਦਰਬਾਰ ਦੀਆਂ ਗਤੀਵਿਧੀਆਂ ਦਾ ਇੰਦਰਾਜ਼ ਕੀਤਾ ਜਾਂਦਾ ਹੈ। ਅਖ਼ਬਾਰ ਰਸਾਲੇ ਜਾਂ ਜਰਨਲ ਲਈ ਸਿਰਜੀ ਜਾਣ ਵਾਲੀ ਸਮੱਗਰੀ ਨੂੰ ਜਰਨਲਿਜ਼ਮ, ਪੱਤਰਕਾਰਿਤਾ ਜਾਂ ਪੱਤਰਕਾਰੀ ਕਹਿੰਦੇ ਹਨ। ਇਸ ਵਰਤਾਰੇ ਨੂੰ ਵੇਖਦਿਆਂ ਜੀ.ਕੇ. ਪੁਰੀ ਨੇ ਜਰਨਲਿਜ਼ਮ ਨੂੰ ਪਰਿਭਾਸ਼ਤ ਕਰਦਿਆਂ ਲਿਖਿਆ ਹੈ ਕਿ ਇਸਦਾ ਅਰਥ ਦੈਨਿਕ ਘਟਨਾਵਾਂ ਸਬੰਧੀ ਨੂੰ ਥੋੜੇ ਸ਼ਬਦਾਂ, ਅਵਾਜ਼ਾਂ ਅਤੇ ਤਸਵੀਰਾਂ ਵਿਚ ਇਕੱਠਾ ਕਰਕੇ ਜਾਣਕਾਰੀ ਹਿਤ ਸੰਚਾਰਤ ਕਰਨ ਦੀ ਪ੍ਰਕ੍ਰਿਆ ਹੈ। ਅਸੀਂ ਜਾਣਦੇ ਹਾਂ ਕਿ ਮਨੁੱਖ ਆਲੇ ਦੁਆਲੇ ਦੀਆਂ ਘਟਨਾਵਾਂ ਨੂੰ ਜਾਨਣ ਅਤੇ ਦੂਜਿਆਂ ਨਾਲ ਸਾਂਝਿਆਂ ਕਰਨ ਦੀ ਅਮੋੜ ਰੁਚੀ ਰੱਖਦਾ ਹੈ। ਚੁੜੇਰੇ ਅਰਥਾਂ ਵਿਚ ਪੱਤਰਕਾਰੀ ਸ਼ਬਦ ਵਿਚ ਖ਼ਬਰਾਂ ਦੀ ਰਿਪੋਰਟਿੰਗ ਤੇ ਟਿਪਣੀਆਂ ਸਾਮਲ ਹਨ। ਕਿਉਂਕਿ ਮਾਨਵਤਾ ਦਾ ਸਾਰਾ ਵਿਕਾਸ ਮਨੁੱਖ ਦੀ ਜਗਿਆਸਾ ਦੀ ਪ੍ਰਵਿਰਤੀ ਦੀ ਬਦੋਲਤ ਹੋਇਆ ਹੈ, ਇਸ ਲਈ ਰੁਚੀਗਤ ਘਟਨਾਵਾਂ ਦੇ ਵਿਸਥਾਰ ਨੂੰ ਜਾਣ ਕੇ ਆਪਣੀਆਂ ਗਤੀਵਿਧੀਆਂ ਨੂੰ ਉਸ ਅਨੁਸਾਰ ਢਾਲਣ ਦੀ ਸਰਗਰਮੀ ਰਾਹੀਂ ਇਤਿਹਾਸ ਦਾ ਨਿਰਮਾਣ ਹੋਇਆ ਹੈ, ਘਟਨਾਵਾਂ ਦੀ ਜਾਣਕਾਰੀ ਹੀ ਸਮਾਚਾਰ ਹੈ ਅਤੇ ਇਨ੍ਹਾਂ ਸਮਾਚਾਰਾਂ ਤੋਂ ਸਮ-ਭਾਸ਼ੀ ਵਰਗ ਨੂੰ ਮੁਦ੍ਰਿਤ ਮਾਧਿਅਮ ਰਾਹੀਂ ਸੁਜਾਣੂ (Wel-Informed) ਰੱਖਣਾ ਪੱਤਰਕਾਰੀ ਹੈ। ਸ਼ਬਦ ਪੱਤਰਕਾਰੀ ਪੱਤਰ ਤੋਂ (ਵਿਉਂਤਪਤ) ਹੋਇਆ ਹੈ। ਜਿਸਨੂੰ ਅਕਸਰ ਚਿੱਠੀ ਕਿਹਾ ਗਿਆ ਹੈ। ਅਖ਼ਬਾਰਾਂ ਵਿਚ ਕਿਸੇ ਨਗਰ, ਇਲਾਕੇ, ਸੂਬੇ ਆਦਿਕ ਦੀ ਚਿੱਠੀ ਜਾਂ ਸੰਪਾਦਕ ਦੀ ਡਾਕ-ਕਾਲਮ ਅਖ਼ਬਾਰ ਦੇ ਚਿੱਠੀਗਤ ਅੰਸ਼ ਵੱਲ ਸੰਕੇਤ ਕਰਦੇ ਹਨ। ਅਖਬਾਰਾਂ ਵਿਚ ਅਜਿਹੀਆਂ ਚਿੱਠੀਆਂ ਦਾ ਉਲੇਖ ਹੁੰਦਾ ਹੈ। ਜਿਨ੍ਹਾਂ ਨੂੰ 'ਰਾਉਂਡ ਅਪ' ਜਾਂ 'ਨਿਊਜ਼ ਲੈਟਰ' ਕਿਹਾ ਜਾਂਦਾ ਹੈ।

ਟਾਇਮ ਮੈਗਜ਼ੀਨ ਦੇ ਪੱਤਰ ਪ੍ਰੇਰਕ ਐਰਿਕ ਹੈਡਗਿਨਜ਼ ਨੇ ਫਰੋਜ਼ਰ ਬੋਂਡ ਦੀ ਪੁਸਤਕ ਵਿਚ ਪੱਤਰਕਾਰੀ ਨੂੰ ਇਉਂ ਪ੍ਰੀਭਾਸ਼ਤ ਕੀਤਾ ਹੈ:

"ਪੱਤਰਕਾਰੀ ਦਰੁਸਤ ਤੇ ਸੁਚੇਤ ਢੰਗ ਨਾਲ ਇਕ ਥਾਂ ਤੋਂ ਦੂਜੀ ਥਾਂ ਜਾਣਕਾਰੀ ਭੇਜਣ ਦਾ ਵਰਤਾਰਾ ਹੈ ਜੋ ਅਜਿਹੇ ਢੰਗ ਨਾਲ ਚਲਾਲਿਆ ਜਾਂਦਾ ਹੈ ਕਿ ਹਕੀਕਤ ਬਿਆਨ ਹੋ ਜਾਵੇ ਅਤੇ ਘਟਨਾਵਾਂ ਦੀ ਦਰੁਸਤੀ ਭਾਵੇਂ ਤੁਰੰਤ ਦੀ ਬਜਾਏ ਹੋਲੀ ਹੋ ਹੋਵੇ।"

ਐਨ.ਸੀ. ਪੰਤ ਅਤੇ ਜਤਿੰਦਰ ਕੁਮਾਰ ਨੇ ਪੱਤਰਕਾਰੀ ਦੇ ਸੰਦਰਭ ਵਿਚ ਕਿਹਾ ਹੈ:

"ਪੱਤਰਕਾਰੀ ਦਾ ਅਰਥ ਅਖ਼ਬਾਰਾਂ ਅਤੇ ਮੈਗਜ਼ੀਨਾਂ ਲਈ ਲਿਖਣਾ ਹੈ। ਇਹ ਜਾਣਕਾਰੀ ਦਾ ਅਖ਼ਬਾਰਾਂ ਅਤੇ ਰਸਾਲਿਆ ਰਾਹੀਂ ਲਿਖਤੀ ਸੰਚਾਰ ਹੈ।"

ਡਾ.ਏ.ਆਰ. ਡੰਗਵਾਲ 'ਪੱਤਰਕਾਰੀ' ਨੂੰ ਸਮਾਜਕ ਕਾਰਜ ਦਾ ਉਹ ਭਾਗ ਮੰਨਦੇ ਹਨ ਜੋ ਸਮਾਜ ਦੇ ਸਮਾਚਾਰਾਂ ਅਤੇ ਵਿਚਾਰਾਂ ਨਾਲ ਸਬੰਧਤ ਹੋਵੇ। ਉਨ੍ਹਾਂ ਅਨੁਸਾਰ ਪੱਤਰਕਾਰੀ ਦਾ ਖੇਤਰ ਸੰਚਾਰ ਜਿੰਨਾ ਹੀ ਵਿਸ਼ਾਲ ਹੈ।

ਡਾ. ਭੰਵਰ ਸੁਰਾਨ ਪੱਤਰਕਾਰੀ ਨੂੰ ਪਰਿਭਾਸ਼ਿਤ ਕਰਦੇ ਹੋਏ ਨਿਰਣਾ ਦਿੰਦੇ ਹਨ:

"ਪੱਤਰਕਾਰੀ ਉਹ ਧਰਮ ਹੈ ਜਿਸਦਾ ਸੰਬੰਧ ਪੱਤਰਕਾਰੀ ਦੇ ਉਸ ਕਾਰਜ ਨਾਲ ਹੈ, ਜਿਸ ਨਾਲ ਉਹ ਤਤਕਾਲੀਨ ਘਟਨਾਵਾਂ ਅਤੇ ਸਮੱਸਿਆਵਾਂ ਦਾ ਸਭ ਤੋਂ ਅਧਿਕ ਸਹੀ ਅਤੇ ਨਿਰਪੱਖ ਵਿਵਰਨ ਪਾਠਕਾਂ ਦੇ ਸਾਹਮਣੇ ਪੇਸ਼ ਕਰੇ ਅਤੇ ਲੋਕ ਮੱਤ ਨੂੰ ਜਾਗਰਿਤ ਕਰਨ ਦਾ ਕੰਮ ਵੀ ਕਰੇ।"

ਡਾ. ਸੁਸ਼ੀਲਾ ਜੋਸ਼ੀ ਕਹਿੰਦੇ ਹੈ:

"ਪੱਤਰਕਾਰੀ ਇਕ ਪ੍ਰਕਾਰ ਦਾ ਸੂਚਨਾ ਦੇਣ ਵਾਲਾ ਮੋਸਮੀ ਪਰਿੰਦਾ ਹੁੰਦਾ ਹੈ"

ਭਾਵੇਂ ਪੱਤਰਕਾਰੀ ਦੇ ਵਿਭਿੰਨ ਰੂਪ ਪ੍ਰਾਚੀਨ ਸਮਾਜ ਤੋਂ ਪ੍ਰਚਲਿਤ ਹਨ ਪਰ ਪੱਤਰਕਾਰੀ ਦਾ ਵਿਗਿਆਨਕ ਸਰੂਪ ਪੱਛਮੀ ਦੱਕਸ਼ਤਾ (ਮੁਹਾਰਤ) ਦੀ ਚੋਣ ਹੈ। ਡਾ. ਰਾਮਚੰਦਰ ਤਿਵਾੜੀ ਨੇ ਇਸ ਸੰਦਰਭ ਵਿਚ ਲਿਖਿਆ ਹੈ:

"ਅੰਗਰੇਜ਼ੀ ਵਿਚ ਪੱਤਰਕਾਰਿਤਾ ਨੂੰ 'ਜਰਨਲਿਜ਼ਮ' ਕਹਿੰਦੇ ਹਨ, ਜਿਸ ਦਾ ਮੂਲ ਸ਼ਬਦ, 'ਜਰਨਲ' ਹੈ, ਅੱਜ ਜਰਨਲ ਸ਼ਬਦ ਮੈਗਜ਼ੀਨ ਦਾ ਪ੍ਰਾਇਵਾਚੀ ਹੋ ਗਿਆ ਹੈ, ਜਿਸ ਲਈ ਹਿੰਦੀ ਵਿਚ ਪੱਤਰਕਾ ਸ਼ਬਦ ਪ੍ਰਯੁਕਤ ਹੋਇਆ ਹੈ। ਮੂਲ 'ਜਰਨਲ' ਸ਼ਬਦ ਦਾ ਅਰਥ ਹੈ "ਦੈਨਿਕ ਵੇਰਵਾ ਜੇ ਕਿਸੇ ਵੀ ਵਸਤੂ ਦਾ ਹੋ ਸਕਦਾ ਹੈ। ਇਹ ਸ਼ਬਦ ਵਿਅਕਤੀਗਤ ਦੈਨਿਕ ਵਿਵਰਨ ਤੋਂ ਲੈ ਕੇ ਸੰਸਾਰ ਦੀ ਸਾਰੀ ਸਰਗਰਮੀ ਦੇ ਦੈਨਿਕ ਬਿਰਤਾਂਤ ਤਕ ਲਈ ਪ੍ਰਯੁਕਤ ਹੋ ਰਿਹਾ ਹੈ।"

ਡਾ. ਕੇਸ਼ਵਾ ਨੰਦ ਨੇ ਸਟੇਟਸਮੈਨ ਦੇ ਇੱਕ ਪੱਤਰਕਾਰ ਦੀ ਪੱਤਰਕਾਰੀ ਸਬੰਧੀ ਅਰਥ ਭਰਪੂਰ ਟਿੱਪਣੀ ਦਿੱਤੀ ਹੈ, ਜੋ ਪੱਤਰਕਾਰੀ ਦੇ ਸੰਦਰਭ ਵਿਚ ਵੀ ਬਰਾਬਰ ਮਹੱਤਵ ਪੂਰਨ ਹੈ:

"ਪੱਤਰਕਾਰ ਉਹ ਹੁੰਦਾ ਹੈ ਜੋ ਦਿੱਤੇ ਗਏ ਵਿਸ਼ੇ ਉਤੇ ਪ੍ਰਸਤਾਵਿਤ ਲੰਬਾਈ ਦੀ ਰਚਨਾ ਨਿਸ਼ਚਿਤ ਸਮੇਂ ਵਿਚ ਲਿਖ ਸਕਦਾ ਹੈ।"

ਪੰਜਾਬੀ ਵਿਚ ਪੱਤਰਕਾਰੀ ਦੇ ਵਿਸ਼ੇ ਤੇ ਲਿਖੀ ਪੁਸਤਕ 'ਪੱਤਰਕਾਰੀ' ਦੇ ਲੇਖਕ ਗਿਆਨੀ ਕੁਲਦੀਪ ਸਿੰਘ ਅਨੁਸਾਰ:

"ਸਮਾਚਾਰ ਅਤੇ ਉਨ੍ਹਾਂ ਸਬੰਧੀ ਸਮੀਖਿਆ ਨੂੰ ਵਿਸ਼ਾਲ ਲੋਕ-ਘੇਰੇ ਤਕ ਪਹੁੰਚਾਣ ਦੀ ਕਲਾ ਪੱਤਰਕਾਰੀ ਹੈ। ਨਿੱਜੀ ਯੋਗਤਾ ਸਦਕਾ ਨਿਰਲੇਪ ਅਤੇ ਨਿਰਪੱਖ ਦ੍ਰਿਸ਼ਟੀ ਨਾਲ ਜੀਵਨ ਦੇ ਵੱਖ-ਵੱਖ ਪੱਖਾਂ ਬਾਰੇ ਇਕਤਰ ਕੀਤੇ ਸਮਾਚਾਰ ਤੇ ਵਿਚਾਰ, ਸੁਨੇਹਾ ਸੰਚਾਰ ਤੇ ਪ੍ਰਾਪਤ ਸਾਧਨਾਂ ਨਾਲ, ਵੱਧ ਤੋਂ ਵੱਧ ਜਾਂ ਵਿਸ਼ੇਸ਼ ਪ੍ਰਕਾਰ ਦੇ ਲੋਕਾਂ ਲਈ ਸਸਤੇ ਤੇ ਸੋਖੇ ਢੰਗ ਨਾਲ ਪ੍ਰਾਪਤ ਕਰਨਾ, ਇਸ ਕਲਾ ਦਾ ਸਰਬੋਤਮ ਉਦੇਸ਼ ਹੈ, ਅਜਿਹੀ ਹਾਲਾਤ ਵਿਚ ਪੱਤਰਕਾਰੀ ਮਨੁੱਖੀ ਯੋਗਤਾਵਾਂ ਤੇ ਵਿਗਿਆਨਕ ਕਾਢਾਂ ਤੇ ਰਚਨਾਵਾਂ ਦਾ ਸਿੱਟਾ ਹੈ"

ਡਾ. ਨਰਿੰਦਰ ਸਿੰਘ ਕਪੂਰ ਨੇ ਆਪਣੀ ਪੁਸਤਕ ਦਾ ਆਰੰਭ ਏ.ਜੀ. ਸਮਿਥ ਦੀ ਪੱਤਰਕਾਰੀ ਤੇ ਸੰਚਾਰ ਸਾਧਨਾਂ ਵਿਚ ਅਹਿਮੀਅਤ ਦਰਸਾਉਣ ਵਾਲੀ ਟਿੱਪਣੀ ਨਾਲ ਇਉਂ ਕੀਤਾ ਹੈ। 'ਪੱਤਰਕਾਰੀ ਇਕ ਮਹੱਤਵਪੂਰਨ ਸੰਚਾਰ ਸਾਧਨ ਹੈ। ਸੰਚਾਰ ਸਾਧਨਾਂ ਦੇ ਵਿਕਾਸ ਨਾਲ ਦੇਸ਼ਾਂ, ਵਿਦੇਸ਼ਾਂ ਆਦਿ ਵਿਚਲੀਆਂ ਵਿੱਥਾਂ ਮਿੱਟ ਰਹੀਆਂ ਹਨ।'

ਪੰਜਾਬੀ ਸਾਹਿਤ ਕੋਸ਼ ਵਿਚ ਪੱਤਰਕਾਰੀ ਦੇ ਇੰਦਰਾਜ ਵਿਚ ਇਹ ਸਥਿਤੀ ਉਪਲੱਬਧ ਹੈ:

"ਪੰਜਾਬੀ ਵਿਚ ਅਖ਼ਬਾਰਾਂ ਨੂੰ ਸਮਾਚਾਰ ਪੱਤਰ ਤੇ ਵਿਭਿੰਨ ਪ੍ਰਕਾਰ ਦੇ ਰਸਾਲਿਆਂ ਨੂੰ ਸਾਹਿਤਕ ਪੱਤਰ ਧਾਰਮਕ ਪੱਤਰ ਆਦਿ ਕਿਹਾ ਜਾਂਦਾ ਹੈ। ਅਖਬਾਰਾਂ ਅਤੇ ਪੱਤਰ ਸ਼ਬਦ ਜੋੜਨ ਦਾ ਕਾਰਣ ਸ਼ਾਇਦ ਇਹ ਹੈ ਕਿ ਪੱਤਰ ਅਰਥਾਤ ਅਖਬਾਰ ਕਿਸੇ ਗੱਲ ਨੂੰ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤਕ ਜਾਂ ਇਕ ਥਾਂ ਪਹੁੰਚਾਣ ਦਾ ਸਾਧਨ ਹੈ। ਪ੍ਰਾਚੀਨ ਕਾਲ ਵਿਚ ਪੱਤਰ ਕਿਸੇ ਹੋਰ ਦੇ ਹੱਥ ਭੇਜੇ ਜਾਂਦੇ ਸਨ ਅਤੇ ਇਹ ਸੰਦੇਸ਼ ਦੇਣ ਵਾਲਾ ਪੱਤਰਵਾਹਕ, ਦੂਤ ਜਾਂ ਕਾਸਦ ਸੰਦੇਸ਼ ਪਾਣ ਵਾਲੇ ਨੂੰ ਸੰਦੇਸ਼ ਪੜ੍ਹ ਕੇ ਸੁਣਾਉਂਦਾ ਸੀ।"

ਸੂਬਾ ਸਿੰਘ ਅਨੁਸਾਰ:

"ਇਧਰੋਂ ਉਧਰੋਂ ਇਕੱਠੀਆਂ ਕਰਕੇ ਖ਼ਬਰਾਂ ਪਹੁੰਚਾਣ ਅਤੇ ਉਨ੍ਹਾਂ ਦਾ ਸੰਪਾਦਨ ਕਰਨ ਵਾਲਿਆਂ ਨੂੰ ਪੱਤਰਕਾਰ ਕਿਹਾ ਜਾਂਦਾ ਹੈ ਅਤੇ ਇਸ ਸਾਰੇ ਕਿੱਤੇ ਨੂੰ ਪੱਤਰਕਾਰੀ, ਜਿਸਦੀਆਂ ਜੜ੍ਹਾਂ ਸਮਾਜ ਹੀ ਨਹੀਂ, ਮਨੁੱਖ ਦੇ ਆਰੰਭ ਕਾਲ ਵਿਚੋਂ ਫੁਟਦੀਆਂ ਨਿਕਲਦੀਆਂ ਹਨ।"

ਦਲਬੀਰ ਸਿੰਘ ਅਨੁਸਾਰ:

"ਪੱਤਰਕਾਰੀ ਸੂਚਨਾ ਹੈ, ਇਹ ਸੰਚਾਰ ਹੈ। ਦਿਨ ਭਰ ਦੀਆਂ ਘਟਨਾਵਾਂ ਦਾ ਸੰਖੇਪ ਸ਼ਬਦਾਂ ਵਿਚ ਵਰਣਨ ਕਰਨ ਨੂੰ ਪੱਤਰਕਾਰੀ ਕਹਿੰਦੇ ਹਨ"।

ਆਸ਼ਾ ਸ਼ਰਮਾ ਅਤੇ ਐਮ.ਪੀ. ਕੋਹਲੀ ਅਨੁਸਾਰ:

"ਖ਼ਬਰਾਂ ਨੂੰ ਅਖ਼ਬਾਰਾਂ ਰਾਹੀਂ ਜਨਤਾ ਤਕ ਪਹੁੰਚਾਣ ਦੇ ਕਿੱਤੇ ਨੂੰ ਹੀ ਪੱਤਰਕਾਰੀ ਕਿਹਾ ਜਾ ਸਕਦਾ ਹੈ।"

ਗਿਆਨੀ ਭਜਨ ਸਿੰਘ ਪੱਤਰਕਾਰੀ ਨੂੰ ਪਰਿਭਾਸ਼ਤ ਕਰਦੇ ਹੋਏ ਕਹਿੰਦੇ ਹਨ:

" ਪੱਤਰਕਾਰੀ ਇਕ ਕਲਾ ਹੈ ਤੇ ਇਸਦਾ ਮਨੁੱਖੀ ਜੀਵਨ ਨਾਲ ਹੀ ਬਹੁਤ ਡੂੰਘਾ ਸਬੰਧ ਹੈ। ਇਹ ਸਮਾਚਾਰਾਂ ਤੇ ਉਨ੍ਹਾਂ ਸਬੰਧੀ ਸਮੀਖਿਆ ਨੂੰ ਵਿਸ਼ਾਲ ਲੋਕ ਗੇਰੇ ਤੱਕ ਪਹੁੰਚਾਣ ਵਾਲਾ ਹੁਨਰ ਹੈ।"

ਅਸਲ ਵਿਚ ਪੱਤਰਕਾਰੀ, ਅਜਿਹਾ ਵਿਸ਼ਾਲ ਭਾਸ਼ਾਈ ਵਰਤਾਰਾ ਹੈ ਕਿ ਇਸਦੇ ਪ੍ਰਸਾਰ ਨੂੰ ਵੇਖਦਿਆਂ ਹੋਇਆ ਇਸਦੀ ਦਰੁਸਤ ਪਰਿਭਾਸ਼ਾ ਪ੍ਰਸਤੁਤ ਕਰ ਸਕਣ ਤੋਂ ਬਹੁਤੇ ਵਿਸ਼ਿਸ਼ਟ ਪੱਤਰਕਾਰਾਂ ਨੇ ਅਸਮਰਥਾ ਪ੍ਰਗਟਾਈ ਹੈ। ਅਚਾਰੀਆ ਬਨਾਰਸੀ ਦਾਸ ਚਤੁਰਵੇਦੀ ਅਜਿਹੀ ਪਰਿਭਾਸ਼ਾ ਪ੍ਰਸਤੁਤ ਕਰਨ ਵਿਚ ਅਸਮਰਥ ਹੈ। ਉਨ੍ਹਾਂ ਅਨੁਸਾਰ ਉਸਦੀ ਹਾਲਤ ਉਸ ਲੇਖਕ ਵਰਗੀ ਹੈ ਜਿਹੜਾ ਸਾਰੀ ਉਮਰ ਲੇਖ ਲਿਖਦਾ ਰਿਹਾ ਪਰ ਗੱਦ ਦਾ ਉਹ ਅਰਥ ਨਹੀਂ ਜਾਣਦਾ ਸੀ।

'ਦਿ ਟ੍ਰਿਬਿਊਨ' ਦੇ ਮੁੱਖ ਸੰਪਾਦਕ ਪ੍ਰੇਮ ਭਾਟੀਆਂ ਨੇ ਵੀ ਪੱਤਰਕਾਰੀ ਨੂੰ ਪਰਿਭਾਸ਼ਿਤ ਕਰਨ ਤੋਂ ਅਸਮਰਥਾ ਪ੍ਰਗਟਾਦਿਆਂ ਕਿਹਾ ਸੀ ਕਿ ਉਹ ਪੱਤਰਕਾਰੀ ਦੀ ਪਰਿਭਾਸ਼ਾ ਨਹੀਂ ਜਾਣਦਾ ਉਹ ਤਾਂ ਕੇਵਲ ਇਸਦਾ ਅਮਲੀ ਅਭਿਆਸ ਹੀ ਕਰਦਾ ਹੈ। ਡਾ. ਕੇਸਵਾ ਨੰਦ ਸਮਗਾਈ ਨੇ ਇਕ ਦਰਜਨ ਪੱਤਰਕਾਰਾਂ ਨੂੰ ਇਸ ਸਬੰਧੀ ਪੁੱਛਿਆ, ਪਰ ਕੋਈ ਵੀ ਪੱਤਰਕਾਰੀ ਦੀ ਕੋਈ ਸਪੱਸ਼ਟ ਪ੍ਰੀਭਾਸ਼ਾ ਨਹੀਂ ਦੇ ਸਕੇ।ਸਪੱਸ਼ਟ ਹੈ ਕਿ ਪੱਤਰਕਾਰੀ ਦੀ ਕਿਸੇ ਸੂਤਰਕ ਭਾਸ਼ਾ ਵਿਚ ਬਣ ਸਕਣਾ ਸਹਿਜ ਨਹੀਂ ਹੈ।

ਪੱਤਰਕਾਰੀ ਅਜਿਹੀ ਜਗਿਆਸਾ ਦੀ ਹੀ ਪੂਰਤੀ ਕਰਦੀ ਹੈ। ਜਿਥੇ ਇਤਿਹਾਸਕਾਰ ਅਤੀਤ ਦੀਆਂ ਘਟਨਾਵਾਂ ਨੂੰ ਅੰਕਿਤ ਕਰਦਾ ਹੈ। ਉਥੇ ਪੱਤਰਕਾਰ ਸਾਮਿਅਕ ਘਟਨਾਵਾਂ ਅਤੇ ਆਧੁਨਿਕ ਖ਼ਬਰਾਂ ਦੀ ਰਿਪੋਰਟਿੰਗ ਕਰਦਾ ਹੈ। ਰੰਗਾਸਵਾਮੀ ਪਾਰਥਾਸਾਰਥੀ ਨੇ ਭਾਰਤੀ ਪੱਤਰਕਾਰੀ ਦਾ ਅਹਿਸਾਸ ਸਬੰਧੀ ਲਿਖੀ ਆਪਣੀ ਪੁਸਤਕ ਵਿਚ ਪੱਤਰਕਾਰੀ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਹੈ ਕਿ ਪੱਤਰਕਾਰੀ ਇਕ ਕਲਾ ਵੀ, ਜਿਹੜਾ ਘਟਨਾਵਾਂ ਅਤੇ ਰਾਵਾਂ ਨੂੰ ਰਿਕਾਰਡ ਕਰਦਾ ਹੈ ਅਤੇ ਉਨ੍ਹਾਂ ਦੀ ਵਿਆਖਿਆ ਕਰਕੇ ਉਨ੍ਹਾਂ ਨੂੰ ਸੁਸਿਖਿਅਤ ਵਰਗ ਦੇ ਭਲੇ ਹਿੱਤ ਢਾਲਦਾ ਹੈ। ਉਨ੍ਹਾਂ ਨੇ ਇਸਦੇ ਕਲਾ ਜਾਂ ਕਿੱਤਾ ਹੋਣ ਦਾ ਵਿਵੇਚਣ ਕਰਦਿਆਂ ਦਸਿਆ ਹੈ ਕਿ ਭਾਰਤ ਦੇ ਆਖ਼ਰੀ ਗਵਰਨਰ ਜਰਨਲ ਰਾਜ ਗੋਪਾਲਚਾਰੀਆਂ ਪੱਤਰਕਾਰੀ ਨੂੰ ਕਲਾ ਸਮਝਦੇ ਹਨ, ਜਦ ਕਿ ਲੇਖਕ ਪਾਰਥਾਸਾਰਥੀ ਇਸ ਨੂੰ ਕਲਾ ਅਤੇ ਕਿੱਤਾ ਦੋਵੇਂ ਹੀ ਸਮਝਣ ਵਿਚ ਬੇਹਤਰੀ ਸਮਝਦਾ ਹੈ। ਭਾਰਤੀ ਆਧੁਨਿਕ ਪੱਤਰਕਾਰੀ ਦੀ ਰੁਚੀ ਕਲਾਤਮਕ ਨਾਲੋਂ ਇਸਦੇ ਕਿਤਾਗੱਤ ਹੋਣ ਉੱਤੇ ਵਧੇਰੇ ਬੱਲ ਦੇਣ ਦੀ ਹੈ।

ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਜਾਨਣ ਉਪਰੰਤ ਸਹਿਜੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਪੱਤਰਕਾਰੀ ਤੱਤਕਾਲੀਨ ਜਾਣਕਾਰੀ ਨੂੰ ਇਕੱਤਰ ਕਰਨ, ਲਿਖਣ, ਸੰਪਾਦਨ ਕਰਨ ਅਤੇ ਪ੍ਰਕਾਸ਼ਿਤ ਕਰਨ ਨੂੰ ਕਹਿੰਦੇ ਹਨ ਅਤੇ ਇਸ ਦੇ ਮੁੱਖ ਕਾਰਜਾਂ ਵਿਚ ਲੋਕਾਂ ਨੂੰ ਸੂਚਨਾ ਪ੍ਰਦਾਨ ਕਰਨਾ, ਸਿਖਿਅਤ ਕਰਨਾ ਅਤੇ ਉਨ੍ਹਾਂ ਦਾ ਮਨੋਰੰਜਨ ਕਰਨਾ ਰਸਾਲਿਆਂ ਰਾਹੀਂ ਸੰਪੂਰਨ ਹੁੰਦੇ ਹਨ।

ਪੱਤਰਕਾਰੀ ਨੂੰ ਦੂਜੀਆਂ ਸੰਚਾਰ ਸਰਗਰਮੀਆਂ ਤੋਂ ਨਿਖੇੜਨ ਵਾਲੇ ਕੋਈ ਪ੍ਰਪੱਕ ਅਤੇ ਸਖ਼ਤ ਨਿਯਮ ਨਹੀਂ ਹਨ। ਪ੍ਰਮੁੱਖ ਰੂਪ ਵਿਚ ਜਿਥੇ ਅਖ਼ਬਾਰ ਪ੍ਰਚਲਤ ਖ਼ਬਰਾਂ ਤੇ ਬਲ ਦਿੰਦੇ ਹਨ। ਉਨ੍ਹਾਂ ਅਵਧੀਗਤ ਮੈਗਜ਼ੀਨ ਵਧੇਰੇ ਕਰਕੇ ਪਿਛੋਕੜੀ ਸਮੱਗਰੀ ਨੂੰ ਨਜਿੱਠਦੇ ਹਨ। ਸੰਪਾਦਕੀਆਂ ਤੋਂ ਇਲਾਵਾ ਅਖ਼ਬਾਰ ਕਾਲਮ ਨਵੀਸਾਂ ਦੀਆਂ ਸੇਵਾਵਾਂ ਪ੍ਰਾਪਤ ਕਰਦੇ ਹਨ। ਜਿਨ੍ਹਾਂ ਦੇ ਨਿਬੰਧ ਵਿਸ਼ਾ ਸਮੱਗਰੀ ਅਤੇ ਪਹੁੰਚ ਵਿਚ ਵਿਸ਼ਾਲ ਅਤੇ ਵਿਵਿੱਧ ਖੇਤਰੀ ਹੁੰਦੇ ਹਨ। ਅਖ਼ਬਾਰਾਂ ਵਿਚ ਵੀ ਆਮ ਤੌਰ ਤੇ ਅਜਿਹੇ ਵਿਸ਼ੇਸ਼ ਫੀਚਰ ਸੰਕਲਤ ਹੁੰਦੇ ਹਨ। ਜਿਨ੍ਹਾਂ ਦਾ ਉਦੇਸ਼ ਪਾਠਕਾਂ ਨੂੰ ਸੂਚਿਤ ਕਰਨ ਨਾਲੋਂ ਵਧੇਰੇ ਉਨ੍ਹਾਂ ਦਾ ਮਨੋਰੰਜਨ ਕਰਨਾ ਹੁੰਦਾ ਹੈ।

ਅਖ਼ਬਾਰ ਪਰੰਪਰਾਗਤ ਤੌਰ ਉਤੇ ਨਾ ਕੇਵਲ ਖ਼ਬਰਾਂ ਦੀ ਰਿਪੋਰਟਿੰਗ ਹੀ ਦਿੰਦੇ ਹਨ, ਸਗੋਂ ਉਹ ਘਟਨਾਵਾਂ ਦੀ ਆਪਦੇ ਤੌਰ ਉੱਤੇ ਖੋਜ਼ ਪੜਤਾਲ ਵੀ ਕਰਦੇ ਹੋ, ਇਉਂ ਇਕ ਭਾਂਤ ਨਾਲ ਉਹ ਆਪਣੀਆਂ ਖ਼ਬਰਾਂ ਆਪ ਘੜਦੇ ਹਨ। ਅਜਿਹਾ ਚਾਹੇ ਉਹ ਜ਼ਿੰਮੇਵਾਰੀ ਦੀ ਭਾਵਨਾ ਜਾਂ ਕਿਸੇ ਉਲਾਰ ਉਦੇਸ਼ ਹੀ ਖਾਤਰ ਹੀ ਕਿਉਂ ਨਾ ਕਰਦੇ ਹੋਣ। ਰੇਡੀਓ ਅਤੇ ਟੀ.ਵੀ. ਪ੍ਰਸਾਰਣ ਵਿਚ ਵੀ ਅਜਿਹੀ ਹੀ ਭਾਵਨਾ ਕਾਰਜਸ਼ੀਲ ਰਹਿੰਦੀ ਹੈ। ਇਸ ਤੋਂ ਇਲਾਵਾ ਅਖ਼ਬਾਰਾਂ ਕਿਸੇ ਅਜਿਹੇ ਉਦੇਸ਼ ਖ਼ਾਤਰ ਲਹਿਰਾਂ ਲਾਮਬੰਧ ਕਰਦੇ ਜਿਨ੍ਹਾਂ ਨੂੰ ਉਹ ਦਰੁਸਤ ਸਮਝਦੇ ਹਨ। ਅਖ਼ਬਾਰਾਂ ਦੀਆਂ ਇਹ ਲਹਿਰਾਂ ਜਾਂ ਖ਼ਬਰਾਂ ਵਿਚਕਾਰ ਨਿਖੇੜਾ ਕਰਨਾ ਅਕਸਰ ਕਠਿਨ ਹੁੰਦਾ ਹੈ। ਫਿਰ ਵੀ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਲਹਿਰਾਂ ਨੂੰ ਸੰਗਠਿਤ ਕਰਨ ਦਾ ਹੱਕ ਛੱਡੇ ਤੋਂ ਬਿਨਾਂ ਭਰੋਸੇਯੋਗ ਰਿਪੋਰਟਿੰਗ ਨੂੰ ਹੀ ਲੋਕ ਪੱਖੀ ਪੱਤਰਕਾਰੀ ਸਮਝਿਆ ਜਾਂਦਾ ਹੈ।

ਪੱਤਰਕਾਰੀ ਦੇ ਸੰਕਲਪਾਂ ਅਧੀਨ ਪ੍ਰਫੁਲਤ ਹੋਇਆ ਇਕ ਸਿਧਾਂਤ ਹੈ-ਲੋਕਾਂ ਨੂੰ ਉਹਨਾਂ ਦੀ ਇੱਛਤ ਸਮੱਗਰੀ ਦਿਉ ਅਤੇ ਦੂਜਾ ਸਿਧਾਂਤ ਹੈ ਕਿ- ਲੋਕਾਂ ਨੂੰ ਉਹ ਸਚਾਈ ਦੱਸੋ ਜਿਹੜੀ ਉਨ੍ਹਾਂ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ। ਪ੍ਰੈਸ ਦੀ ਆਜ਼ਾਦੀ ਦੀ ਮਾਤਰਾ ਇਨ੍ਹਾਂ ਸੰਕਲਪਾਂ ਨਾਲ ਜੁੜੀ ਹੋਈ ਹੈ। ਸੂਚਨਾ ਦੀ ਆਜ਼ਾਦੀ ਰਾਜ-ਸੱਤਾ ਪ੍ਰਾਪਤ ਕਰਨ ਵਾਲੀਆਂ ਸ਼ਕਤੀਆਂ ਕੰਟਰੋਲ ਕਰਦੀਆਂ ਹਨ। ਪਾਠਕਾਂ ਨੂੰ ਕੀ

ਦਸਣਾ ਹੈ। ਕੀ ਕੁਝ ਅਤੇ ਕਿੰਨਾ ਕੁਝ ਲੁਕਾਉਣਾ ਹੈ। ਪੱਤਰਕਾਰੀ ਦੇ ਖੇਤਰ ਵਿਚ ਅਹਿਮ ਵਰਤਾਰੇ ਹਨ। ਇਉਂ ਪੱਤਰਕਾਰੀ ਰਾਜ ਸੱਤਾ ਪ੍ਰਾਪਤੀ ਦੀ ਜੰਗ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਪੱਤਰਕਾਰੀ ਨਿਰੇ ਆਦਰਸ਼ ਜਾਂ ਮਿਸ਼ਨ ਤਕ ਹੀ ਸੀਮਤ ਨਹੀਂ, ਸਗੋਂ ਸੰਬੰਧਤ ਸਮਾਜ ਦੀਆਂ ਸਰਬਪੱਖੀ ਸਰਗਰਮੀਆਂ ਨਾਲ ਸੰਬੰਧਤ ਲੋਕਾਂ ਨੂੰ ਸਾਮਿਆਕ ਵਰਤਾਰਿਆਂ ਤੋਂ ਸੂਚਿਤ ਰੱਖ ਕੇ ਉਨ੍ਹਾਂ ਦੀ ਵਿਚਾਰਧਾਰਾ ਤੇ ਸਰਗਰਮੀਆਂ ਨਿਰੰਤਰਤ ਕਰਨ ਨਾਲ ਜੁੜੀ ਹੋਈ ਹੈ। ਪੱਤਰਕਾਰੀ ਦੀ ਵਿਸ਼ਾ ਸਮੱਗਰੀ ਅਤੇ ਖੇਤਰ ਮਨੁੱਖੀ ਸਰਗਰਮੀਆਂ ਜਿੰਨ੍ਹਾਂ ਹੀ ਵਿਸ਼ਾਲ ਅਤੇ ਵਿਧਿਤ ਉਦੇਸ਼ ਮਈ, ਵਿਸ਼ੇਸ਼ੀਕ੍ਰਿਤ ਅਤੇ ਕਾਲ-ਗਤ ਹੁੰਦਾ ਹੈ। ਤੱਤਕਾਲੀਨਤਾ ਪੱਤਰਕਾਰੀ ਦੀ ਕਾਲਅੰਤਰਤਾ ਨਿਰੰਤਰਤ ਕਰਦੀ ਹੈ। ਇਹ ਇਕ ਬੰਨੇ ਸਵੇਰ, ਦੁਪਹਿਰ ਅਤੇ ਸ਼ਾਮ ਤੇ ਸਥਾਨਕ ਤੇ ਨਗਰੀ ਐਡੀਸ਼ਨਾਂ ਦੇ ਰੂਪ ਵਿਚ ਹੁੰਦੀ ਹੈ ਅਤੇ ਦੂਜੇ ਬੰਨੇ ਇਹ ਦੈਨਿਕ, ਅਰਧ-ਸਪਤਾਹਿਕ, ਸਪਤਾਹਿਕ, ਪੰਦਰਾ ਰੋਜ਼ਾ, ਮਾਸਿਕ, ਦੋ ਮਾਸਿਕ, ਤ੍ਰੈ, ਛੇ ਮਾਸਿਕ ਤੇ ਵਾਰਸ਼ਿਕ ਐਡੀਸ਼ਨਾਂ ਤਕ ਫੈਲੀ ਹੋਈ ਹੈ। ਸੰਸਾਰ ਦੇ ਕਈ ਦੈਨਿਕ ਅਖਬਾਰਾਂ ਦੇ ਇਕ ਦਿਨ ਵਿਚ ਕਈ ਕਈ ਐਡੀਸ਼ਨ ਇਕੋ ਸਮੇਂ ਦਰਜਨ ਤੋਂ ਵੱਧ ਥਾਵਾਂ ਉਤੋਂ ਪ੍ਰਕਾਸ਼ਤ ਹੁੰਦੇ ਹਨ। ਸੰਚਾਰ ਦੀ ਇਕ ਵਿਵਸਥਾ ਨਾਲ ਸਾਰਾ ਸੰਸਾਰ ਇਕ ਦੈਨਿਕ ਸੰਪਰਕਾਂ ਵਾਲਾ ਭਾਈਚਾਰਾ ਬਣ ਗਿਆ ਹੈ। ਹੁਣ ਆਧੁਨਿਕ ਮਨੁੱਖ ਲਈ ਸੰਚਾਰ ਪੱਖੋਂ ਵਿਦੇਸ਼ ਦੇ ਅਰਥ ਬਦਲ ਚੁਕੇ ਹਨ। ਬਿਜਲਈ ਉਪਕਰਨਾਂ ਨਾਲ ਕਿਸੇ ਘਟਨਾ ਦੀ ਸੂਚਨਾ ਘਟਨਾ ਸਥੱਲ ਦੇ ਵਾਕਿਆਤ ਸਮੇਤ ਪਲਾਂ-ਛਿਣਾਂ ਵਿਚ ਸੰਸਾਰ ਭਰ ਵਿਚ ਫੈਲ ਜਾਂਦੀ ਹੈ ਅਤੇ ਹਜਾਰਾਂ ਭਾਸ਼ਾਵਾਂ ਵਿਚ ਛਪਣ ਵਾਲੇ ਹਜ਼ਾਰਾਂ ਅਖਬਾਰ ਘਟਨਾਵਾਂ ਅਗਲੇ ਦਿਨ ਆਪਣੇ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰ ਦਿੰਦੇ ਹਨ। ਮਾਧਿਅਮ ਚਾਹੇ ਕੁਝ ਵੀ ਹੋਵੇ-ਸੰਚਾਰ ਵਸੀਲਿਆਂ ਨੇ ਸਾਰੀ ਮਨੁੱਖਤਾ ਨੂੰ ਇਕ ਇਕਾਈ ਬਣਾ ਦਿਤਾ ਹੈ। ਪੱਤਰਕਾਰੀ ਦਾ ਸੰਚਾਰ ਪੱਖੋਂ ਆਪਣਾ ਅਹਿਮ ਮਹੱਤਵ ਹੈ।

## ਫੀਚਰ (Feature) (ਲੇਖਕ-ਡਾ.ਹਰਜਿੰਦਰ ਵਾਲੀਆ)

ਪੱਤਰਕਾਰੀ ਵਿੱਚ ਫੀਚਰ ਆਪਣੇ ਵੱਖਰੇ ਅਰਥ ਰੱਖਦਾ ਹੈ। ਸ਼ਬਦਕੋਸ਼ ਵਿੱਚ ਫੀਚਰ ਦਾ ਅਰਥ ਲੇਖ ਜਾਂ ਆਰਟੀਕਲ ਹੈ ਪਰ ਫੀਚਰ ਵਾਂਗ ਪੱਤਰਕਾਰੀ ਵਿੱਚ ਆਰਟੀਕਲ ਫੀਚਰ ਨਾਲੋਂ ਅਲੱਗ ਅਰਥਾਂ ਦਾ ਮਾਲਿਕ ਹੈ। ਜੇ ਤੁਸੀਂ ਅੰਗ੍ਰੇਜ਼ੀ, ਪੰਜਾਬੀ ਅਰਥਕੋਸ਼ ਜਾਂ ਡਿਕਸ਼ਨਰੀ ਨੂੰ ਵੇਖੋਗੇ ਤਾਂ ਪਹਿਲੀ ਨਜ਼ਰੇ ਫੀਚਰ ਜਾਂ ਆਰਟੀਕਲ ਵਿੱਚ ਕੋਈ ਫਰਕ ਨਜ਼ਰ ਨਹੀਂ ਆਵੇਗਾ। ਇੱਥੇ ਫੀਚਰ ਨੂੰ ਇਕ ਲੇਖ ਜਾਂ ਨਿਬੰਧ ਮੰਨਿਆ ਗਿਆ ਹੈ। ਪੱਤਰਕਾਰਿਤ ਲਿਖਤਾਂ ਵਿੱਚ ਫੀਚਰ ਇਕ ਲੇਖ ਤਾਂ ਹੈ ਪਰ ਇੱਕ ਹਲਕਾ ਫੁਲਕਾ ਲੇਖ, ਇੱਕ ਛੋਟਾ ਲੇਖ ਅਤੇ ਇੱਕ ਲਿਖਤੀ ਟੁਕੜਾ (A Small Piece of Writing)। ਸੋ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੱਤਰਕਾਰੀ ਵਿੱਚ ਛੋਟੇ ਲੇਖ, ਹਲਕੇ-ਫੁਲਕੇ ਲੇਖ ਅਤੇ ਛੋਟੇ ਲਿਖਤੀ ਟੁਕੜੇ ਨੂੰ ਫੀਚਰ ਕਿਹਾ ਜਾਂਦਾ ਹੈ।

## ਫੀਚਰ ਦੀਆਂ ਵਿਸ਼ੇਸ਼ਤਾਈਆਂ

## (Characteristic of Feature)

1. ਫੀਚਰ ਸੁਭਾਅ ਵਜੋਂ ਜ਼ਿਆਦਾ ਗੰਭੀਰ ਨਹੀਂ ਹੁੰਦਾ ਸਗੋਂ ਇੱਕ ਹਲਕਾ ਫੁਲਕਾ ਲੇਖ ਹੁੰਦਾ ਹੈ।
2. ਫੀਚਰ ਲਿਖਣ ਲਈ ਖ਼ਬਰ ਵਾਂਗ ਕੋਈ ਖਾਸ ਸ਼ੈਲੀ ਅਪਨਾਉਣ ਦੀ ਬਜਾਏ ਫੀਚਰ ਲੇਖਕ ਆਪਣੀ ਮਰਜ਼ੀ, ਆਪਣੇ ਸੁਭਾਅ ਅਤੇ ਆਪਣੀ ਸ਼ੈਲੀ ਵਿੱਚ ਹੀ ਫੀਚਰ ਲਿਖ ਸਕਦਾ ਹੈ।
3. ਫੀਚਰ ਆਰਟੀਕਲ ਵਾਂਗ ਲੰਬਾ ਅਤੇ ਤੱਥਭਰਪੂਰ ਨਹੀਂ ਹੁੰਦਾ ਸਗੋਂ ਛੋਟਾ ਤੇ ਕਈ ਵਾਰ ਕਾਲਪਨਿਕ ਜਾਂ ਕਲਪਨਾ ਅਤੇ ਤੱਥਾਂ ਦੇ ਰਲਾ ਵਿਚੋਂ ਨਿਕਲਦਾ ਹੈ।
4. ਮਿਡਲ ਫੀਚਰ ਦੀ ਇਕ ਅਜਿਹੀ ਕਿਸਮ ਹੈ ਜੋ ਲੇਖਕ ਦੇ ਨਿੱਜੀ ਤਜ਼ਰਬੇ ਨੂੰ ਬਿਆਨ ਕਰਦਾ ਹੈ।
5. ਫੀਚਰ ਦੀ ਭਾਸ਼ਾ ਵੀ ਜ਼ਰੂਰੀ ਨਹੀਂ ਖ਼ਬਰ ਵਾਂਗ ਸਧਾਰਨ ਤੇ ਆਮ ਬੋਲ-ਚਾਲ ਵਾਲੀ ਹੋਵੇ ਸਗੋਂ ਬਹੁਤੀ ਵਾਰ ਫੀਚਰ ਸਾਹਿਤਕ ਅਤੇ ਲੱਛੇਦਾਰ ਭਾਸ਼ਾ ਵਿੱਚ ਲਿਖੇ ਜਾਂਦੇ ਹਨ।
6. ਫੀਚਰ ਇੱਕ ਅਜਿਹੀ ਵਿਧਾ ਹੈ ਜਿਸਨੂੰ ਲੇਖਕ ਉੱਤਮ ਪੁਰਖ (First person) ਵਿੱਚ ਵੀ ਲਿਖ ਸਕਦਾ ਹੈ ਜਾਂ ਆਪਣੀ ਮਰਜ਼ੀ ਅਨੁਸਾਰ ਮੱਧਮ ਪੁਰਖ (Second person) ਜਾਂ ਅਨਯ ਪੁਰਖ (Third person) ਵਿੱਚ ਲਿਖਣ ਦੀ ਖੁੱਲ ਲੈ ਸਕਦਾ ਹੈ।
7. ਪੱਤਰਕਾਰੀ ਦੀ ਇਹ ਇੱਕ ਅਜਿਹੀ ਵਿਧਾ ਹੈ ਜਿਸਦਾ ਕਾਰਜ ਸੰਪਾਦਕੀ ਪੰਨੇ ਦੀਆਂ ਗੰਭੀਰ ਲਿਖਤਾਂ ਤੋਂ ਕੁੱਝ ਸਮੇਂ ਲਈ ਪਾਠਕਾਂ ਦਾ ਧਿਆਨ ਹਟਾ ਕੇ ਜਾਣਕਾਰੀ ਮੁਹੱਈਆ ਕਰਨ ਦੇ ਨਾਲ-ਨਾਲ ਮਨੋਰੰਜਨ ਕਰਨਾ ਵੀ ਹੈ।

ਉਕਤ ਨੁਕਤਿਆਂ ਦੀ ਲੋਅ ਵਿੱਚ ਫੀਚਰ ਨੂੰ ਸਮਝਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਫੀਚਰ ਲੇਖ ਅੱਜ ਦੀ ਪੱਤਰਕਾਰੀ ਵਿੱਚ ਆਰਟੀਕਲ ਅਤੇ ਖ਼ਬਰ ਵਾਂਗ ਹੀ ਮਹੱਤਵਪੂਰਨ ਵਿਧਾ ਬਣ ਚੁੱਕਾ ਹੈ। ਸਮਾਚਾਰ ਪੱਤਰਾਂ ਨੂੰ ਜਿਵੇਂ ਖ਼ਬਰ ਏਜੰਸੀਆਂ ਖ਼ਬਰਾਂ ਸਪਲਾਈ ਕਰਦੀਆਂ ਹਨ, ਉਸੇ ਤਰੀਕੇ ਨਾਲ ਅਖ਼ਬਾਰਾਂ ਨੂੰ ਫੀਚਰ ਮੁਹੱਈਆ ਕਰਾਉਣ ਲਈ ਫੀਚਰ ਏਜੰਸੀਆਂ

ਅਤੇ ਫੀਚਰ ਸਿੰਡੀਕੇਟਾਂ ਕੰਮ ਕਰ ਰਹੀਆਂ ਹਨ। ਵੱਡੀ ਗਿਣਤੀ ਵਿੱਚ ਨਵੇਂ (Budding) ਅਤੇ ਪੁਰਾਣੇ (Veteran) ਪੱਤਰਕਾਰ ਇਸ ਖੇਤਰ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।

**ਫੀਚਰ ਲੇਖਣ ਦੀਆਂ ਵਿਧੀਆਂ (Feature of Writing Style)**

ਜਿਸ ਤਰ੍ਹਾਂ ਪਹਿਲਾਂ ਹੀ ਦੱਸਿਆ ਜਾਂ ਚੁੱਕਾ ਹੈ ਕਿ ਫੀਚਰ ਲਿਖਣ ਦੇ ਲਈ ਖ਼ਬਰ ਵਾਂਗ ਕਿਸੇ ਖਾਸ ਵਿਧੀ ਜਾਂ ਤਕਨੀਕ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ। ਫੀਚਰ ਤਾਂ ਫੀਚਰ ਲੇਖਕ ਦੇ 'ਅੰਦਾਜ਼-ਏ-ਬਿਆਂ' ਦਾ ਪ੍ਰਦਰਸ਼ਨ ਹੁੰਦਾ ਹੈ। ਫੀਚਰ ਲੇਖਕ ਫੀਚਰ ਨੂੰ ਆਪਣੀ ਸ਼ੈਲੀ ਮੁਤਾਬਕ ਹੀ ਲਿਖਦਾ ਹੈ। ਪਰ ਫਿਰ ਵੀ ਫੀਚਰ ਲਿਖਣ ਦੀਆਂ ਕੁਝ ਵਿਧੀਆਂ ਅਤੇ ਤਕਨੀਕਾਂ ਦੇ ਕੁਝ ਨੁਕਤੇ ਹੇਠ ਲਿਖੇ ਹੁੰਦੇ ਹਨ। ਫੀਚਰ ਲਿਖਣ ਲਈ ਹੇਠ ਲਿਖੇ ਕਦਮ ਲੈਣੇ ਜ਼ਰੂਰੀ ਹਨ:

1. ਵਿਸ਼ੇ ਦੀ ਚੋਣ (Selection of Topic)
2. ਸਮੱਗਰੀ ਦੀ ਇਕੱਤਰਤਾ (Collection of Material)
3. ਇਕੱਤਰ ਕੀਤੇ ਤੱਥਾਂ ਨੂੰ ਤਰਤੀਬ ਦੇਣਾ (Arrangement of Collected Material)

**1. ਵਿਸ਼ੇ ਦੀ ਚੋਣ (Selection of Topic)**

ਫੀਚਰ ਵਿੱਚ ਵਿਸ਼ੇ ਦੀ ਚੋਣ ਬਹੁਤ ਅਹਿਮੀਅਤ ਰੱਖਦੀ ਹੈ। ਪੱਤਰਕਾਰੀ ਵਿਚ ਫੀਚਰ ਇਕ ਅਜਿਹੀ ਵਿਧਾ ਹੈ ਜੋ ਇਸ ਬ੍ਰਹਿਮੰਡ ਦੇ ਵਿਚ ਕਿਸੇ ਵਿਸ਼ੇ ਨੂੰ ਲੈ ਕੇ ਲਿਖਿਆ ਜਾ ਸਕਦਾ ਹੈ। ਫੀਚਰ ਲੇਖਕ ਨੂੰ ਵਿਸ਼ੇ ਦੀ ਚੋਣ ਵਿਚ ਪੂਰਨ ਸੁਤੰਤਰਤਾ ਪ੍ਰਾਪਤ ਹੁੰਦੀ ਹੈ। ਉਹ ਸੂਈ ਤੋਂ ਲੈ ਕੇ ਜਹਾਜ਼ ਤੱਕ, ਅਕਾਸ਼ ਦੀਆਂ ਉਚਾਈਆਂ ਤੋਂ ਲੈ ਕੇ ਸਮੁੰਦਰ ਦੀਆਂ ਗਹਿਰਾਈਆਂ ਤੱਕ, ਸ਼ਰੀਰ ਦੀ ਸੁੰਦਰਤਾ ਤੋਂ ਲੈ ਕੇ ਮਨ ਮਸਤਕ ਵਿਚ ਚੱਲ ਰਹੇ ਵਿਚਾਰ ਪ੍ਰਵਾਹ ਤੱਕ ਅਤੇ ਪੰਛੀਆਂ, ਜਾਨਵਰਾਂ, ਜੰਗਲਾਂ ਅਤੇ ਸਮੁੱਚੀ ਵਨਸਪਤੀ ਤੱਕ ਕਿਸੇ ਨੂੰ ਵੀ ਆਪਣਾ ਵਿਸ਼ਾ ਬਣਾ ਸਕਦਾ ਹੈ। ਫੀਚਰ ਲੇਖਕ ਵਿਸ਼ੇ ਦੀ ਚੋਣ ਵਿਚ ਜਿੰਨੀ ਖੁਲ੍ਹ ਮਾਣ ਸਕਦਾ ਹੈ, ਉਨ੍ਹੀਂ ਨਾ ਤਾਂ ਰਿਪੋਰਟਰ ਨਾ ਹੀ ਆਰਟੀਕਲ ਲੇਖਕ। ਵਿਸ਼ੇ ਦੀ ਚੋਣ ਕਰਨ ਸਮੇਂ ਫੀਚਰ ਲੇਖਕ ਨੂੰ ਵਿਸ਼ੇ ਵਿਚ ਉਸ ਦੀ ਦਿਲਚਸਪੀ, ਵਿਸ਼ੇ ਦੀ ਸਾਰਥਕਤਾ ਅਤੇ ਸਮੇਂ ਦੀ ਜ਼ਰੂਰਤ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਵਿਸ਼ਾ ਚੁਣਣ ਸਮੇਂ ਫੀਚਰ ਲੇਖਕ ਇਹ ਜ਼ਰੂਰ ਵਿਚਾਰ ਲਵੇ ਕਿ ਫੀਚਰ ਰਾਹੀਂ ਦਿੱਤੀ ਜਾਣਕਾਰੀ ਪਾਠਕ ਨੂੰ ਕੀ ਦੇ ਰਹੀ ਹੈ।

ਫੀਚਰ ਪਾਠਕ ਨੂੰ ਬਹੁ-ਮੁੱਲੀ ਜਾਣਕਾਰੀ ਦੇਵੇ, ਹਸਾਵੇ, ਰੁਆਵੇ, ਕੋਈ ਸੁਨੇਹਾ ਦੇਵੇ, ਕੁਝ ਨਾ ਕੁਝ ਜ਼ਰੂਰ ਦੇਵੇ।

**2. ਸਮੱਗਰੀ ਦੀ ਇਕੱਤਰਤਾ (Collection of Material)**

ਵਿਸ਼ੇ ਦੀ ਚੋਣ ਤੋਂ ਬਾਅਦ ਦੂਜਾ ਕਦਮ ਚੁਣੇ ਹੋਏ ਵਿਸ਼ੇ ਸਬੰਧੀ ਜਾਣਕਾਰੀ ਅਤੇ ਤੱਥ ਇਕੱਤਰ ਕਰਨ ਦਾ ਹੁੰਦਾ ਹੈ। ਵਿਸ਼ੇ ਦੀ ਮੰਗ ਅਨੁਸਾਰ ਫੀਚਰ ਲੇਖਕ ਦਸਤਾਵੇਜੀ ਸਰੋਤਾਂ, ਵਿਸ਼ਵ-ਕੋਸ਼ਾਂ, ਇੰਟਰਨੈਟ ਅਤੇ ਹੋਰ ਹਵਾਲਾ ਪੁਸਤਕਾਂ ਆਦਿ ਤੋਂ ਤੱਥ ਅਤੇ ਹੋਰ ਸਬੰਧਤ ਜਾਣਕਾਰੀ ਇਕੱਤਰ ਕਰਦਾ ਹੈ। ਕਈ ਵਾਰ ਵਿਸ਼ੇ ਦੀ ਲੋੜ ਅਨੁਸਾਰ ਮਹੱਤਵਪੂਰਨ ਵਿਅਕਤੀਆਂ ਨਾਲ ਮੁਲਾਕਾਤਾਂ ਅਤੇ ਸਰਵੇਖਣ ਆਦਿ ਵੀ ਕਰ ਲਏ ਜਾਂਦੇ ਹਨ। ਵਿਸ਼ੇ ਨਾਲ ਸਬੰਧਤ ਪੁਸਤਕਾਂ ਤੋਂ ਵੀ ਕਾਫੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਵਿਭਿੰਨ ਸਰੋਤਾਂ ਰਾਹੀਂ ਜਾਣਕਾਰੀ ਨੂੰ ਹਾਸਲ ਕਰਨਾ ਫੀਚਰ ਲੇਖਕ ਦਾ ਕਰਤੱਵ ਹੁੰਦਾ ਹੈ। ਇਹ ਜਾਣਕਾਰੀ ਹਾਸਲ ਕਰਨ ਦੀ ਪ੍ਰਕਿਰਿਆ ਵਿਸ਼ੇ ਦੇ ਮੁਤਾਬਕ ਹੁੰਦੀ ਹੈ। ਬਹੁਤ ਸਾਰੇ ਫੀਚਰ ਫੀਚਰ ਲੇਖਕ ਦੇ ਅਨੁਭਵ, ਤਜਰਬੇ ਅਤੇ ਉਸ ਦੀ ਕਲਪਨਾ ਸ਼ਕਤੀ ਨਾਲ ਹੀ ਲਿਖੇ ਜਾਂਦੇ ਹਨ। ਅਜਿਹਾ ਅਕਸਰ ਮਿਡਲ ਫੀਚਰ ਲਿਖਣ ਸਮੇਂ ਵਾਪਰਦਾ ਹੈ। ਖ਼ਬਰ ਫੀਚਰ ਖ਼ਬਰਾਂ ਦੀ ਪੜਚੋਲ ਅਤੇ ਉਨ੍ਹਾਂ ਉੱਤੇ ਟਿੱਪਣੀ ਹੁੰਦੀ ਹੈ। ਜਿਨ੍ਹਾਂ ਦਾ ਮੁੱਖ ਸਰੋਤ ਖ਼ਬਰਾਂ ਹੀ ਬਣਦੀਆਂ ਹਨ ਪਰ ਖ਼ਬਰਾਂ ਦੇ ਪਿਛੋਕੜ ਨੂੰ ਜਾਨਣ ਲਈ ਜਾਂ ਕੋਈ ਭਵਿੱਖ ਮੁਖੀ ਟਿੱਪਣੀ ਕਰਨ ਹਿੱਤ ਕਈ ਵਾਰ ਦਰਤਾਵੇਜੀ ਸਰੋਤ ਅਤੇ ਹਵਾਲਾ ਪੁਸਤਕਾਂ ਆਦਿ ਨੂੰ ਵਿਚਾਰਿਆ ਜਾਂਦਾ ਹੈ।

**3. ਇਕੱਤਰ ਕੀਤੇ ਤੱਥਾਂ ਨੂੰ ਤਰਤੀਬ ਦੇਣਾ (Arrangement of Collected Material)**

ਫੀਚਰ ਲੇਖਣ ਵਿਚ ਤੀਜਾ ਕਦਮ ਫੀਚਰ ਨੂੰ ਲਿਖਣਾ ਹੈ। ਇਸ ਕਦਮ ਵਿਚ ਵੱਡੀ ਭੂਮਿਕਾ ਫੀਚਰ ਲੇਖਕ ਦੀ ਲਿਖਣ ਸ਼ੈਲੀ ਦੀ ਹੁੰਦੀ ਹੈ। ਲੇਖਕ ਆਪਣੇ ਅੰਦਾਜ਼ ਵਿਚ ਇਕੱਤਰ ਕੀਤੇ ਹੋਏ ਤੱਥਾਂ ਅਤੇ ਜਾਣਕਾਰੀ ਨੂੰ ਤਰਤੀਬ ਦਿੰਦਾ ਹੈ। ਇਹ ਤਰਤੀਬ ਦੇਣ ਲਈ ਖ਼ਬਰ ਵਾਂਗ ਕੋਈ ਵਿਸ਼ੇਸ਼ ਤਕਨੀਕ ਨਹੀਂ ਵਰਤੀ ਜਾਂਦੀ ਬਲਕਿ ਫੀਚਰ ਲੇਖਕ ਦੀ ਸ਼ੈਲੀ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਆਪਣੀ ਹੀ ਸ਼ੈਲੀ ਵਿਚ ਖੂਬਸੂਰਤ ਅਤੇ ਸਹੀ ਸ਼ਬਦਾਂ ਦਾ ਇਸਤੇਮਾਲ ਫੀਚਰ ਨੂੰ ਚਾਰ ਚੰਨ੍ਹ ਲਾ ਸਕਦਾ ਹੈ। ਫੀਚਰ ਵਿਚ ਮਾਨਵੀ ਦਿਲਚਸਪੀ ਪੈਦਾ ਕਰਨ ਲਈ ਲੇਖਕ ਕਵਿਤਾ, ਕਵਿਤਾ ਦੇ ਬੰਦ, ਸ਼ੇਅਰ, ਸੰਵਾਦ, ਮਿੰਨੀ ਕਹਾਣੀ ਅਤੇ ਆਪ-ਬੀਤੀ ਘਟਨਾ ਆਦਿ ਨੂੰ ਪ੍ਰਯੋਗ ਵਿਚ ਲਿਆ ਸਕਦਾ ਹੈ। ਫੀਚਰ ਦੀ ਖਾਸੀਅਤ ਇਹ ਹੁੰਦੀ ਹੈ ਕਿ ਇਸਦਾ ਮੁੱਢ ਜਾਂ ਅੰਤ ਫੀਚਰ ਲੇਖਕ ਤੇ

ਨਿਰਭਰ ਕਰਦਾ ਹੈ। ਇਹ ਖ਼ਬਰ ਵਾਂਗ ਨਹੀਂ ਜਿਸ ਵਿਚ ਮੁੱਖ ਤੱਥ ਪਹਿਲੇ ਪੈਰੇ ਵਿਚ ਦਿੱਤੇ ਜਾਂਦੇ ਹਨ। ਸੋ, ਨੁਕਤਾ ਸਪਸ਼ਟ ਹੈ ਕਿ ਤੱਥਾਂ ਦੀ ਤਰਤੀਬ ਅਤੇ ਜਾਣਕਾਰੀ ਨੂੰ ਲਿਖਣ ਸਮੇਂ ਫੀਚਰ ਲੇਖਕ ਪੂਰਨ ਸੁਤੰਤਰ ਹੁੰਦਾ ਹੈ ਅਤੇ ਅਜਿਹੀ ਹੀ ਸੁਤੰਤਰਤਾ ਉਹੀ ਫੀਚਰ ਦੀ ਭਾਸ਼ਾ ਅਤੇ ਸ਼ਬਦਾਂ ਦੀ ਚੋਣ ਸਮੇਂ ਲੈਂਦਾ ਹੈ।

**ਫੀਚਰ ਦੇ ਹਿੱਸੇ (Parts of Feature)**

(ੳ) ਆਰੰਭ (Introduction)

(ਅ) ਵਿਸਥਾਰ (Body)

(ੲ) ਅੰਤ (Conclusion)

ਹਾਲਾਂਕਿ ਫੀਚਰ ਲੇਖਕ ਫੀਚਰ ਲਿਖਣ ਸਮੇਂ ਆਪਣੀ ਸ਼ੈਲੀ ਅਤੇ ਆਪਣੇ ਹੀ ਅੰਦਾਜ਼ ਵਿਚ ਲਿਖਣ ਦਾ ਯਤਨ ਕਰਦਾ ਹੈ ਪਰ ਫਿਰ ਵੀ ਮੁੱਖ ਤੌਰ ਤੇ ਫੀਚਰ ਨੂੰ ਆਰੰਭ ਜਾਂ ਜਾਣ-ਪਛਾਣ (Introduction), ਵਿਸਥਾਰ (Body), ਨਿਸ਼ਕਰਸ਼ (Conclusion) ਆਦਿ ਹਿੱਸਿਆ ਵਿਚ ਵੰਡਿਆ ਜਾ ਸਕਦਾ ਹੈ। ਪਰ ਇਹ ਵੰਡ ਹਰ ਕਿਸਮ ਦੇ ਫੀਚਰ ਤੇ ਲਾਗੂ ਨਹੀਂ ਹੁੰਦੀ। ਜਿਵੇਂ ਮਿਡਲ ਫੀਚਰ ਇਕ ਕਹਾਣੀ ਵਾਂਗ ਹੋ ਸਕਦੇ ਹਨ ਜੋ ਲੇਖਕ ਦੇ ਤਜ਼ਰਬੇ ਅਤੇ ਜ਼ਿੰਦਗੀ ਦੀ ਕਿਸੇ ਘਟਨਾ ਦੇ ਅਨੁਭਵ ਨੂੰ ਬਿਆਨ ਕਰਦੇ ਹਨ। ਕਈ ਫੀਚਰ ਕਲਪਨਾ ਤੇ ਅਧਾਰਿਤ ਹੁੰਦੇ ਹਨ। ਉਨ੍ਹਾਂ ਵਿਚ ਵੀ ਇਸ ਤਰ੍ਹਾਂ ਦੀ ਵੰਡ ਸੰਭਵ ਨਹੀਂ। ਸੋ, ਅੰਤ ਵਿਚ ਇਸ ਨੁਕਤੇ ਨੂੰ ਸਪਸ਼ਟ ਕਰਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਫੀਚਰ ਲਿਖਣ ਦੀ ਤਕਨੀਕ ਵਿੱਚ ਵੀ ਫੀਚਰ ਲੇਖਕ ਕਾਫੀ ਖੁਲ੍ਹ ਲੈਣ ਲਈ ਸੁਤੰਤਰ ਹੈ।

**ਫੀਚਰ ਦੀਆਂ ਕਿਸਮਾਂ (Types of Feature)**

ਫੀਚਰ ਨੂੰ ਹੇਠ ਲਿਖੇ ਅਨੁਸਾਰ ਕਿਸਮਾਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ:

1. ਫੋਟੋ ਫੀਚਰ
2. ਖ਼ਬਰ ਫੀਚਰ
3. ਰੇਖਾ-ਚਿੱਤਰ
4. ਵਰਨਣਾਤਮਕ ਫੀਚਰ

5. ਯਾਤਰਾ ਬ੍ਰਿਤਾਂਤ
6. ਇਤਿਹਾਸਕ ਫੀਚਰ
7. ਮੌਸਮੀ ਫੀਚਰ
8. ਵਿਗਿਆਨਕ ਫੀਚਰ
9. ਮਾਨਵੀ ਦਿਲਚਸਪੀ ਫੀਚਰ
10. ਜੰਗਲੀ ਜੀਵਨ
11. ਅਗਾਊਂ ਫੀਚਰ
12. ਕਲੈਂਡਰ ਫੀਚਰ

**1. ਫੋਟੋ ਫੀਚਰ (Photo Feature): ਫੋਟੋ ਫੀਚਰ ਨੂੰ ਦੋ ਤਰੀਕਿਆਂ** ਨਾਲ ਸਮਝਿਆ ਜਾ ਸਕਦਾ ਹੈ। ਇੱਕ ਜਦੋਂ ਤਸਵੀਰਾਂ ਰਾਹੀਂ ਕਿਸੇ ਘਟਨਾ/ ਦੁਰਘਟਨਾ ਨੂੰ ਦਰਸਾਇਆ ਜਾਵੇ, ਉਸ ਨੂੰ ਫੋਟੋ ਫੀਚਰ ਕਿਹਾ ਜਾਂਦਾ ਹੈ। ਦੂਜਾ-ਜਦੋਂ ਸ਼ਬਦੀ ਬ੍ਰਿਤਾਂਤ ਦੇ ਸਹਿਯੋਗ ਨਾਲ ਕਿਸੇ ਖ਼ਾਸ ਸ਼ਖ਼ਸੀਅਤ, ਇਮਾਰਤ, ਦ੍ਰਿਸ਼, ਦੁਰਘਟਨਾ/ਘਟਨਾ ਆਦਿ ਨੂੰ ਪੇਸ਼ ਦੀਤਾ ਜਾਂਦਾ ਹੈ, ਲਿਖਤੀ ਪੱਤਰਕਾਰੀ ਵਿੱਚ ਉਸਨੂੰ ਵੀ ਫੋਟੋ ਫੀਚਰ ਕਹਿ ਲਿਆ ਜਾਂਦਾ ਹੈ। ਇਸ ਤਰ੍ਹਾਂ ਦੇ ਫੀਚਰ ਵਿੱਚ ਸ਼ਬਦਾਂ ਦੀ ਵਿਆਖਿਆ ਨਾਲੋਂ ਤਸਵੀਰਾਂ ਦੀ ਮਹੱਤਤਾ ਜ਼ਿਆਦਾ ਹੁੰਦੀ ਹੈ। ਦੂਜੇ ਲਫ਼ਜ਼ਾਂ ਵਿੱਚ ਫੋਟੋ ਪ੍ਰਮੁੱਖ (Dominate) ਹੁੰਦੀ ਹੈ ਨਾ ਕਿ ਸ਼ਬਦ।

**2. ਖ਼ਬਰ ਫੀਚਰ (News Feature):** ਇਸ ਤਰ੍ਹਾਂ ਦੇ ਫੀਚਰ ਸਮਾਚਾਰ ਪੱਤਰਾਂ ਵਿੱਚ ਹਰ ਰੋਜ਼ ਵੱਡੀ ਗਿਣਤੀ ਵਿੱਚ ਛਪਦੇ ਹਨ। ਇਨ੍ਹਾਂ ਫੀਚਰਾਂ ਵਿੱਚ ਕਿਸੇ ਖ਼ਾਸ ਖਬਰ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਖ਼ਬਰ ਵਿੱਚ ਰਿਪੋਰਟਰ ਵੱਲੋਂ ਸਿਰਫ਼ ਤੱਥ ਹੀ ਪੇਸ਼ ਕੀਤੇ ਜਾਂਦੇ ਹਨ ਪਰ ਖਬਰ ਫੀਚਰ ਵਿੱਚ ਉਨ੍ਹਾਂ ਤੱਥਾਂ ਦੀ ਵਿਆਖਿਆ ਅਤੇ ਉਨ੍ਹਾਂ ਤੱਥਾਂ ਬਾਰੇ ਫੀਚਰ ਲੇਖਕ ਦੇ ਆਪਣੇ ਵਿਚਾਰ ਅਤੇ ਟਿਪਣੀਆਂ ਸ਼ਾਮਿਲ ਹੁੰਦੀਆਂ ਹਨ। ਰੋਜ਼ਾਨਾਂ ਸਮਾਚਾਰ ਪੱਤਰਾਂ ਵਿੱਚ ਇਹ ਫੀਚਰ ਕਾਫ਼ੀ ਹਰਮਨ ਪਿਆਰੇ ਹੁੰਦੇ ਹਨ।

**3. ਰੇਖਾ-ਚਿੱਤਰ (Profile/ personality Feature):** ਵਿਅਕਤੀਆਂ ਦੀ ਸ਼ਖਸੀਅਤ ਨੂੰ ਪੇਸ਼ ਕਰਨ ਵਾਲੀਆਂ ਲਿਖਤਾਂ ਨੂੰ ਸ਼ਬਦੀ ਚਿੱਤਰ ਜਾਂ ਰੇਖਾ-ਚਿੱਤਰ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੇ ਫੀਚਰਾਂ ਵਿੱਚ ਵਿਅਕਤੀ ਵਿਸ਼ੇਸ਼ ਦੇ ਜੀਵਨ ਨੂੰ ਖ਼ੂਬਸੂਰਤ ਭਾਸ਼ਾ ਵਿੱਚ ਪਾਠਕਾਂ ਦੇ ਸਨਮੁੱਖ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਕਿ ਪਾਠਕ ਉਸ ਵਿਅਕਤੀ ਵਿਸ਼ੇਸ਼ ਦੀ ਸਰੀਰਕ ਬਣਤਰ ਤੋਂ ਲੈ ਕੇ ਉਸ ਦੇ ਸੁਭਾਅ, ਉਸ ਦੇ ਵਿਚਾਰ ਅਤੇ ਉਸ ਨਾਲ ਵਾਪਰੀਆਂ ਘਟਨਾਵਾਂ ਨੂੰ ਭਲੀ-ਭਾਂਤ ਜਾਣ ਜਾਂਦੇ ਹਨ।

**4. ਵਿਵਰਣਾਤਮਕ ਫੀਚਰ (Descriptive Feature):** ਇਸ ਤਰ੍ਹਾਂ ਦੇ ਫੀਚਰ ਵਿੱਚ ਘਟਨਾਵਾਂ ਅਤੇ ਖ਼ਬਰੀ ਮਹੱਤਤਾ ਵਾਲੇ ਦ੍ਰਿਸਾਂ ਦਾ ਵਰਣਨ ਦਿਲਚਸਪ ਢੰਗ ਨਾਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਾ ਬ੍ਰਿਤਾਂਤ ਜਿੱਥੇ ਪਾਠਕਾਂ ਦੀ ਜਾਣਕਾਰੀ ਦੀ ਭੁੱਖ ਨੂੰ ਪੂਰਾ ਕਰਦਾ ਹੈ, ਉੱਥੇ ਫੀਚਰ ਲੇਖਕ ਦੀ ਬ੍ਰਿਤਾਂਤਕ

ਜਾਂ ਕਥਾ ਕਹਿਣ ਦੀ ਕਲਾ ਉਸ ਜਾਣਕਾਰੀ ਨੂੰ ਖੂਬਸੂਰਤ ਸ਼ਬਦਾਂ ਵਿਚ ਦਿਲਚਸਪ ਬਣਾ ਕੇ ਪਾਠਕਾਂ ਦੇ ਦਿਲ ਨੂੰ ਰੁਝਾਨ ਦੀ ਸਮਰੱਥਾ ਰੱਖਦੀ ਹੈ।

**5. ਯਾਤਰਾ ਬ੍ਰਿਤਾਂਤ (Travelogue):** ਆਧੁਨਿਕ ਸਮੇਂ ਵਿੱਚ ਆਵਾਜਾਈ ਦੇ ਸਾਧਨਾਂ ਦੇ ਵਿਕਾਸ ਕਾਰਨ ਮਨੁੱਖ ਵਧੇਰੇ ਗਤੀਸ਼ੀਲ ਹੋ ਗਿਆ ਹੈ ਅਤੇ ਉਸ ਵਿੱਚ ਵੱਖ ਵੱਖ ਥਾਵਾਂ ਨੂੰ ਜਾਨਣ ਦੀ ਇੱਛਾ ਵੱਧ ਗਈ ਹੈ। ਇਸ ਕਾਰਨ ਕਈ ਅਖ਼ਬਾਰਾਂ ਵਿੱਚ ਯਾਤਰਾ ਬ੍ਰਿਤਾਂਤ ਇੱਕ ਸਥਾਈ ਫੀਚਰ ਦੇ ਤੌਰ ਤੇ ਛੱਪ ਰਹੇ ਹਨ। ਇਸ ਤਰ੍ਹਾਂ ਦੇ ਫੀਚਰਾਂ ਵਿੱਚ ਜਿੱਥੇ ਯਾਤਰਾ ਦੇ ਬ੍ਰਿਤਾਂਤ ਨੂੰ ਦਿਲਚਸਪ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਉੱਥੇ ਇਤਿਹਾਸਕ ਸਥਾਨਾਂ, ਸ਼ਹਿਰਾਂ ਅਤੇ ਥਾਵਾਂ ਬਾਰੇ ਜਾਣਕਾਰੀ ਪਾਠਕਾਂ ਨੂੰ ਪ੍ਰਾਪਤ ਹੁੰਦੀ ਹੈ।

**6. ਇਤਿਹਾਸਕ ਫੀਚਰ (Historical Feature):** ਇਤਿਹਾਸਕ ਥਾਵਾਂ ਦੀ ਮਹੱਤਤਾ ਸਦੀਵੀਂ ਹੁੰਦੀ ਹੈ। ਹਰ ਸਮੇਂ ਵਿੱਚ ਇਤਿਹਾਸਕ ਥਾਵਾਂ ਅਤੇ ਇਤਿਹਾਸਕ ਤੱਥਾਂ ਦੀ ਜਾਣਕਾਰੀ ਲੋੜੀਂਦੀ ਹੁੰਦੀ ਹੈ। ਇਹੀ ਕਾਰਨ ਹੈ ਕਿ ਇਤਿਹਾਸਕ ਮਹੱਤਤਾ ਵਾਲੇ ਫੀਚਰ ਹਮੇਸ਼ਾਂ ਪੱਤਰਕਾਰੀ ਦਾ ਹਿੱਸਾ ਰਹੇ ਹਨ। ਇਤਿਹਾਸਕ ਥਾਵਾਂ, ਘਟਨਾਵਾਂ ਅਤੇ ਇਤਿਹਾਸਕ ਦਿਨਾਂ ਸੰਬੰਧੀ ਲਿਖੇ ਗਏ ਛੋਟੇ ਲੇਖਾਂ ਨੂੰ ਇਤਿਹਾਸਕ ਫੀਚਰਾਂ ਦੇ ਵਰਗ ਵਿੱਚ ਰੱਖਿਆ ਜਾਂਦਾ ਹੈ।

**7. ਮੌਸਮੀ ਫੀਚਰ (Seasonal Feature):** ਮੌਸਮ ਹਮੇਸ਼ਾ ਮਨੁੱਖੀ ਦਿਲਚਸਪੀ ਦਾ ਕਾਰਨ ਰਿਹਾ ਹੈ। ਗਰਮੀ, ਸਰਦੀ, ਪੱਤਝੜ ਅਤੇ ਬਹਾਰ ਅਨੇਕਾਂ ਮੌਸਮ ਭਾਰਤੀ ਜੀਵਨ ਦਾ ਅੰਗ ਹਨ। ਹਰ ਮੌਸਮ ਦੀ ਇੱਕ ਆਪਣੀ ਮਹੱਤਤਾ ਹੁੰਦੀ ਹੈ। ਹਰ ਮੌਸਮ ਬਾਰੇ ਫੀਚਰ ਲਿਖਿਆ ਜਾ ਸਕਦਾ ਹੈ ਅਤੇ ਲਿਖੇ ਜਾ ਰਹੇ ਹਨ। ਇਸੇ ਤਰ੍ਹਾਂ ਭਾਰਤ ਵਰਗੇ ਖੇਤੀ ਪ੍ਰਧਾਨ ਦੇਸ਼ ਵਿੱਚ ਹਰ ਦਿਨ ਦੇ ਮੌਸਮ ਦੀ ਮਹੱਤਤਾ ਅਤੇ ਬਦਲਦੇ ਮੌਸਮ ਅਨੁਸਾਰ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ ਫੀਚਰ ਲਿਖੇ ਜਾਂਦੇ ਹਨ। ਮੌਸਮੀ ਫੀਚਰਾਂ ਦੀ ਇੱਕ ਆਪਣੀ ਮਹੱਤਤਾ ਹੁੰਦੀ ਹੈ।

**8. ਵਿਗਿਆਨਕ ਫੀਚਰ (Science Feature):** ਅੱਜ ਦਾ ਯੁੱਗ ਵਿਗਿਆਨਕ ਯੁੱਗ ਹੈ। ਪਾਠਕਾਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਨ ਹਿੱਤ ਵਿਗਿਆਨਕ ਫੀਚਰ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਸਾਇੰਸ ਦੀਆਂ ਕਾਢਾਂ ਅਤੇ ਸਾਇੰਸ ਸੰਬੰਧੀ ਸੈਮੀਨਾਰਾਂ ਅਤੇ ਰਿਪੋਰਟਾਂ ਤੋਂ ਇਲਾਵਾ ਵਿਗਿਆਨੀਆਂ ਬਾਰੇ ਫੀਚਰ ਅਤੇ ਸਾਇੰਸ ਨੂੰ ਹਰਮਨ ਪਿਆਰਾ ਕਰਨ ਹਿੱਤ ਦਿਲਚਸਪ ਲੇਖ ਇਸ ਵਰਗ ਵਿੱਚ ਰੱਖੇ ਜਾਂਦੇ ਹਨ।

**9. ਮਾਨਵੀ ਦਿਲਚਸਪੀ ਲੇਖ (Human Interest Feature):** ਮਾਨਵੀ ਦਿਲਚਸਪੀ ਉਂਜ ਤਾਂ ਹਰ ਵਿਸ਼ੇ ਅਤੇ ਹਰ ਵਰਗ ਵਿੱਚ ਪਾਈ ਜਾਂਦੀ ਹੈਂ ਪਰ ਕੁੱਝ ਵਿਸ਼ੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਮਾਨਵੀ ਦਿਲਚਸਪੀ ਦੇ ਤੱਥਾਂ ਦੀ ਭਰਮਾਰ ਹੁੰਦੀ ਹੈ। ਇਸ ਤਰ੍ਹਾਂ ਦੇ ਫੀਚਰਾਂ ਵਿੱਚ ਮਾਸੂਮੀਅਤ, ਭੋਲਾਪਨ ਅਤੇ ਮਾਨਵੀ ਭਾਵਨਾਵਾਂ ਵਾਲਾ ਤੱਤ ਉਜ਼ਾਗਰ ਹੁੰਦਾ ਹੈ। ਜਿਵੇਂ ਕਿਸੇ ਮਾਸੂਮ ਬੱਚੇ ਦਾ ਸੱਪ ਨੂੰ ਹੱਥ ਵਿੱਚ ਫੜ੍ਹ ਕੇ ਉਸ ਨਾਲ ਖੇਡਣਾ ਜਾਂ ਰੇਲ ਗੱਡੀ ਦੀਆਂ ਲਾਈਨਾਂ ਵਿਚਕਾਰ ਵੇਖ ਕੇ ਗੱਡੀ ਨੂੰ ਨਿਹਾਰਨਾ, ਮਨੁੱਖੀ ਦਿਲਚਸਪੀ ਦੀਆਂ ਖੂਬਸੂਰਤ ਉਦਾਹਰਨਾਂ ਹਨ। ਇਸੇ ਤਰ੍ਹਾਂ ਮਨੁੱਖ ਦੀ ਦਿਲਚਸਪੀ ਪਸ਼ੂ ਜਾਂ ਪੰਛੀਆਂ ਵਿੱਚ ਵੀ ਨਜਰ ਆਉਂਦੀ ਹੈ। ਕੁੱਤੀ ਦੇ ਵੱਲੋਂ ਸ਼ੇਰਣੀ ਦੇ ਬੱਚੇ ਨੂੰ ਦੁੱਧ ਚੁੰਘਾਣਾ ਅਤੇ ਆਪਣੇ ਬੱਚਿਆਂ ਨਾਲ ਪਾਲਣਾ ਵੀ ਮਾਨਵੀ ਦਿਲਚਸਪੀ ਫੀਚਰ ਦੀ ਸਪੱਸ਼ਟ ਉਦਾਹਰਨ ਹੈ। ਨੁਕਤਾ

ਸਪੱਸ਼ਟ ਹੈ ਕਿ ਜੋ ਵਿਸ਼ੇ, ਗੱਲਾਂ, ਦ੍ਰਿਸ਼ਾਂ ਅਤੇ ਘਟਨਾਵਾਂ ਮਨੁੱਖ ਨੂੰ ਸੁਭਾਵਕ ਤੌਰ ਤੇ ਖਿਚਦੇ ਹਨ, ਉਹ ਮਾਨਵੀ ਦਿਲਚਸਪੀ ਫੀਚਰ ਦੇ ਵਿਸ਼ੇ ਹੁੰਦੇ ਹਨ।

**10. ਭਵਿੱਖੀ ਫੀਚਰ (Predictive Feature):** ਮਨੁੱਖ ਦੀ ਦਿਲਚਸਪੀ ਭਵਿੱਖ ਵਿੱਚ ਵਾਪਰਣ ਵਾਲੀਆਂ ਘਟਨਾਵਾਂ ਅਤੇ ਆਉਣ ਵਾਲੇ ਸਮੇਂ ਦੀਆਂ ਵਿਕਾਸ ਯੋਜਨਾਵਾਂ ਅਤੇ ਭਵਿੱਖ ਵਿੱਚ ਨਿਕਲਣ ਵਾਲੇ ਸੰਭਾਵਤ ਨਤੀਜਿਆਂ ਵਿੱਚ ਕਾਫ਼ੀ ਹੁੰਦੀ ਹੈ। ਮਿਸਾਲ ਦੇ ਤੌਰ ਤੇ ਆਜ਼ਾਦੀ ਤੋਂ ਬਾਅਦ ਬਿਜਲੀ ਦੀ ਹਮੇਸ਼ਾ ਘਾਟ ਰਹੀ ਹੈ ਪਰੰਤੂ ਸਰਕਾਰ ਵੱਲੋਂ ਐਲਾਨੇ ਗਏ ਚਾਰ ਥਰਮਲ ਪਲਾਂਟਾਂ ਤੋਂ ਬਾਅਦ ਕੀ ਸਚਮੁੱਚ ਬਿਜਲੀ ਵਾਧੂ ਹੋ ਜਾਵੇਗੀ ਜਾਂ ਕੀ ਫੁਟਕਲ ਜਾਂ ਰਿਟੇਲ ਵਿੱਚ ਬਾਹਰੀ ਨਿਵੇਸ਼ ਨਾਲ ਦੇਸ਼ ਨੂੰ ਆਰਥਿਕ ਤੌਰ ਤੇ ਵੱਡਾ ਫਾਇਦਾ ਹੋਵੇਗਾ ਜਾਂ ਬੇਰੁਜ਼ਗਾਰੀ ਵਧੇਗੀ। ਅਜਿਹੇ ਫੀਚਰ ਅਗਾਊਂ ਜਾਂ ਭਵਿੱਖੀ ਫੀਚਰ ਦੇ ਵਰਗ ਵਿੱਚ ਆਉਂਦੇ ਹਨ।

**11. ਕੈਲੰਡਰ ਫੀਚਰ (Calendar Feature):** ਸਾਲ ਦੇ ਬਾਰਾਂ ਮਹੀਨੇ ਅਤੇ ਹਰ ਮਹੀਨੇ ਦੇ ਇੱਕ ਵੱਖਰੀ ਮਹੱਤਤਾ ਸੁਭਾਵਕ ਤੌਰ ਤੇ ਹੀ ਹੁੰਦੀ ਹੈ। ਭਾਵੇਂ ਉਸ ਮਹੱਤਤਾ ਦਾ ਕਾਰਨ ਇਤਿਹਾਸਕ ਹੋਵੇ ਜਾਂ ਫੇਰ ਮੌਸਮੀ ਹਰ ਮਹੀਨੇ ਵਿੱਚ ਕੋਈ ਨਾਂ ਕੋਈ ਦਿਨ ਵੀ ਵਿਸ਼ੇਸ਼ ਮਹੱਤਤਾ ਵਾਲਾ ਹੁੰਦਾ ਹੈ ਜਿਵੇਂ –14 ਫਰਵਰੀ 'ਵੈਲਨਟਾਇਨ ਡੇਅ', 5 ਸਤੰਬਰ 'ਅਧਿਆਪਕ ਦਿਵਸ', 'ਕਦੇ ਫਰੈਂਡਸ ਡੇਅ', 'ਮਦਰਜ਼ ਡੇਅ', 'ਚਿਲਡਰਨ ਡੇਅ','ਪ੍ਰੈਸ ਡੇਅ' ਆਦਿ ਇਹ ਲੜੀ ਸਾਰਾ ਸਾਲਾ ਚਲਦੀ ਰਹਿੰਦੀ ਹੈ। ਇਨ੍ਹਾਂ ਦਿਨਾਂ ਦੀ ਮਹੱਤਤਾ ਸੰਬੰਧੀ ਲਿਖੇ ਗਏ ਫੀਚਰਾਂ ਨੂੰ ਅਸੀਂ ਕੈਲੰਡਰ ਫੀਚਰ ਦੇ ਵਰਗ ਵਿਚ ਰੱਖ ਸਕਦੇ ਹਾਂ।

**12. ਮਿਡਲ (Middle):** ਸਮਾਚਾਰ ਪੱਤਰ ਵਿਚ ਆਰਟੀਕਲ ਅਤੇ ਸੰਪਾਦਕੀ ਪੱਤਰਾਂ ਦੇ ਵਿਚਕਾਰ ਜੋ ਫੀਚਰ ਛੱਪਦਾ ਹੈ, ਉਸ ਨੂੰ ਆਪਣੀ ਪ੍ਰਕਾਸ਼ਿਤ ਹੋਣ ਵਾਲੀ ਜਗ੍ਹਾਂ (Placement) ਕਾਰਨ, ਮਿਡਲ ਕਹਿ ਦਿੱਤਾ ਜਾਂਦਾ ਹੈ। ਅਸਲ ਵਿੱਚ ਮਿਡਲ ਫੀਚਰ ਦੀ ਉਹ ਕਿਸਮ ਹੈ ਜਿਸ ਵਿੱਚ ਫੀਚਰ ਲੇਖਕ ਆਪਣੇ ਤਜ਼ਰਬੇ ਪਾਠਕਾਂ ਨਾਲ ਸਾਂਝੇ ਕਰਦਾ ਹੈ। ਜ਼ਿਆਦਾਤਰ ਮਿਡਲ ਲੇਖਾਂ ਵਿਚ ਲੇਖਕਾਂ ਦੀ ਅਨੁਭੂਤੀ ਅਤੇ ਨਿੱਜੀ ਤਜ਼ਰਬਿਆਂ ਦਾ ਵਰਨਣ ਕੀਤਾ ਹੁੰਦਾ ਹੈ। ਸਭ ਤੋਂ ਜ਼ਿਆਦਾ ਗਿਣਤੀ ਵਿਚ ਇਸ ਤਰ੍ਹਾਂ ਦੇ ਫੀਚਰ ਹੀ ਛਪਦੇ ਹਨ। ਜਿੱਥੇ ਇਹ ਮਿਡਲ ਸੰਪਾਦਕੀ ਪੰਨੇ ਦੇ ਪਾਠਕ ਨੂੰ ਗੰਭੀਰ ਸਮੱਗਰੀ ਤੋਂ ਥੋੜਾ ਅਰਾਮ ਦਿਵਾਉਂਦੇ ਹਾਂ, ਉੱਥੇ ਇਹ ਦਿਲਚਸਪ ਅਤੇ ਜਾਣਕਾਰੀ ਭਰਪੂਰ ਸਮੱਗਰੀ ਵੀ ਮੁਹੱਇਆ ਕਰਾਉਂਦੇ ਹਨ।

**13. ਵਿਚਾਰ ਟੋਟੇ (Think Piece):** ਜ਼ਿੰਦਗੀ ਵਿੱਚ ਅਨੇਕਾਂ ਮੁਸ਼ਕਲਾਂ ਅਤੇ ਪੇਚੀਦਾ ਮਸਲੇ ਹਨ ਅਤੇ ਇਨ੍ਹਾਂ ਮਸਲਿਆ ਦੇ ਸਮਾਧਾਨ ਲਈ ਪਾਠਕ ਅਗਵਾਈ ਭਾਲਦਾ ਹੈ। ਉਹ ਆਪਣੀ ਕੋਈ ਰਾਏ ਕਾਇਮ ਕਰਨੀ ਚਾਹੁੰਦਾ ਹੈ। ਬੱਚਿਆਂ ਨੂੰ ਨਸ਼ਿਆਂ ਤੋਂ ਕਿਵੇਂ ਬਚਾਇਆ ਜਾਵੇਂ? ਪ੍ਰੇਮ ਵਿਆਹ ਅਤੇ ਅੰਤਰ–ਜਾਤੀ ਵਿਆਹ ਕਿੰਨਾ 'ਕੁ ਜਾਇਜ਼ ਹੁੰਦਾ ਹੈ? ਵਿਆਹ ਤੋਂ ਪਹਿਲਾ ਪ੍ਰੇਮ ਸੰਬੰਧਾਂ ਨੂੰ ਪ੍ਰਵਾਨਗੀ ਦੇਣੀ ਕਿੰਨੀ 'ਕੁ ਜਾਇਜ਼ ਹੈ? ਅਜਿਹੇ ਅਨੇਕਾਂ ਮਸਲੇ ਹਨ ਜਿਨ੍ਹਾਂ ਬਾਰੇ ਫੀਚਰ ਲੇਖਕ ਆਪਣੇ ਵਿਚਾਰ ਆਪਣੇ ਲੇਖ ਵਿੱਚ ਦਿੰਦਾ ਹੈ ਅਜਿਹੇ ਲੇਖਾਂ ਨੂੰ ਵਿਚਾਰ–ਟੋਟੇ ਕਿਹਾ ਜਾਂਦਾ ਹੈ।

ਫੀਚਰਾਂ ਦੀ ਉਪਰੋਕਤ ਵਰਗ–ਵੰਡ ਤੋਂ ਇਲਾਵਾ ਇਕ ਹੋਰ ਤਰੀਕਾ ਵੀ ਫੀਚਰਾਂ ਦੀ ਕਿਸਮਾਂ ਨੂੰ ਸਮਝਣ ਲਈ ਵਰਤਿਆ ਜਾਂਦਾ ਹੈ ਉਹ ਹੈ ਫੀਚਰਾਂ ਦੀ ਵਿਸ਼ੇ ਦੇ ਆਧਾਰ ਦੇ ਵੰਡ। ਮਿਸਾਲ ਵੱਜੋਂ ਖੇਤੀ–ਬਾੜੀ

ਵਿਸ਼ੇ ਸਬੰਧੀ ਜਾਣਕਾਰੀ ਦੇਣ ਵਾਲੇ ਫੀਚਰ ਖੇਤੀ-ਬਾੜੀ ਫੀਚਰ ਕਹੇ ਜਾਂਦੇ ਹਨ, ਖੇਡ ਨਾਲ ਸਬੰਧਤ ਜਾਣਕਾਰੀ ਦੇਣ ਵਾਲੇ ਖੇਡ ਫੀਚਰ ਅਤੇ ਜੰਗਲੀ ਜੀਵਨ ਬਾਰੇ ਗੱਲ ਕਰਨ ਵਾਲੇ ਵਾਈਲਡ ਲਾਇਫ਼ ਫੀਚਰ ਕਹੇ ਜਾਂਦੇ ਹਨ ਅਤੇ ਇਸੇ ਵਿਕਾਸ ਸਬੰਧੀ ਗੱਲ ਕਰਨ ਵਾਲੇ ਫੀਚਰ ਵਿਕਾਸਮੁੱਖੀ ਫੀਚਰ ਕਹੇ ਜਾਂਦੇ ਹਨ।

## ਖ਼ਬਰ

ਖ਼ਬਰ ਨਿਊਜ਼ ਅਤੇ ਸਮਾਚਾਰ ਸ਼ਬਦ ਕਿਸੇ ਵੀ ਘਟਨਾ ਸਬੰਧੀ ਸੂਚਨਾ ਦੇ ਸਮਾਨਅਰਥਕ ਸ਼ਬਦ ਹਨ। ਖ਼ਬਰ ਜਾਂ ਸਮਾਚਾਰ ਬਾਰੇ ਬਹੁਤ ਸਾਰੀਆਂ ਕੋਸ਼ਗਤ ਜਾਂ ਵਿਅਕਤੀਗਤ ਪ੍ਰੀਭਾਸ਼ਾਵਾਂ ਉਪਲੱਬਧ ਹਨ ਪ੍ਰੰਤੂ ਉਹਨਾਂ ਸਾਰੀਆਂ ਉਪਰ ਨਜ਼ਰ ਮਾਰਿਆ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਖ਼ਬਰ ਜਾਂ ਸਮਾਚਾਰ ਬਾਰੇ ਕੋਈ ਵੀ ਪ੍ਰੀਭਾਸ਼ਾ ਮੁਕੰਮਲ ਨਹੀਂ ਹੈ ਇਸਦਾ ਇੱਕ ਕਾਰਨ ਤਾਂ ਖ਼ਬਰ ਨੂੰ ਮਾਧਿਅਮਾਂ ਦੇ ਹਿਸਾਬ ਨਾਲ ਅਲੱਗ-ਅਲੱਗ ਨਜ਼ਰ ਤੋਂ ਵਾਚਣਾ ਹੈ। ਦੂਸਰੀ ਮੁਸ਼ਕਿਲ ਇਹ ਹੈ ਕਿ ਹਰ ਵਿਅਕਤੀ ਦਾ ਖ਼ਬਰ ਸਬੰਧੀ ਨਜ਼ਰੀਆਂ ਅਲੱਗ-ਅਲੱਗ ਹੁੰਦਾ ਹੈ ਜਿਸ ਕਾਰਨ ਕੋਈ ਵੀ ਪ੍ਰੀਭਾਸ਼ਾ ਖ਼ਬਰ ਦੇ ਸਹੀ ਭਾਵ ਜਾਂ ਕਾਰਜ ਨੂੰ ਪੇਸ਼ ਨਹੀਂ ਕਰ ਸਕਦੀ ਇਸ ਦੇ ਬਾਵਜੂਦ ਵੀ ਜੇਕਰ ਅਸੀਂ ਖ਼ਬਰ ਦੇ ਅਰਥਾਂ ਦੀ ਗੱਲ ਕਰਨੀ ਹੋਵੇ ਤਾਂ ਸਾਡੇ ਆਲੇ-ਦੁਆਲੇ ਵਿਚ ਵਾਪਰਨ ਵਾਲੀ ਹਰ ਘਟਨਾ ਖ਼ਬਰ ਹੈ ਚਾਹੇ ਉਹ ਘਟਨਾ ਬੁਰੀ ਹੋਵੇ ਚਾਹੇ ਚੰਗੀ। ਇਸਦਾ ਅਰਥ ਇਹ ਹੋਇਆ ਕਿ ਖ਼ਬਰ ਹਰ ਉਹ ਨਵੀਨ ਜਾਣਕਾਰੀ ਹੈ ਜੋ ਮਨੁੱਖੀ ਦਿਲਚਸਪੀ ਦੇ ਘੇਰੇ ਵਿਚ ਆਉਂਦੀ ਹੈ।

ਖ਼ਬਰ ਸਬੰਧੀ ਬਹੁਤ ਸਾਰੀਆਂ ਪ੍ਰੀਭਾਸ਼ਵਾਂ ਮਿਲਦੀਆਂ ਹਨ ਜਿਹਨਾਂ ਵਿੱਚੋਂ ਕੁੱਝ ਚੋਣਵੀਆਂ ਪ੍ਰੀਭਾਸ਼ਾਵਾਂ ਹੇਠ ਲਿਖੀਆਂ ਹਨ:-

1. ਖ਼ਬਰ ਉਹ ਸੱਚਾਈ ਹੈ ਜਿਸਦਾ ਤੁਹਾਨੂੰ ਕੱਲ੍ਹ ਤੱਕ ਕੁੱਝ ਪਤਾ ਨਹੀਂ ਸੀ।
2. ਅਖ਼ਬਾਰ ਵਿਚ ਛਪੇ ਪਾਠਕਾਂ ਲਈ ਤੱਤਕਾਲੀਨ ਦਿਲਚਸਪੀ, ਮੱਹਤਵ ਵਾਲੇ ਤੱਥਾਂ ਅਤੇ ਘਟਨਾਵਾਂ ਦਾ ਸੰਗ੍ਰਹਿ ਖ਼ਬਰ ਹੈ।
3. ਖ਼ਬਰ ਉਹ ਘਟਨਾ, ਵਿਚਾਰ ਜਾਂ ਰਾਏ ਹੈ ਜਿਹੜੀ ਸਮੇਂ ਸਿਰ ਬਿਆਨੀ ਗਈ ਹੋਵੇ ਅਤੇ ਜਿਹੜੀ ਖਾਸ ਜਨਤਾ ਦੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੋਵੇ।

ਇੱਕ ਸਿਧਾਂਤ ਅਨੁਸਾਰ ਜੋ ਕੁੱਝ ਵੀ ਨਵਾਂ ਹੈ ਉਹ ਖ਼ਬਰ ਹੈ। ਇਸ ਸਿਧਾਂਤ ਅਨੁਸਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਨਿਊਜ਼ (News) ਜਿਸਦਾ ਅਰਥ ਵੀ ਨਵਾਂ, ਤਾਜ਼ਾ ਬਣਦਾ ਹੈ, ਵੀ New ਦਾ ਬਹੁਵਾਚੀ ਹੈ।

ਉਪਰੋਕਤ ਪ੍ਰੀਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਕਿ ਹਰ ਵਾਪਰਨ ਵਾਲੀ ਘਟਨਾ ਜਾਂ ਵਰਤਾਰਾ ਜਿਸ ਵਿਚ ਤਾਜ਼ਾਪਨ, ਸੱਜਰਾਪਣ ਹੋਵੇ, ਜੋ ਤੱਥਾਂ ਅਧਾਰਿਤ ਹੋਵੇ ਅਤੇ ਲੋਕਾਂ ਦੀ ਦਿਲਚਸਪੀ ਵਿਚ ਆਉਂਦੀ ਹੋਵੇ ਉਹ ਖ਼ਬਰ ਹੈ। ਖ਼ਬਰ ਲਿਖਣਾ ਵੀ ਇੱਕ ਹੁਨਰ ਹੈ ਜਿਸ ਲਈ ਲਿਖਣ ਵਾਲੇ ਨੇ ਬਹੁਤ ਸਾਰੇ ਨੁਕਤਿਆਂ ਦਾ ਧਿਆਨ ਰੱਖਣਾ ਹੁੰਦਾ ਹੈ ਤਾਂ ਜੋ ਪਾਠਕਾਂ ਤੱਕ ਸੂਚਨਾ ਜਾਂ ਗਿਆਨ ਸੌਖੇ ਅਤੇ ਸਹੀ ਰੂਪ ਵਿਚ ਪਹੁੰਚ ਸਕੇ।

### ਖ਼ਬਰਾਂ ਦੀਆਂ ਵਿਸ਼ੇਸ਼ਤਾਵਾਂ

1. ਤੱਥ ਅਧਾਰਿਤ:- ਖ਼ਬਰ ਹਮੇਸ਼ਾ ਤੱਥਾਂ ਤੇ ਅਧਾਰਿਤ ਹੁੰਦੀ ਹੈ। ਖ਼ਬਰ ਲਿਖਣ ਸਮੇਂ ਕਲਪਨਾ ਲਈ ਕੋਈ ਜਗ੍ਹਾ ਨਹੀਂ ਹੁੰਦੀ ਇਸ ਲਈ ਰਿਪੋਰਟਰ ਦਾ ਇਹ ਫਰਜ਼ ਬਣਦਾ ਹੈ ਕਿ ਹਮੇਸ਼ਾ ਸਹੀ ਤੱਥਾਂ ਨੂੰ ਪੇਸ਼ ਕਰੇ ਅਤੇ ਤੱਥਾਂ ਨੂੰ ਤੋੜਨਾ, ਘਟਾਉਣਾ ਵਧਾਉਣਾ ਉਸਦੀ ਨੈਤਿਕ ਜ਼ਿੰਮੇਵਾਰੀ ਵਿਰੁੱਧ ਹੁੰਦਾ ਹੈ।
2. ਨਿਰਪੱਖਤਾ:- ਖ਼ਬਰ ਲਿਖਣ ਲਈ ਨਿਰਪੱਖਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਜ਼ਰੂਰੀ ਹੈ ਕਿ ਖ਼ਬਰ ਹਮੇਸ਼ਾ ਸਹੀ ਤੱਥਾਂ ’ਤੇ ਅਧਾਰਿਤ ਹੋਵੇ ਅਤੇ ਪੱਖ ਪਾਤ ਤੋਂ ਬਚਿਆ ਜਾਵੇਂ।

3. ਸੰਤੁਲਿਤ:- ਚੰਗੀ ਖ਼ਬਰ ਉਹ ਹੁੰਦੀ ਹੈ ਜਿਸ ਵਿਚ ਸਾਰੀਆਂ ਧਿਰਾਂ ਨੂੰ ਬਰਾਬਰ ਦੀ ਮਹੱਤਤਾ ਦਿੱਤੀ ਜਾਏ। ਜਿਸ ਨਾਲ ਪਾਠਕਾਂ ਦੇ ਵਿਚ ਅਖ਼ਬਾਰ ਦੀ ਪੈਂਠ ਵਧਦੀ ਹੈ।
4. ਸੰਪੂਰਨਤਾ:- ਕਿਸੇ ਵੀ ਖ਼ਬਰ ਦਾ ਸੰਪੂਰਨ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਅਧੂਰੀ ਜਾਣਕਾਰੀ ਅਧਾਰਿਤ ਖ਼ਬਰ ਦਿਸ਼ਾਹੀਣ ਹੁੰਦੀ ਹੈ ਇਸ ਲਈ ਸੰਪੂਰਨਤਾ ਜ਼ਰੂਰੀ ਹੈ।
5. ਸੰਖੇਪਤਾ:- ਕਿਸੇ ਵੀ ਖ਼ਬਰ ਦੇ ਸੰਪੂਰਨ ਹੋਣ ਦੇ ਨਾਲ-ਨਾਲ ਉਸਨੂੰ ਸੰਖੇਪ ਵਿਚ ਲਿਖਣਾ ਬਹੁਤ ਜ਼ਰੂਰੀ ਹੁੰਦਾ ਹੈ ਤਾਂ ਜੋ ਸੂਚਨਾ ਸਾਫ਼ ਅਤੇ ਸਪੱਸ਼ਟ ਰੂਪ ਵਿਚ ਪਾਠਕ ਤੱਕ ਪਹੁੰਚ ਸਕੇ।
6. ਖ਼ਬਰ ਦੀ ਭਾਸ਼ਾ:- ਖ਼ਬਰਾਂ ਲਿਖਣ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਇਸਨੂੰ ਸੌਖੀ ਸ਼ਬਦਾਵਲੀ ਵਿਚ ਲਿਖਿਆ ਜਾ ਸਕੇ ਤਾਂ ਜੋ ਹਰ ਪਾਠਕ ਨੂੰ ਗੱਲ ਸਮਝ ਆ ਸਕੇ ਇਸ ਤੋਂ ਇਲਾਵਾ ਖ਼ਬਰ ਲਿਖਦੇ ਸਮੇਂ ਕਿਸੇ ਧਰਮ, ਜਾਤ ਜਾਂ ਸਮਾਜ ਨਾਲ ਸਬੰਧਿਤ ਲੋਕਾਂ ਦੇ ਜ਼ਜ਼ਬਾਤਾਂ ਵਿਰੁੱਧ ਲਿਖਣ ਤੋਂ ਬਚਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਠੇਸ ਨਾ ਪਹੁੰਚੇ।

## ਖ਼ਬਰਾਂ ਦੇ ਤੱਤ

ਖ਼ਬਰ ਦੀ ਇਕ ਮੁਕੰਮਲ ਪ੍ਰੀਭਾਸ਼ਾ ਨਾ ਮਿਲਣ ਵਾਂਗ ਹੀ ਖ਼ਬਰ ਦੇ ਮੂਲ ਤੱਤਾਂ ਬਾਰੇ ਵੀ ਮੱਤ ਭੇਦ ਚੱਲੇ ਆ ਰਹੇ ਹਨ ਪ੍ਰੰਤੂ ਕੁੱਝ ਖੋਜਕਾਰਾਂ ਦੁਆਰਾ ਸਾਂਝੇ ਕੁੱਝ ਤੱਤ ਪੇਸ਼ ਕੀਤੇ ਹਨ ਜਿਹਨਾਂ ਦੁਆਰਾ ਜਾਣਕਾਰੀ ਨੂੰ ਖ਼ਬਰ ਵਿਚ ਤਬਦੀਲ ਕੀਤਾ ਜਾਂਦਾ ਹੈ ਇਹ ਤੱਤ ਹੇਠ ਲਿਖੇ ਹਨ:-

### 1. ਸਮਾਂ ਅਨੁਕੂਲਤਾ:-

ਪਾਠਕਾਂ ਲਈ ਖਿੱਚ ਦਾ ਕੇਂਦਰ ਹਮੇਸ਼ਾ ਤਾਜ਼ੀਆਂ ਅਤੇ ਸੱਜਰੀਆਂ ਖ਼ਬਰਾਂ ਹੀ ਬਣਦੀਆਂ ਹਨ ਇਸ ਲਈ ਜ਼ਰੂਰੀ ਹੈ ਕਿ ਕੋਈ ਵੀ ਘਟਨਾ ਵਾਪਰਨ ਤੋਂ ਘੱਟ ਤੋਂ ਘੱਟ ਸਮੇਂ ਵਿਚ ਪ੍ਰਕਾਸ਼ਿਤ ਹੋਣੀ ਚਾਹੀਦੀ ਹੈ ਭਾਵ ਜਿੰਨੀ ਜਿਲਦੀ ਉਹ ਪਾਠਕਾਂ ਤੱਕ ਪਹੁੰਚੇਗੀ ਉਹਨੀ ਹੀ ਉਹ ਵੱਧ ਪੜ੍ਹੀ ਜਾਵੇਗੀ। ਇਸ ਲਈ ਸਮੇਂ ਸਿਰ ਖ਼ਬਰ ਛਾਪਣਾ ਜ਼ਰੂਰੀ ਹੈ ਇਸ ਨਾਲ ਉਸਦੀ ਅਹਿਮੀਅਤ ਬਣੀ ਰਹਿੰਦੀ ਹੈ।

### 2. ਨੇੜਤਾ:-

ਨੇੜਤਾ ਤੋਂ ਭਾਵ ਇਹ ਹੈ ਕਿ ਪਾਠਕ ਦੀ ਜਿੰਨੀ ਜ਼ਿਆਦਾ ਘਟਨਾ ਸਥਾਨ, ਘਟਨਾ ਵਸਤੂ ਨਾਲ ਨੇੜਤਾ ਹੋਵੇਗੀ ਉਹਨਾਂ ਹੀ ਉਸ ਨਾਲ ਸਬੰਧਿਤ ਖ਼ਬਰ ਪੜ੍ਹਨ ਵਿਚ ਦਿਲਚਸਪੀ ਹੋਵੇਗੀ ਇਹ ਨੇੜਤਾ ਭੂਗੋਲਿਕ, ਜ਼ਜਬਾਤੀ ਦੋਨੋਂ ਤਰ੍ਹਾਂ ਦੀ ਹੋ ਸਕਦੀ ਹੈ।

### 3. ਅਹਿਮੀਅਤ:-

ਜੋ ਖ਼ਬਰ ਵੱਡੀ ਗਿਣਤੀ ਲੋਕਾਂ ਉੱਪਰ ਪ੍ਰਭਾਵ ਪਾਉਂਦੀ ਹੈ ਉਸ ਵਿਚ ਸੁਭਾਵਿਕ ਤੌਰ ’ਤੇ ਹੀ ਅਹਿਮੀਅਤ ਵਾਲਾ ਤੱਤ ਹੁੰਦਾ ਹੈ ਜੋ ਖ਼ਬਰ ਸਮੁੱਚੇ ਜਨ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ ਉਸ ਦਾ ਸਭ ਤੋਂ ਮੁੱਢਲੇ ਪੰਨੇ ਤੇ ਆਉਣਾ ਲਾਜ਼ਮੀ ਹੁੰਦਾ ਹੈ।

### 4. ਆਮ ਦਿਲਚਸਪੀ:-

5. ਕੁੱਝ ਖ਼ਬਰਾਂ ਸਮਾਜ ਵਿਚ ਵੱਡੀ ਗਿਣਤੀ ਦੇ ਲੋਕਾਂ ਲਈ ਦਿਲਚਸਪੀ ਦਾ ਕਾਰਨ ਬਣਦੀਆਂ ਹਨ ਅਜਿਹੀਆਂ ਖ਼ਬਰਾਂ ਆਮ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਰਸੋਈ ਗੈਸ, ਪੈਟਰੋਲ ਦੀ ਕੀਮਤ ਵੱਧਣ ਨਾਲ ਸਬੰਧਿਤ ਖ਼ਬਰ।

**6. ਉੱਘਾਪਣ:-**

ਉੱਘੀਆਂ ਸਖਸ਼ੀਅਤਾਂ ਹਮੇਸ਼ਾ ਖ਼ਬਰਾਂ ਦਾ ਕੇਂਦਰ ਬਣਦੀਆਂ ਹਨ। ਉਹਨਾਂ ਨਾਲ ਸਬੰਧਿਤ ਜਾਣਕਾਰੀ ਖ਼ਬਰ ਦੀ ਸਮੱਗਰੀ ਬਣਦੀ ਹੈ ਜੋ ਅਖ਼ਬਰਾਂ ਦੀ ਸ਼ਾਨ ਬਣਦੀ ਹੈ।

ਇਹਨਾਂ ਤੋਂ ਬਿਨ੍ਹਾਂ ਕੁੱਝ ਹੋਰ ਤੱਤ ਵੀ ਹਨ ਜਿਵੇਂ:- ਜ਼ੁਰਮ, ਮੌਸਮ, ਮੰਨੋਰਜਨ, ਖੇਡਾਂ ਸਿਹਤ ਆਦਿ। ਇਹਨਾਂ ਨਾਲ ਸਬੰਧਿਤ ਜਾਣਕਾਰੀ ਤੋਂ ਖ਼ਬਰਾਂ ਬਣਦੀਆਂ ਹਨ।

**ਖ਼ਬਰਾਂ ਦੀਆਂ ਕਿਸਮਾਂ**

## ਭੋਗੂਲਿਕ ਪੱਧਰ ਉੱਪਰ ਕਿਸਮਾਂ

**1. ਅੰਤਰਰਾਸ਼ਟਰੀ ਖ਼ਬਰਾਂ:-**

ਜੋ ਖ਼ਬਰਾਂ ਆਪਣੇ ਦੇਸ਼ ਤੋਂ ਇਲਾਵਾ ਹੋਰ ਬਾਹਰਲੇ ਮੁਲਕਾਂ ਨਾਲ ਸਬੰਧਿਤ ਹੋਣ ਉਹ ਅੰਤਰਰਾਸ਼ਟਰੀ ਖ਼ਬਰਾਂ ਹੁੰਦੀਆਂ ਹਨ। ਜਿਵੇਂ ਸੰਯੁਕਤ ਰਾਸ਼ਟਰ ਸੰਘ ਦੁਆਰਾ ਲਏ ਫੈਸਲੇ

**2. ਰਾਸ਼ਟਰੀ ਖ਼ਬਰਾਂ:-**

ਜੋ ਖ਼ਬਰਾਂ ਸਾਰੇ ਦੇਸ਼ ਵਿਚ ਮਹੱਤਤਾ ਰੱਖਦੀਆਂ ਹੋਣ ਭਾਵ ਸਾਰੇ ਦੇਸ਼ ਨਾਲ ਸਬੰਧਿਤ ਹੋਣ ਅਤੇ ਸਾਰੇ ਦੇਸ਼ ਵਿਚ ਪੜ੍ਹੀਆਂ ਜਾਂਦੀਆਂ ਹੋਣ ਉਹਨਾਂ ਨੂੰ ਰਾਸ਼ਟਰੀ ਖ਼ਬਰਾਂ ਕਿਹਾ ਜਾਂਦਾ ਹੈ। ਜਿਵੇਂ ਜੀ. ਐਸ. ਟੀ. ਨਾਲ ਸਬੰਧਿਤ ਖ਼ਬਰਾਂ।

**3. ਪ੍ਰਾਂਤਕ ਖ਼ਬਰਾਂ:-**

ਜੋ ਖ਼ਬਰਾਂ ਇਕ ਸੂਬੇ ਤੱਕ ਸੀਮਤ ਹੋਣ ਉਹਨਾਂ ਨੂੰ ਪ੍ਰਾਂਤਕ ਖ਼ਬਰਾਂ ਕਿਹਾ ਜਾਂਦਾ ਹੈ ਜਿਵੇਂ ਪੰਜਾਬ ਦੀ ਕੈਬਨਿਟ ਮੰਤਰੀ ਮੰਡਲ ਵੱਲੋਂ ਲਿਆ ਕੋਈ ਫੈਸਲਾ।

**4. ਸਥਾਨਿਕ ਖ਼ਬਰਾਂ:-**

ਜੋ ਖ਼ਬਰਾਂ ਅਖ਼ਬਾਰ ਦੇ ਛਪਣ ਵਾਲੇ ਏਰੀਏ ਨਾਲ ਸਬੰਧਤ ਹੋਣ ਅਤੇ ਉਸ ਸਬੰਧਿਤ ਪੰਨੇ ਉੱਪਰ ਹੀ ਛਪਣ ਉਹ ਸਥਾਨਕ ਖ਼ਬਰਾਂ ਹੁੰਦੀਆਂ ਹਨ ਜਿਵੇਂ ਬਠਿੰਡਾ ਮਾਨਸਾ ਬਾਣੀ ਉੱਪਰ ਛਪੀ ਖ਼ਬਰ।

ਖ਼ਬਰਾਂ ਨੂੰ ਅਸੀਂ ਸਮਾਨੁਕੂਲਤਾ ਦੇ ਅਧਾਰ ਤੇ ਵੀ ਦੋ ਭਾਗਾਂ ਵਿਚ ਵੰਡ ਸਕਦੇ ਹਾਂ।

**1. ਹਾਰਡ ਨਿਊਜ਼:-**

ਹਾਰਡ ਨਿਊਜ਼ ਉਹਨਾਂ ਖ਼ਬਰਾਂ ਨੂੰ ਕਿਹਾ ਜਾਂਦਾ ਹੈ ਜਿਹਨਾਂ ਉੱਪਰ ਸਮੇਂ ਦੀ ਪਾਬੰਦੀ ਹੁੰਦੀ ਹੈ ਭਾਵ ਉਹਨਾਂ ਦਾ ਰੋਜ਼ਾਨਾ ਅਖ਼ਬਾਰ ਵਿਚ ਛਪਣਾ ਜ਼ਰੂਰੀ ਹੁੰਦਾ ਹੈ ਇਹਨਾਂ ਨੂੰ ਕਿਸੇ ਵੀ ਹਾਲਾਤ ਵਿਚ ਲੇਟ ਨਹੀਂ ਕੀਤਾ ਜਾ ਸਕਦਾ ਉਦਾਹਰਨ ਵਜੋਂ:- ਆਉਣ ਵਾਲੀ ਮੌਸਮ ਤਬਦੀਲੀ ਖ਼ਬਰ।

**2. ਸੋਫ਼ਟ ਨਿਊਜ਼ (Soft News):-**

ਇਸ ਵਰਗ ਵਿਚ ਉਹ ਖ਼ਬਰਾਂ ਆ ਜਾਂਦੀਆਂ ਹਨ ਜਿਹਨਾਂ ਦੇ ਛਪਣ ਉੱਪਰ ਸਮੇਂ ਦੀ ਪਾਬੰਦੀ ਨਹੀਂ ਹੁੰਦੀ ਭਾਵ ਇਹਨਾਂ ਨੂੰ ਕੁੱਝ ਸਮੇਂ ਲਈ ਅੱਗੇ ਪਾਇਆ ਜਾ ਸਕਦਾ ਹੈ ਇਹਨਾਂ ਨੂੰ ਜਲਦੀ ਪ੍ਰਕਾਸ਼ਿਤ ਕਰਨ ਲਈ ਮਜ਼ਬੂਰੀ ਨਹੀਂ ਹੁੰਦੀ।

## ਲਿਖਣ ਸ਼ੈਲੀ ਦੇ ਆਧਾਰ ਤੇ ਕਿਸਮਾਂ

**1. ਸਿੱਧੀਆਂ ਖ਼ਬਰਾਂ:-**

ਸਿੱਧੀਆਂ ਖ਼ਬਰਾਂ ਉਹ ਹਨ ਜੋ ਸ਼ਪੱਸ਼ਟ ਰੂਪ ਵਿਚ ਤੱਥ ਭਰਪੂਰ ਜਾਣਕਾਰੀ ਮਹੁੱਈਆ ਕਰਵਾਉਂਦੀਆਂ ਹਨ। ਇਸ ਪ੍ਰਕਾਰ ਦੀਆਂ ਖ਼ਬਰਾਂ ਕਿਸੇ ਘਟਨਾ ਜਾਂ ਗਰੁੱਪ ਪ੍ਰਤੀ ਸਿੱਧੀ, ਸਪੱਸ਼ਟ ਜਾਣਕਾਰੀ ਦਿੰਦੀਆਂ ਹਨ ਜਿਸ ਵਿਚ ਬਹੁਤੀ ਕਿਸੇ ਪ੍ਰਕਾਰ ਦੀ ਵਿਆਖਿਆ, ਖੋਜ ਅਤੇ ਵਾਦ-ਵਿਵਾਦ ਦੀ ਗੁੰਜਾਇਸ਼ ਨਹੀਂ ਹੁੰਦੀ

2. **ਵਿਆਖਿਆਤਮਕ ਖ਼ਬਰਾਂ:-**

ਇਹ ਖ਼ਬਰਾਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਸਬੰਧੀ ਖੋਜ, ਛਾਣਬੀਣ ਅਤੇ ਵਿਆਖਿਆ ਦੀ ਲੋੜ ਹੁੰਦੀ ਹੈ ਅਜਿਹੀਆਂ ਖ਼ਬਰਾਂ ਲਈ ਜੋ ਤੱਤ ਹੁੰਦੇ ਹਨ ਉਹ ਆਮ ਪਾਠਕਾਂ ਦੀ ਸਮਝ ਤੋਂ ਬਾਹਰ ਹੁੰਦੇ ਹਨ. ਇਸ ਲਈ ਪੱਤਰਕਾਰਾਂ ਜਾਂ ਸੰਪਾਦਕਾਂ ਲਈ ਅਜਿਹੀਆਂ ਖ਼ਬਰਾਂ ਬਣਾਉਣ ਸਮੇਂ ਵਿਆਖਿਆ ਕਰਕੇ ਸਰਲ ਭਾਸ਼ਾ ਵਿਚ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ ਅਜਿਹੀਆਂ ਖ਼ਬਰਾਂ ਬਣਾਉਂਦੇ ਸਮੇਂ ਸਾਵਧਾਨੀ ਵਰਤਣੀ ਪੈਂਦੀ ਹੈ ਕਿਉਂਕਿ ਅਜਿਹੀਆਂ ਖ਼ਬਰਾਂ ਵਾਦ-ਵਿਵਾਦ ਦਾ ਮੁੱਦਾ ਬਣ ਸਕਦੀਆਂ ਹਨ। ਉਦਾਹਰਨ ਵਜੋਂ: ਕਾਨੂੰਨ ਨਾਲ ਸਬੰਧਿਤ ਖ਼ਬਰਾਂ, ਆਰਥਿਕਤਾ, ਜਾਤੀ, ਧਰਮ ਨਾਲ ਸਬੰਧਿਤ ਖ਼ਬਰਾਂ।

## ਵਿਸ਼ੇ ਦੇ ਅਧਾਰ ਤੇ ਖ਼ਬਰਾਂ ਦੀਆਂ ਕਿਸਮਾਂ

1. ਰਾਜਨੀਤਿਕ ਖ਼ਬਰਾਂ
2. ਮੌਸਮ ਸਬੰਧੀ ਖ਼ਬਰਾਂ
3. ਖੇਡਾਂ ਸਬੰਧੀ ਖ਼ਬਰਾਂ
4. ਵਿਗਿਆਨ ਨਾਲ ਸਬੰਧਿਤ ਖ਼ਬਰਾਂ
5. ਸੱਭਿਆਚਾਰਕ ਖ਼ਬਰਾਂ
6. ਖੇਤੀ ਬਾੜੀ ਖ਼ਬਰਾਂ
7. ਮੰਨੋਰੰਜਨ ਨਾਲ ਸਬੰਧਿਤ ਖ਼ਬਰਾਂ
8. ਆਰਥਿਕ ਖ਼ਬਰਾਂ
9. ਸਿਖਿਆ ਅਤੇ ਸਿਹਤ ਨਾਲ ਸਬੰਧਿਤ ਖ਼ਬਰਾਂ

# ਅਖਬਾਰੀ ਰਿਪੋਰਟ (ਲੇਖਕ : ਅਮਨਪ੍ਰੀਤ ਰੰਧਾਵਾ)

ਪਿਆਰੇ ਵਿਦਿਆਰਥੀਓ, ਇਸ ਪਾਠ ਰਾਹੀਂ ਤੁਹਾਨੂੰ ਅਖਬਾਰੀ ਰਿਪੋਰਟ ਤਿਆਰ ਕਰਨ ਬਾਰੇ ਦੱਸਿਆ ਜਾਵੇਗਾ। ਜਿਵੇਂ ਤੁਸੀਂ ਸਾਰੇ ਜਾਣਦੇ ਹੋ ਕਿ ਅਖਬਾਰ ਦਾ ਸਾਡੀ ਜ਼ਿੰਦਗੀ ਵਿੱਚ ਬਹੁਤ ਮਹੱਤਵ ਹੈ। ਇਹ ਸਾਡੀ ਜਾਣਕਾਰੀ ਵਿੱਚ ਵਾਧਾ ਵੀ ਕਰਦਾ ਹੈ ਅਤੇ ਸਾਡਾ ਮਨੋਰੰਜਨ ਵੀ ਕਰਦਾ ਹੈ। ਅਜੋਕੇ ਸਮੇਂ ਵਿਚ ਮੀਡੀਏ ਦੇ ਦੌਰ ਵਿੱਚ ਜਿਥੇ ਟੈਲੀਵੀਜ਼ਨ, ਰੇਡੀਓ, ਇੰਟਰਨੈਟ ਦਾ ਸਾਡੀ ਜ਼ਿੰਦਗੀ ਵਿੱਚ ਮਹੱਤਵ ਹੈ ਉਥੇ ਪ੍ਰਿੰਟ ਮੀਡੀਆ ਵਿਚੋਂ ਅਖ਼ਬਾਰ ਸਭ ਤੋਂ ਭਰੋਸੇਯੋਗ ਹੈ।ਅਖ਼ਬਾਰ ਜਾਣਕਾਰੀ ਵਿਚ ਵਾਧਾ ਕਰਨ ਵਾਲਾ ਸਭ ਤੋਂ ਸਸਤਾ ਤੇ ਸੌਖਾ ਮਾਧਿਅਮ ਹੈ।

ਅਖ਼ਬਾਰੀ ਰਿਪੋਰਟ ਕਿਵੇਂ ਤਿਆਰ ਕਰਨੀ ਹੈ ਇਸ ਬਾਰੇ ਜਾਨਣ ਲਈ ਤੁਹਾਨੂੰ ਹੇਠ ਲਿਖੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ :

1. ਅਖਬਾਰੀ ਰਿਪੋਰਟ ਦੀ ਪਰਿਭਾਸ਼ਾ
2. ਅਖਬਾਰੀ ਰਿਪੋਰਟ ਦਾ ਮੰਤਵ
3. ਅਖਬਾਰੀ ਰਿਪੋਰਟ ਦੇ ਤੱਤ
4. ਅਖਬਾਰੀ ਰਿਪੋਰਟ ਤਿਆਰ ਕਰਨ ਦੇ ਤਰੀਕੇ

ਜਾਂ

ਅਖਬਾਰੀ ਰਿਪੋਰਟ ਤਿਆਰ ਕਰਨ ਵੇਲੇ ਧਿਆਨ ਰੱਖਣ ਯੋਗ ਨੁਕਤੇ

6. ਆਮ ਤੌਰ ਤੇ ਵਰਤੇ ਜਾਣ ਵਾਲੇ ਤਕਨੀਕੀ ਸ਼ਬਦ (List of Terms)

1. **ਪਰਿਭਾਸ਼ਾ** : ਅਖਬਾਰੀ ਰਿਪੋਰਟ ਉਹ ਹੈ ਜੋ ਅਖਬਾਰ ਵਿਚ ਛਪਦੀ ਹੈ ਅਤੇ ਇਸ ਨਾਲ ਕਿਸੇ ਘਟਨਾ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਇਸ ਨਾਲ ਸਾਨੂੰ ਆਲੇ-ਦੁਆਲੇ ਬਾਰੇ ਜਾਣਕਾਰੀ ਮਿਲਦੀ ਹੈ। ਰਿਪੋਰਟ ਉਸਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ - (ਸਹੀ ਤੇ ਮੁਕੰਮਲ) (i) Hard News (ii) Soft News। Hard News ਵਿਚ ਜਾਣਕਾਰੀ ਲੋਕਾਂ ਤੱਕ ਘੱਟ ਤੋਂ ਘੱਟ ਸਮੇਂ ਵਿੱਚ ਪਹੁੰਚਾਈ ਜਾਂਦੀ ਹੈ। ਕਿਸੇ ਵੀ ਤਰ੍ਹਾਂ ਦੀ ਦੇਰੀ ਕਾਰਨ ਨੁਕਸਾਨ ਹੋ ਸਕਦਾ ਹੈ। ਜਿਵੇਂ ਕਿ ਵੱਖ-ਵੱਖ ਕੋਰਸਾਂ ਦੇ ਟੈਸਟ ਦੀ ਤਰੀਕ ਦੀ ਜਾਣਕਾਰੀ ਸਹੀ ਸਮੇਂ ਤੱਕ ਲੋਕਾਂ ਤੱਕ ਪਹੁੰਚਣੀ ਜ਼ਰੂਰੀ ਹੁੰਦੀ ਹੈ। ਇਸ ਤੋਂ ਇਲਾਵਾ ਕੋਈ ਮੰਦਭਾਗੀ ਘਟਨਾ ਜਾਂ ਮੌਸਮ ਸੰਬੰਧੀ ਚੇਤਾਵਨੀ ਵੀ ਸਹੀ ਸਮੇਂ ਤੇ ਜ਼ਰੂਰੀ ਹੁੰਦੀ ਹੈ। Soft News ਵਿੱਚ ਜਾਣਕਾਰੀ ਦੇ ਨਾਲ-ਨਾਲ ਮਨੋਰਜਨ ਵੀ ਕੀਤਾ ਜਾਂਦਾ ਹੈ। ਇਸ ਵਿੱਚ ਪਾਠ ਦੀ ਰੁਚੀ ਦਾ ਧਿਆਨ ਵੀ ਰੱਖਿਆ ਜਾਂਦਾ ਹੈ। ਜਿਵੇਂ ਕਿ ਫਿਲਮ ਅਤੇ ਟੀ.ਵੀ. ਜਗਤ ਦੀਆਂ ਖ਼ਬਰਾਂ ਆਦਿ।

2. **ਮੰਤਵ :** ਅਖ਼ਬਾਰੀ ਰਿਪੋਰਟ ਤਿਆਰ ਕਰਨ ਦੇ ਮੁੱਖ ਤਿੰਨ ਮੰਤਵ ਹਨ :

### 1. ਜਾਣਕਾਰੀ (Information):

ਕਿਸੇ ਵੀ ਘਟਨਾ ਨਾਲ ਸੰਬੰਧਤ ਜਾਣਕਾਰੀ ਦਿੱਤੀ ਜਾਂਦੀ ਹੈ। ਜਾਣਕਾਰੀ ਇਕੱਤਰ ਕਰਨ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕੋਈ ਜ਼ਰੂਰੀ ਤੱਥ ਰਹਿ ਨਾ ਜਾਵੇ। ਜਾਣਕਾਰੀ ਸਰਲ ਤੇ ਸਪੱਸ਼ਟ ਹੋਣ ਦੇ ਨਾਲ-ਨਾਲ ਪਾਠਕਾਂ ਦੀ ਰੁਚੀ ਅਨੁਸਾਰ ਵੀ ਹੋਵੇ। ਉਦਾਹਰਣ ਦੇ ਤੌਰ ਤੇ ਸਰਕਾਰ ਵਲੋਂ ਚਲਾਈਆਂ ਗਈਆਂ ਜਨ-ਹਿਤ ਦੀਆਂ ਯੋਜਨਾਵਾਂ, ਬੀਮੇ ਅਤੇ ਪਾਲਿਸੀਆਂ ਸੰਬੰਧੀ ਜਾਣਕਾਰੀ ਕਿਸਾਨ ਮੇਲੇ ਸੰਬੰਧੀ ਜਾਣਕਾਰੀ ਆਦਿ।

### 2. ਵਿਆਖਿਆ (Interpret):

ਖਾਸ ਜਾਣਕਾਰੀ ਨੂੰ ਵਿਆਖਿਆ ਸਹਿਤ ਆਮ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ।ਜਿਵੇਂ ਬਜਟ ਸੰਬੰਧੀ ਜਾਣਕਾਰੀ, ਸਾਇੰਸ ਸੰਬੰਧੀ ਜਾਣਕਾਰੀ ਆਦਿ। ਵਿਆਖਿਆ ਕਰਨ ਨਾਲ ਖਾਸ ਜਾਣਕਾਰੀ ਲੋਕਾਂ ਤੱਕ ਵਿਸਥਾਰਪੂਰਵਕ ਤਰੀਕੇ ਨਾਲ ਪਹੁੰਚਦੀ ਹੈ।

### 3. ਮਨੋਰੰਜਨ (Entertainment):

ਇਹ ਜ਼ਿਆਦਾਤਰ ਅਖਬਾਰ ਵਿਚਲੇ ਮੈਗਜੀਨ ਅਖਬਾਰ ਦਾ ਹਿੱਸਾ ਹੁੰਦਾ ਹੈ। ਜਿਵੇਂ- ਫ਼ਿਲਮ ਜਗਤ, ਖੇਡ-ਜਗਤ, ਬਾਲ ਜਗਤ, ਨਾਰੀ ਜਗਤ ਆਦਿ। ਅਖ਼ਬਾਰ ਦਾ ਇਹ ਹਿੱਸਾ ਜਾਣਕਾਰੀ ਦੇ ਨਾਲ-ਨਾਲ ਮਨੋਰੰਜਨ ਵੀ ਕਰਦਾ ਹੈ।

## ਅਖ਼ਬਾਰੀ ਰਿਪੋਰਟ ਦੇ ਤੱਤ

1. Headline
2. By line/Credit Line
3. Place Line/Date Line
4. Lead
5. Body
6. Quotes

Headline ਤੋਂ ਭਾਵ ਮੁੱਖ ਖ਼ਬਰ ਹੈ। By Line ਤੋਂ ਭਾਵ ਜਿਸ ਰਿਪੋਰਟਰ ਨੇ ਉਹ ਖ਼ਬਰ ਤਿਆਰ ਕੀਤੀ ਹੈ। Credit Line ਤੋਂ ਭਾਵ ਖਬਰ ਕਿਸ ਏਜੰਸੀ ਦੁਆਰਾ ਤਿਆਰ ਕੀਤੀ ਗਈ ਹੈ (ਕਈ ਵਾਰ ਖਬਰ ਕਿਸੇ ਏਜੰਸੀ ਨੇ ਬਣਾਈ ਹੁੰਦੀ ਹੈ)। Place Line ਤੋਂ ਭਾਵ ਹੈ ਕਿਥੋਂ ਦੀ ਖ਼ਬਰ ਹੈ ਜਿਵੇਂ ਦਿੱਲੀ, ਕਲਕਤਾ, ਮੁੰਬਈ ਆਦਿ। Date Line ਤੋਂ ਭਾਵ ਹੈ ਕਿ ਖ਼ਬਰ ਕਦੋਂ ਦੀ ਹੈ। ਖ਼ਬਰ ਦੇ ਪਹਿਲੇ ਪੈਰੇਗ੍ਰਾਫ਼ ਨੂੰ Lead ਕਿਹਾ ਜਾਂਦਾ ਹੈ। ਪਹਿਲੇ ਪੈਰ੍ਹੇ ਨੂੰ ਛੱਡ ਕੇ ਬਾਕੀ ਸਾਰੀ ਖ਼ਬਰ Body ਵਿਚ ਦਿੱਤੀ ਜਾਂਦੀ ਹੈ। ਬਾਡੀ ਵਿੱਚ ਹੀ ਖ਼ਬਰ ਵਿਸਥਾਰਪੂਰਵਕ ਤਰੀਕੇ ਨਾਲ ਦੱਸੀ ਜਾਂਦੀ ਹੈ। Quotes ਵਿੱਚ ਕਿਸੇ ਦੀ ਕਹੀ ਗੱਲ ਨੂੰ ਹੂ-ਬ-ਹੂ ਤਰੀਕੇ ਨਾਲ ਲਿਖਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜਦੋਂ ਇੰਡੀਆ ਮੈਚ ਜਿੱਤਦਾ ਹੈ ਤਾਂ ਉਸ ਵਿੱਚ ਕਪਤਾਨ ਦੁਆਰਾ ਉਸ ਮੈਚ ਲਈ ਬੋਲੇ ਸ਼ਬਦਾਂ ਨੂੰ ਹੂ-ਬ-ਹੂ ਲਿਖਣਾ ਹੀ Quotes ਹੈ।

Lead ਵਿੱਚ 5W ਤੇ 1H ਹੁੰਦਾ ਹੈ। ਕਹਿਣ ਤੋਂ ਭਾਵ ਹੈ ਕਿ

1. Who - ਖ਼ਬਰ ਕਿਸ ਬਾਰੇ ਹੈ।
2. What - ਖ਼ਬਰ ਕੀ ਹੈ।
3. Where - ਖ਼ਬਰ ਕਿਥੋ ਦੀ ਹੈ।
4. When - ਖ਼ਬਰ ਕਦੋਂ ਦੀ ਹੈ।
5. Why - ਕਿਉਂ ? (ਜਿਵੇਂ ਜੇ ਕਿਸੇ ਮੁੱਦੇ ਕਿਓ ਨੂੰ ਲੈ ਕੇ ਧਰਨਾ ਲਗਾਇਆ ਜਾ ਰਿਹਾ ਹੈ)

**How -** How ਵਿੱਚ ਖਬਰ ਬਾਰੇ ਵਧੇਰੇ ਜਾਣਕਾਰੀ ਦਿੱਤੀ ਜਾਂਦੀ ਹੈ। (ਜਿਵੇਂ ਕਿ ਜੇ ਧਰਨਾ ਲੱਗ ਰਿਹਾ ਹੈ। ਧਰਨਾ ਲੱਗਣ ਦਾ ਕਾਰਣ ਕੀ ਹੈ ਤਾਂ ਉਸ ਦਾ ਰੂਪ ਕਿਵੇਂ ਦਾ ਹੈ ਭਾਵ ਕੀ ਭੁੱਖ ਹੜਤਾਲ ਵੀ ਚੱਲ ਰਹੀ ਹੈ ਕਿ ਨਹੀਂ)।

## ਅਖ਼ਬਾਰੀ ਰਿਪੋਰਟ ਤਿਆਰ ਕਰਨ ਦੇ ਤਰੀਕੇ :

**1.**ਅਖ਼ਬਾਰੀ ਰਿਪੋਰਟ ਤਿਆਰ ਕਰਨ ਵੇਲੇ ਸਭ ਤੋਂ ਪਹਿਲਾ ਮੌਕੇ ਤੇ ਜਾ ਕੇ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ। ਇਹ ਸਾਰਾ ਕੁਝ Rough notes ਵਿੱਚ ਆਉਂਦਾ ਹੈ। ਪਹਿਲੇ ਪੜਾਅ ਤੇ ਵਿੱਚ ਚਾਰ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ :

1. 5W, 1H

2. Quotes (ਕਿਸੇ ਦੁਆਰਾ ਦਿੱਤਾ ਗਿਆ ਬਿਆਨ) : ਉਦਾਹਰਣ ਦੇ ਤੌਰ ਤੇ ਜਿਵੇਂ ਕਿ ਕੋਈ ਸੜਕ ਦੀ ਹਾਦਸੇ ਦੀ ਖ਼ਬਰ ਵਿੱਚ ਜਿਹੜੀ ਧਿਰ ਦਾ ਨੁਕਸਾਨ ਹੋਇਆ ਹੈ ਸਿਰਫ਼ ਉਸ ਬਾਰੇ ਹੀ ਨਹੀਂ ਦੱਸਿਆ ਜਾਵੇ। ਹਰ ਪੱਖ ਤੋਂ ਜਾਣਕਾਰੀ ਇੱਕਤਰ ਕਰਨ ਉਪਰੰਤ ਰਿਪੋਰਟ ਨੂੰ ਮੁਕੰਮਲ ਕੀਤਾ ਜਾਵੇ। ਸਗੋਂ ਪੁਲੀਸ ਜਾਂ ਪ੍ਰਸ਼ਾਸਨ ਦੇ ਅਧਿਕਾਰੀ ਜਿਹੜੇ ਪੁੱਛ-ਪੜਤਾਲ ਕਰ ਰਹੇ ਹਨ, ਮੌਕੇ ਦੇ ਗਵਾਹਾਂ ਵਲੋਂ ਦਿੱਤੀ ਜਾਣਕਾਰੀ ਨੂੰ ਵੀ ਬਿਆਨੀਆ ਜਾਵੇ।

3. ਵਾਧੂ ਜਾਣਕਾਰੀ

4. ਨਿਰਪੱਖ ਜਾਣਕਾਰੀ

ਇਹਨਾਂ ਤਿੰਨਾ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਖ਼ਬਰ ਬਣਾਈ ਜਾਵੇ। ਇਹ ਪ੍ਰਭਾਵਸ਼ਾਲੀ ਵੀ ਹੋਵੇ ਅਤੇ ਸਹੀ ਤੇ ਵਿਸਥਾਰਪੂਰਵਕ ਜਾਣਕਾਰੀ ਵੀ ਦੇਵੇ।

## 2. ਅਖ਼ਬਾਰੀ ਖ਼ਬਰ ਲਿਖਣਾ (Create a News Report)

ਇਸ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ :

1. ਸਭ ਤੋਂ ਪਹਿਲਾਂ Headline ਲਿਖੀ ਜਾਂਦੀ ਹੈ। ਇਹ bold ਹੁੰਦੀ ਹੈ ਤੇ font size ਵੱਡਾ ਹੁੰਦਾ ਹੈ। Headline ਖ਼ਬਰ ਦਾ ਸਿਰਲੇਖ ਹੁੰਦਾ ਹੈ। ਇਹ ਸੰਖੇਪ ਅਤੇ ਬੜੇ ਹੀ ਢੁਕਵੇਂ ਸ਼ਬਦਾਂ ਨਾਲ ਖ਼ਬਰ ਬਾਰੇ ਜਾਣਕਾਰੀ ਦਿੰਦੇ ਹਨ। ਸਿਰਲੇਖ Headline ਖ਼ਬਰ ਦਾ ਅਜਿਹਾ ਹਿੱਸਾ ਹੈ ਜੋ ਪੜ੍ਹਨ ਵਾਲੇ ਵਿੱਚ ਰੁਚੀ ਜਗਾਉਂਦਾ ਹੈ।
2. ਇਸ ਤੋਂ ਬਾਅਦ byline ਦਿੱਤੀ ਜਾਂਦੀ ਹੈ। Byline ਵਿੱਚ ਰਿਪੋਰਟ ਤਿਆਰ ਕਰਨ ਵਾਲੇ ਦਾ ਨਾਮ ਹੁੰਦਾ ਹੈ। ਜੇਕਰ ਰਿਪੋਰਟ ਕਿਸੇ ਖ਼ਬਰ ਏਜੰਸੀ ਵਲੋਂ ਪ੍ਰਾਪਤ ਹੋਈ ਤਾਂ ਉਸ ਵਿੱਚ ਉਸ ਏਜੰਸੀ ਦਾ ਨਾਮ ਦਰਸਾਇਆ ਜਾਂਦਾ ਹੈ। ਅਜਿਹਾ ਕਰਨ ਨਾਲ ਖ਼ਬਰ ਦੇਣ ਵਾਲੇ ਦੀ ਜ਼ਿੰਮੇਵਾਰੀ ਨਿਸ਼ਚਤ ਹੁੰਦੀ ਹੈ।
3. ਇਸ ਤੋਂ ਬਾਅਦ place line/date line ਆਉਂਦੀ ਹੈ। Place line/date line ਵਿੱਚ ਇਹ ਦੱਸਿਆ ਜਾਂਦਾ ਹੈ ਕਿ ਖ਼ਬਰ ਕਿਸ ਥਾਂ ਤੇ ਕਿਸ ਸਮੇਂ ਨਾਲ ਸੰਬੰਧਤ ਹੈ।
4. ਇਸ ਤੋਂ ਉਪਰੰਤ Lead ਵਾਲਾ ਪੈਰ੍ਹਾ ਲਿਖਿਆ ਜਾਂਦਾ ਹੈ। Lead ਖ਼ਬਰ ਨਾਲ ਸੰਬੰਧਤ ਪਹਿਲਾ ਪੈਰ੍ਹਾ ਹੁੰਦਾ ਹੈ। ਖ਼ਬਰ ਨਾਲ ਸੰਬੰਧਤ ਬਾਕੀ ਸਾਰੀ ਜਾਣਕਾਰੀ ਬਾਡੀ ਵਿੱਚ ਸ਼ਾਮਿਲ ਕੀਤੀ ਜਾਂਦੀ ਹੈ।

5. ਬਾਡੀ ਵਾਲੇ ਪੈਰ੍ਹੇ ਵਿੱਚ Quatation ਹੁੰਦੀ ਹੈ, ਇਸ ਵਿੱਚ ਵਧੇਰੇ ਕਰਕੇ 1 ਤੋਂ 3 ਪੈਰ੍ਹੇ ਹੁੰਦੇ ਹਨ।
6. ਆਖਰੀ ਸਤਰ ਤੇ ਇਸ ਨੂੰ ਟਾਈਪ ਕਰਕੇ ਪ੍ਰਿੰਟ ਕੀਤਾ ਜਾਂਦਾ ਹੈ।

## 3. ਰਿਵਿਊ (Review) :

ਰਿਵਿਊ ਵਿੱਚ ਦੇਖਿਆ ਜਾਂਦਾ ਹੈ ਕਿ ਖ਼ਬਰ ਠੀਕ ਹੈ। ਉਦਾਹਰਣ ਦੇ ਤੌਰ ਤੇ ਖ਼ਬਰ ਸਹੀ ਲਿਖੀ ਗਈ ਹੈ। ਮੰਨ ਲਓ ਜੇ ਖ਼ਬਰ ਵਿੱਚ 100 ਦੀ ਥਾਂ ਤੇ 1000 ਬੰਦਿਆਂ ਦਾ ਇਕੱਠ ਗਲਤੀ ਨਾਲ ਲਿਖਿਆ ਗਿਆ ਤਾਂ ਅਰਥ ਦਾ ਅਨਰਥ ਹੋ ਜਾਵੇਗਾ।

ਇਹਨਾਂ ਤੱਤਾਂ ਤੋਂ ਇਲਾਵਾ ਕੁਝ ਹੋਰ ਮਹੱਤਵਪੂਰਨ ਹਨ। ਅਖ਼ਬਾਰੀ ਰਿਪੋਰਟ ਤਿਆਰ ਕਰਨ ਵੇਲੇ ਹੇਠ ਲਿਖੇ ਨੁਕਤੇ ਵੀ ਵਿਚਾਰਨਯੋਗ ਹਨ :

1. ਅਖ਼ਬਾਰੀ ਰਿਪੋਰਟ ਹਮੇਸ਼ਾ Third Person (ਤੀਜੇ ਪੁਰਖ) ਵਿੱਚ ਲਿਖੀ ਜਾਂਦੀ ਹੈ। ਜਿਵੇਂ ਕਿਸੇ ਫ਼ਿਲਮ ਦੀ ਤਾਰੀਫ਼ ਕਰਨੀ ਹੈ ਤਾਂ ਇਸ ਤਰ੍ਹਾਂ ਲਿਖਿਆ ਜਾਵੇਗਾ ਕਿ ਫ਼ਿਲਮ ਦੇਖਣਯੋਗ ਹੈ, ਮਜ਼ੇਦਾਰ ਹੈ, ਇਸ ਮੁੱਦੇ ਨੂੰ ਲੈ ਕੇ ਬਣੀ ਹੋਈ ਹੈ।
2. ਅਖ਼ਬਾਰੀ ਰਿਪੋਰਟ ਨੂੰ ਇਸ ਤਰੀਕੇ ਨਾਲ ਪੇਸ਼ ਕੀਤਾ ਜਾਵੇ ਕਿ ਪੜ੍ਹਨ ਵਾਲੇ ਤੇ ਚੰਗਾ ਪ੍ਰਭਾਵ ਪਵੇ। ਇਸ ਤੋਂ ਇਲਾਵਾ ਰਿਪੋਰਟ ਡੂੰਘਾਈ ਵਿੱਚ ਹੋਵੇ ਜਿਵੇਂ ਕਿ ਇੰਡੀਆ ਨੇ World Cup ਜਿੱਤਿਆ ਤਾਂ ਉਸਨੇ ਪਹਿਲੀ ਵਾਰ ਕਦੋਂ ਜਿੱਤਿਆ ਸੀ ਤੇ ਹੁਣ ਕਿੰਨੇ ਸਾਲ ਬਾਅਦ ਜਿੱਤਿਆ ਹੈ ਆਦਿ।
3. ਅਖ਼ਬਾਰੀ ਰਿਪੋਰਟ ਦੀ ਸ਼ਬਦਾਵਲੀ ਸਧਾਰਨ ਤੇ ਆਮ ਲੋਕਾਂ ਦੀ ਸਮਝ ਆਉਣ ਵਾਲੀ ਹੋਵੇ। ਸਭ ਤੋਂ ਮਹੱਤਵਪੂਰਨ ਇਹ ਹੈ ਕਿ ਖ਼ਬਰ ਭਰੋਸੇਯੋਗ ਜ਼ਰੂਰ ਹੋਵੇ।
4. ਰਿਪੋਰਟ ਲਿਖਣ ਤੋਂ ਬਾਅਦ ਇਸ ਨੂੰ Double Check ਜਾਂ Cross check ਜ਼ਰੂਰ ਕੀਤਾ ਜਾਵੇ। ਭਾਵ ਅਖ਼ਬਾਰੀ ਰਿਪੋਰਟ ਨੂੰ ਤਿਆਰ ਕਰਨ ਵੇਲੇ ਇਕੱਠੇ ਕੀਤੇ ਗਏ ਤੱਥਾਂ ਨੂੰ ਦੁਆਰਾ ਘੋਖ ਲਿਆ ਜਾਵੇ।
5. ਖ਼ਬਰ ਬਣਾਉਣ ਵੇਲੇ Inverted Pyramid Style ਨੂੰ ਧਿਆਨ ਵਿੱਚ ਰੱਖਿਆ ਜਾਵੇ।
6. ਜਦੋਂ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਉਸ ਵਿੱਚ ਸੰਤੁਲਨ ਹੋਵੇ ਜਿਵੇਂ ਕਿ ਜੇਕਰ ਦੋ ਧਿਰਾਂ ਵਿੱਚ ਝਗੜਾ ਹੋਇਆ ਹੈ ਤਾਂ ਦੋਨੋਂ ਧਿਰਾਂ ਦੇ ਪੱਖਾਂ ਨੂੰ ਰੱਖਿਆ ਜਾਵੇ।

   ਇਸ ਤੋਂ ਇਲਾਵਾ ਅਖ਼ਬਾਰਾਂ ਵਿੱਚ ਇੱਕ ਰਿਵਿਊ ਪਾਠਕਾਂ ਵੱਲੋਂ ਵੀ ਦਿੱਤਾ ਜਾਂਦਾ ਹੈ। ਪਾਠਕ ਕਿਸੇ ਖ਼ਬਰ ਭਾਵੇਂ (ਉਹ ਕਿਸੇ ਵੀ ਖੇਤਰ ਨਾਲ ਸੰਬੰਧਤ ਹੋਵੇ) ਨੂੰ ਪੜ੍ਹਨ ਉਪਰੰਤ ਆਪਣਾ ਪ੍ਰਤਿਕਰਮ ਭੇਜਦੇ ਹਨ। ਪਾਠਕਾਂ ਵੱਲੋਂ ਭੇਜੇ ਪ੍ਰਤਿਕਰਮ ਅਖ਼ਬਾਰ ਦੇ ਸੰਪਾਦਕੀ ਪੰਨੇ ਉਤੇ ਛਾਪੇ ਜਾਂਦੇ ਹਨ।

## ਅਖ਼ਬਾਰੀ ਰਿਪੋਰਟ ਤਿਆਰ ਕਰਨ ਸਮੇਂ ਆਮ ਤੌਰ ਤੇ ਵਰਤੇ ਜਾਣ ਵਾਲੇ ਤਕਨੀਕੀ ਸ਼ਬਦ (List of Terms)

1. **Fact (ਤੱਥ)**: ਤੱਥ ਹੀ ਖ਼ਬਰ ਬਣਾਉਂਦੇ ਹਨ ਨਹੀਂ ਤਾਂ ਉਹ ਸਿਰਫ਼ ਅਫਵਾਹ ਹੁੰਦੀ ਹੈ।

2. **Beat:** ਭਾਵ ਖ਼ਬਰ ਬਣਾਉਣ ਵਾਲੇ ਦੀ ਮੁਹਾਰਤ ਕਿਸ ਖੇਤਰ ਵਿੱਚ ਹੈ ਜਿਵੇਂ ਕਿ ਸਿੱਖਿਆ ਨਾਲ ਸੰਬੰਧਤ ਖ਼ਬਰ ਬਣਾਉਣ ਵਾਲੇ ਦਾ ਖੇਤਰ Beat ਹੈ।

### ਮੁੱਖ Beat ਹੇਠ ਲਿਖੇ ਹਨ:

1. Political Beat (ਰਾਜਨੀਤੀ ਸੰਬੰਧੀ ਖੇਤਰ)
2. Fashion Beat (ਫੈਸ਼ਨ ਸੰਬੰਧੀ ਖੇਤਰ)
3. Business Beat (ਵਪਾਰ ਸੰਬੰਧੀ ਖੇਤਰ)
4. Sports Beat (ਖੇਡਾਂ ਸੰਬੰਧੀ ਖੇਤਰ)
5. Legal Beat (ਕਾਨੂੰਨ ਸੰਬੰਧੀ ਖੇਤਰ)

ਹਰੇਕ ਖ਼ਬਰ ਬਣਾਉਣ ਵਾਲੇ ਦੀ ਕਿਸੇ ਨਾ ਕਿਸੇ ਖੇਤਰ ਵਿੱਚ ਮੁਹਾਰਤ ਹੁੰਦੀ ਹੈ।

3. **News Angle:** ਕਿਸ ਨਜ਼ਰੀਏ ਨਾਲ ਖ਼ਬਰ ਬਣਾਉਣੀ ਹੈ। ਤੁਹਾਡੇ ਕੋਲ ਸਾਰੇ ਤੱਥ ਹਨ ਪਰ ਖ਼ਬਰ ਬਣਾਉਣ ਵਾਲੇ ਲਈ ਕੀ ਮਹੱਤਵਪੂਰਣ ਹੈ। ਜਿਵੇਂ ਕੁਝ ਖ਼ਬਰ ਨੂੰ ਆਸ਼ਾਵਾਦੀ ਤਰੀਕੇ ਨਾਲ ਤੇ ਕੁਝ ਨਿਰਾਸ਼ਾਵਾਦੀ ਤਰੀਕੇ ਨਾਲ ਪੇਸ਼ ਕਰਦੇ ਹਨ।

4. **Nose for News:** ਰਿਪੋਰਟਰ ਆਮ ਗੱਲ ਨੂੰ ਖਾਸ ਬਣਾ ਕੇ ਲੋਕਾਂ ਤੱਕ ਤਾਂ ਹੀ ਪਹੁੰਚਾਏਗਾ ਜੇ ਉਸ ਵਿੱਚ Nose for News ਹੋਵੇਗਾ।

5. **At the scene:** ਮੌਕੇ ਤੇ ਪਹੁੰਚ ਕੇ ਸਾਰੀ ਜਾਣਕਾਰੀ ਇਕੱਤਰ ਕਰਕੇ ਇਸ ਤਰੀਕੇ ਨਾਲ ਪੇਸ਼ ਕੀਤੀ ਜਾਵੇ ਕਿ ਪੜ੍ਹਨ ਵਾਲੇ ਦੀਆ ਅੱਖਾਂ ਸਾਹਮਣੇ ਦ੍ਰਿਸ਼ ਸਾਕਾਰ ਹੋ ਸਕੇ।

6. **Feature:** 'ਫੀਚਰ' ਰਿਪੋਰਟ ਦਾ ਸੰਬੰਧਤ ਉਹਨਾਂ ਤਥਾਂ ਦੀ ਰਿਪੋਰਟ ਨਾਲ ਹੈ ਜਿਸ ਵਿੱਚ ਜਾਣਕਾਰੀ ਤੇ ਮਨੋਰੰਜਨ ਦਾ ਸੁਮੇਲ ਹੋਵੇ।

7. **Article:** ਇਹ ਰਿਪੋਰਟ ਬਹੁਤ ਵਿਸਥਾਰਪੂਰਵਕ ਹੁੰਦੀ ਹੈ ਅਤੇ ਸੰਬੰਧਤ ਆਪਣੇ ਖੇਤਰ ਦਾ ਮਾਹਿਰ ਹੁੰਦਾ ਹੈ। ਜਿਵੇਂ ਕਿ ਮੈਡੀਕਲ (ਖੇਤਰ ਨਾਲ ਸੰਬੰਧਤ ਜਾਣਕਾਰੀ) ਕਿਸੇ ਡਾਕਟਰ ਦੁਆਰਾ ਹੀ ਦਿੱਤੀ ਜਾਵੇਗੀ।

8. **Editorial:** ਇਹ ਅੱਜ ਦੀ ਭਖਦੀ ਖ਼ਬਰ ਤਕਰੀਬਨ ਕੱਲ ਦੀ ਸੰਪਾਦਕੀ ਹੁੰਦੀ ਹੈ। ਇਸ ਦਾ ਮੰਤਵ ਕਿਸੇ ਵਿਸ਼ੇਸ਼ ਘਟਨਾਕ੍ਰਮ ਵੱਲ ਅਖ਼ਬਾਰ ਪੜ੍ਹਨ ਵਾਲਿਆਂ ਦਾ ਧਿਆਨ ਲੈ ਕੇ ਜਾਣਾ ਹੁੰਦਾ ਹੈ ਤਾਂ ਜੋ ਵਿਸ਼ੇ ਦੀ ਗੰਭੀਰਤਾ ਅਤੇ ਨਤੀਜਿਆ ਤੋਂ ਉਹ ਜਾਣੂ ਹੋ ਸਕਣ।

ਸੋ ਅਖ਼ਬਾਰੀ ਰਿਪੋਰਟ ਤਿਆਰ ਕਰਨ ਸਮੇਂ ਇਹਨਾਂ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਅਖ਼ਬਾਰ ਜਾਣਕਾਰੀ ਦਾ ਸਭ ਤੋਂ ਸਸਤਾ ਮਾਧਿਅਮ ਹੈ। ਇਸ ਦੀ ਭਰੋਸੇਯੋਗਤਾ ਬਰਕਰਾਰ ਰੱਖਣ ਲਈ ਜ਼ਰੂਰੀ ਹੈ ਅਖ਼ਬਾਰੀ ਰਿਪੋਰਟ ਤਿਆਰ ਕਰਨ ਸਮੇਂ ਉਪਰੋਕਤ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

**ਪਾਠ ਨੰਬਰ : 2.7** **ਲੇਖਕ : ਅਮਰਜੀਤ ਸਿੰਘ ਵੜੈਚ**

## ਇਸ਼ਤਿਹਾਰ ਲੇਖਣ : ਸੰਕਲਪ ਤੇ ਇਤਿਹਾਸ

ਇਸ਼ਤਿਹਾਰ ਜਾ ਵਿਗਿਆਪਨ ਇਕ ਐਸੀ ਸੂਚਨਾ ਹੁੰਦੀ ਹੈ ਜੋ ਕੋਈ ਵਪਾਰਕ ਆਦਰਾ ਆਪਣੀ ਕੋਈ ਵਸਤੂ ਜਾਂ ਸੇਵਾ ਲੋਕਾਂ ਤੱਕ ਪਹੁੰਚਾਉਣ ਲਈ ਵੱਖ-ਵੱਖ ਸੰਚਾਰ ਮਾਧਿਅਮਾਂ ਰਾਹੀਂ ਲੋਕਾਂ ਤੱਕ ਪਹੁੰਚਾਉਦਾ ਹੈ। ਇਸ਼ਤਿਹਾਰ ਦਾ ਉਦੇਸ਼ ਕੋਈ ਵਸਤੂ/ਸੇਵਾ ਵੇਚ ਕੇ ਪੈਸਾ ਕਮਾਉਣਾ ਹੁੰਦਾ ਹੈ ਕੋਈ ਕੱਪੜਾ, ਖਾਣ ਵਾਲੀ ਵਸਤੂ, ਮਸ਼ੀਨਰੀ, ਮੁਬਾਇਲ ਫ਼ੋਨ, ਟੀ.ਵੀ., ਫਰਿਜ਼ ਕੋਈ ਵਾਹਨ ਆਦਿ ਦੀ ਖਰੀਦਦਾਰੀ ਵਧਾਉਣ ਲਈ ਇਨ੍ਹਾਂ ਦੇ ਅਦਾਰੇ ਅਕਸਰ ਸੰਚਾਰ ਮਾਧਿਅਮਾਂ 'ਚ ਅਜਿਹੇ ਇਸ਼ਤਿਹਾਰ ਦਿੰਦੇ ਹਨ।

ਅੱਜ-ਕੱਲ੍ਹ ਵਿਗਿਆਪਨ/ਇਸ਼ਤਿਹਾਰ ਦੇਣ ਲਈ ਅਖਬਾਰਾਂ, ਮੈਗਜੀਨ, ਰੇਡੀਓ, ਟੀ.ਵੀ., ਯੂ-ਟਿਊਬ, ਫੇਸਬੁੱਕ ਤੇ ਬਾਕੀ ਸੋਸ਼ਲ ਮੀਡੀਆ, ਸੜਕਾਂ ਤੇ ਬੋਰਡ, ਨਿਊਨ, ਨੁਮਾਇਸ਼ਾਂ ਆਦਿ ਸਾਧਨਾਂ ਵਰਤੋਂ ਵਿਚ ਲਿਆਂਦੇ ਜਾਂਦੇ ਹਨ।

ਇਸ਼ਤਿਹਾਰ ਕਈ ਪ੍ਰਕਾਰ ਦੇ ਹੁੰਦੇ ਹਨ ਪਰ ਮੁੱਖ ਰੂਪ ਵਿਚ ਅਸੀਂ ਇਨ੍ਹਾਂ ਨੂੰ ਦੋ ਭਾਗਾਂ ਵਿਚ ਹੀ ਵੰਡ ਸਕਦੇ ਹਾਂ :

1. ਕਲਾਸੀਫਾਈਡ ਇਸ਼ਤਿਹਾਰ
2. ਡਿਸਪਲੇ ਇਸ਼ਤਿਹਾਰ

1. **ਕਲਾਸੀਫਾਈਡ ਇਸ਼ਤਿਹਾਰ** : ਇਨ੍ਹਾਂ ਇਸ਼ਤਿਹਾਰਾਂ ਵਿਚ ਸਿਰਫ ਜਾਣਕਾਰੀ ਸ਼ਾਮਿਲ ਹੁੰਦੀ ਹੈ ਕੋਈ ਤਸਵੀਰ ਨਹੀਂ ਹੁੰਦੀ ਇਸ ਦੀਆਂ ਉਦਾਹਰਣਾਂ ਹਨ : ਜਾਇਦਾਦ ਵਿਕਾਊ ਹੈ, ਵਰ ਦੀ ਲੋੜ ਹੈ, ਦਾਖਲੇ, ਘਰ ਕਰਾਏ ਤੇ, ਦਸਤਾਵੇਜ਼, ਅਦਾਲਤੀ ਨੋਟਿਸ, ਗੁੰਮਸ਼ੁਦਾ ਦੀ ਤਲਾਸ, ਬੇਦਖਲੀ ਨੋਟਿਸ ਆਦਿ।

ਇਸ ਕਿਸਮ ਦਾ ਇਸ਼ਤਿਹਾਰ ਅਖਬਾਰਾਂ/ਮੈਗਜ਼ੀਨਾਂ 'ਚ ਅੱਖਰਾਂ ਦੀ ਗਿਣਤੀ ਤੇ ਕਾਲਮ ਦੀ ਚੌੜਾਈ/ਲੰਬਾਈ ਅਨੁਸਾਰ ਮਾਪਿਆ ਜਾਂਦਾ ਹੈ ਅਤੇ ਉਸ ਦੀ ਕੀਮਤ ਨਿਰਧਾਰਿਤ ਕੀਤੀ ਜਾਂਦੀ ਹੈ।

ਕਲਾਸੀਫਾਈਡ ਇਸ਼ਤਿਹਾਰ ਔਨ-ਲਾਈਨ ਵੀ ਦਿੱਤੇ ਜਾਂਦੇ ਹਨ। ਕਲਾਸੀਫਾਈਡ ਇਸ਼ਤਿਹਾਰ ਬਾਕੀ ਮਾਧਿਅਮਾਂ 'ਚ ਵੀ ਦਿੱਤੇ ਜਾ ਸਕਦੇ ਹਨ ਪਰ ਇਹ ਬਹੁਤੇ ਮਕਬੂਲ ਨਹੀਂ ਹੋਏ।

2. **ਡਿਸਪਲੇ ਇਸ਼ਤਿਹਾਰ** : ਇਸ ਤਰ੍ਹਾਂ ਦੇ ਇਸ਼ਤਿਹਾਰ ਤਸਵੀਰਾਂ ਸਾਹਿਤ ਰੰਗ ਬਿਰੰਗੇ ਰੂਪਾਂ 'ਚ ਦਿੱਤੇ ਜਾਂਦੇ ਹਨ ਇਸ ਤਰ੍ਹਾਂ ਦੇ ਵਿਗਿਆਪਨ ਅਖ਼ਬਾਰਾਂ, ਮੈਗਜ਼ੀਨ, ਟੀ.ਵੀ. ਵੈਬਸਾਈਟਾਂ ਤੇ ਸੋਸ਼ਲ ਮੀਡੀਆ ਵਿੱਚ ਪੇਸ਼ ਕੀਤੇ ਜਾਦੇ ਹਨ।

ਇਹ ਇਸ਼ਤਿਹਾਰ ਕਿਸੇ ਵੀ ਵਸਤ ਦੇ ਹੋ ਸਕਦੇ ਹਨ ਜੋ ਭਾਰਤੀ ਕਾਨੂੰਨ ਅਨੁਸਾਰ ਠੀਕ ਹੋਣ ਇਨ੍ਹਾਂ ਇਸ਼ਤਿਹਾਰਾਂ 'ਚ ਜਾਣਕਾਰੀ ਪਹੁੰਚਾਉਣ ਲਈ ਵੱਖ-ਵੱਖ ਤਸਵੀਰਾਂ ਅਤੇ ਰੰਗਾਂ ਦੀ ਮਦਦ ਲਈ ਜਾਂਦੀ ਹੈ ਇਸ਼ਤਿਹਾਰ ਚਾਹੇ ਕਿਸੇ ਵੀ ਮਾਧਿਅਮ ਭਾਵ ਮੀਡੀਆ ਲਈ ਤਿਆਰ ਕਰਨਾ ਹੋਵੇ ਉਸ ਲਈ ਬਹੁਤ ਮਿਹਨਤ ਕੀਤੀ ਜਾਂਦੀ ਹੈ।

ਡਿਸਪਲੇ ਇਸ਼ਤਿਹਾਰ ਲਿਖਣ ਅਤੇ ਤਿਆਰ ਕਰਨ ਲਈ ਵੱਖਰੇ ਮਾਹਿਰ ਹੁੰਦੇ ਹਨ ਅਤੇ ਵੱਖਰੀਆਂ ਕੰਪਨੀਆਂ ਹੁੰਦੀਆਂ ਹਨ ਇਨ੍ਹਾਂ ਕੰਪਨੀਆਂ ਦੁਆਰਾ ਡਿਸਪਲੇ ਇਸ਼ਤਿਹਾਰ/ ਵੀਡੀਓ/ ਫ਼ਿਲਮਾਂ/ ਬੋਰਡ/ ਨਿਊਨ ਆਦਿ ਬਣਾ ਕੇ ਦਿੱਤੇ ਜਾਂਦੇ ਹਨ। ਇਸ ਕੰਮ ਲਈ ਇਹ ਕੰਪਨੀਆਂ ਕੀਮਤ ਵਸੂਲ ਕਰਦੀਆਂ ਹਨ ਇਨ੍ਹਾਂ ਕੰਪਨੀਆਂ ਵਿੱਚ ਇਸ਼ਤਿਹਾਰ ਲਿਖਣ, ਬੋਰਡ ਬਣਾਉਣ, ਨਿਊਨ ਤਿਆਰ ਕਰਨ, ਫਿਲਮਾਂ ਬਣਾਉਣ ਲਈ ਕਈ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੁੰਦਾ ਹੈ।

**ਇਸ਼ਤਿਹਾਰ ਲਿਖਣਾ**:

1. **ਕਲਾਸੀਫਾਈਡ ਇਸ਼ਤਿਹਾਰ** : ਕਲਾਸੀਫਾਈਡ ਇਸ਼ਤਿਹਾਰ/ਵਿਗਿਆਪਨ ਲਿਖਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਸਭ ਹੋ ਉਪਰ ਇਸ਼ਤਿਹਾਰ ਦਾ ਸਿਰਲੇਖ ਹੁੰਦਾ ਹੈ ਜਿਵੇਂ: ਜਾਇਦਾਦ ਵਿਕਾਊ, ਨਾਮ ਦੀ ਤਬਦੀਲੀ, ਵਰ ਦੀ ਲੋੜ, ਕੰਨਿਆਂ ਦੀ ਲੋੜ, ਦਾਖਲੇ, ਗੁੰਮਸ਼ੁਦਾ, ਅਦਾਲਤੀ ਇਸ਼ਤਿਹਾਰ ਆਦਿ ਭਾਵ ਜਿਸ ਉਦੇਸ਼ ਲਈ ਵਿਗਿਆਪਨ ਦੇਣਾ ਹੈ, ਉਸਦਾ ਵਰਗੀਕਰਨ ਹੋਣਾ ਚਾਹੀਦਾ ਹੈ।

ਇਹ ਇਸ਼ਤਿਹਾਰ ਜਿਨ੍ਹਾਂ ਨੂੰ ਵਰਗੀਕ੍ਰਿਤ ਵਿਗਿਆਪਨ ਭਾਵ ਕਲਾਸੀਫਾਇਡ ਕਿਹਾ ਜਾਂਦਾ ਹੈ ਵਿੱਚ ਵੱਧ ਤੋਂ ਵੱਧ 50 ਸ਼ਬਦਾਂ ਤੱਕ ਹੀ ਇਬਾਰਤ ਹੋਵੇ ਤਾਂ ਚੰਗੀ ਹੁੰਦੀ ਹੈ ਵੈਸੇ ਕਈ ਇਸ਼ਤਿਹਾਰਾਂ ਵਿੱਚ ਵੱਧ ਸ਼ਬਦ ਵੀ ਹੋ ਸਕਦੇ ਹਨ।

ਇਸ ਇਸ਼ਤਿਹਾਰ ਵਿੱਚ ਜਾਣਕਾਰੀ ਸਿਧੇ ਰੂਪ 'ਚ ਦਿੱਤੀ ਜਾਂਦੀ ਹੈ ਅਤੇ ਸੰਪਰਕ ਕਰਨ ਲਈ ਲੋੜ ਅਨੁਸਾਰ ਟੈਲੀਫੋਨ, ਈ-ਮੇਲ ਪਤਾ ਆਦਿ ਵੀ ਦਿੱਤੇ ਜਾਂਦੇ ਹਨ। ਕੁਝ ਇਸ਼ਤਿਹਾਰਾਂ ਵਿੱਚ ਸੰਪਰਕ ਲਈ ਕੁਝ ਵੀ ਨਹੀਂ ਲਿਖਿਆ ਹੁੰਦਾ ਸਿਰਫ਼ ਪੋਸਟ ਬਾਕਸ ਨੰਬਰ ਲਿਖਿਆ ਹੁੰਦਾ ਹੈ 'ਪੋਸਟ ਬਾਕਸ' ਵਾਲੇ ਇਸ਼ਤਿਹਾਰਾਂ ਦੇ ਜਵਾਬ ਦੇਣ ਵਾਲੇ ਲੋਕਾਂ ਦੇ ਖਤ ਅਖ਼ਬਾਰ ਕੋਲ ਜਾਂਦੇ ਹਨ ਅਤੇ ਫਿਰ ਅਖ਼ਬਾਰ ਵਾਲੇ ਇਸ਼ਤਿਹਾਰ ਦੇਣ ਵਾਲੇ ਤੱਕ ਉਹ ਜਵਾਬ ਪਹੁੰਚਾਏ ਜਾਂਦੇ ਹਨ। 'ਪੋਸਟ ਬਾਕਸ' ਨੰਬਰ ਕਈ ਵਾਰ ਕੁਝ ਲੋਕਾਂ ਨੇ ਡਾਕਖਾਨੇ ਵਾਲਿਆਂ ਤੋਂ ਵੀ ਲਿਆ ਹੁੰਦਾ ਹੈ ਸੋ ਅਜਿਹੇ ਖਤ ਡਾਕਖਾਨੇ ਵਿਭਾਗ ਵਾਲੇ 'ਪੋਸਟ ਬੌਕਸ' ਦੇ ਮਾਲਕ ਕੋਲ ਆਪ ਪਹੁੰਚਾ ਦਿੰਦੇ ਹਨ।

ਇਸ ਤਰ੍ਹਾਂ ਦੇ ਇਸ਼ਤਿਹਾਰ ਪੜ੍ਹਨ ਤੇ ਅਧਿਐਨ ਕਰਨ ਲਈ ਵਿਦਿਆਰਥੀ ਕਿਸੇ ਵੀ ਭਾਸ਼ਾ ਦੇ ਅਖ਼ਬਾਰ ਜਾਂ ਮੈਗਜ਼ੀਨ ਚੋਂ ਪੜ੍ਹ ਸਕਦੇ ਹਨ ਅਤੇ ਅਭਿਆਸ ਵੀ ਕਰ ਸਕਦੇ ਹਨ।

2. **ਡਿਸਪਲੇ ਇਸ਼ਤਿਹਾਰ ਲਿਖਣਾ** : ਇਸ ਪ੍ਰਕਾਰ ਦੇ ਇਸ਼ਤਿਹਾਰ ਲਿਖਣ ਲਈ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਇਸ਼ਤਿਹਾਰ ਕਿਸ ਮਾਧਿਅਮ ਲਈ ਦੇਣਾ ਹੈ ਮਾਧਿਅਮ ਦੀਆਂ ਲੋੜਾਂ ਅਨੁਸਾਰ ਇਸ਼ਤਿਹਾਰ ਲਿਖਿਆ ਅਤੇ ਤਿਆਰ ਕੀਤਾ ਜਾਂਦਾ ਹੈ।

ਭਾਸ਼ਾ ਦੇ ਹਿਸਾਬ ਨਾਲ ਹਰ ਮਾਧਿਅਮ ਦੇ ਇਸ਼ਤਿਹਾਰ ਵਿਚ ਹੇਠ ਲਿਖੀਆਂ ਗੱਲਾਂ ਦਾ ਹੋਣਾ ਜ਼ਰੂਰੀ ਹੈ:

- ਮੁੱਖ ਲਾਇਨਾਂ ਬਹੁਤ ਦਿਲ ਖਿਚਵੀਆਂ ਹੋਣ।
- ਡਿਸਕਾਊਂਟ ਜਾਂ ਗਾਹਕਾਂ ਨੂੰ ਦੇਣ ਵਾਲੀਆਂ ਸਹੂਲਤਾਂ ਮੋਟੇ ਅੱਖਰਾਂ 'ਚ ਹੋਣ।
- ਇਸ ਤਰ੍ਹਾਂ ਦੀਆਂ ਲਾਇਨਾਂ ਨੂੰ ਵੱਖ-ਵੱਖ ਰੰਗਾਂ ਅਤੇ ਫੌਂਟ ਸਾਈਜ਼ ਅਤੇ ਸਟਾਇਲ 'ਚ ਵਰਤਣਾ ਚਾਹੀਦਾ ਹੈ।
- ਇਸ਼ਤਿਹਾਰਾਂ 'ਚ ਵਰਤੀਆਂ ਜਾਣ ਵਾਲੀਆਂ ਤਸਵੀਰਾਂ ਵਧੀਆ ਹੋਣ।
- ਨਾਮ, ਸੰਪਰਕ ਨੰਬਰ ਅਤੇ ਬਾਕੀ ਵਿਸਤਾਰ ਵੀ ਹੋਵੇ।

**ਇਸ਼ਤਿਹਾਰ ਲਿਖਣ ਲਈ ਧਿਆਨ ਦੇਣ ਯੋਗ ਗੱਲਾਂ** :

- ਬਹੁਤੇ ਨਿੱਕੇ ਅਤੇ ਸਾਧਾਰਣ ਸ਼ਬਦਾਂ ਦੀ ਵਰਤੋਂ ਕਰੋ।
- ਭਾਸ਼ਾ ਬਹੁਤ ਸਾਦੀ ਅਤੇ ਆਮ ਪਾਠਕ ਦੇ ਸਮਝਣ ਵਾਲੀ ਹੋਣੀ ਚਾਹੀਦੀ ਹੈ।
- ਥੋੜੇ ਸ਼ਬਦਾਂ 'ਚ ਵੱਧ ਜਾਣਕਾਰੀ ਹੋਵੇ।
- ਔਖੇ ਸ਼ਬਦਾਂ ਨੂੰ ਬਿਲਕੁਲ ਨਾ ਵਰਤੋ।
- ਨਾਮ, ਸੰਪਰਕ ਵਿਸਤਾਰ ਜ਼ਰੂਰ ਦੱਸੋ।

**ਕੁਝ ਖਾਸ ਨੁਕਤੇ** : ਚੰਗੇ ਇਸ਼ਤਿਹਾਰ ਤਿਆਰ ਕਰਨ ਜ਼ਰੂਰੀ ਹੈ ਕਿ ਵੱਖ ਵੱਖ ਸਾਧਨਾਂ 'ਚ ਵੱਖ ਵੱਖ ਤਰ੍ਹਾਂ ਦੇ ਇਸ਼ਤਿਹਾਰਾਂ ਦਾ ਅਧਿਐਨ ਕੀਤਾ ਜਾਵੇ ਇਸ਼ਤਿਹਾਰ ਲਿਖਣ ਸਮੇਂ ਕਲਪਨਾ ਨਾਲ ਆਪਣਾ ਸੰਦੇਸ਼ ਤਿਆਰ ਕਰਨ ਦੀ ਕੋਸ਼ਿਸ਼ ਕਰੋ ਕਦੇ ਵੀ ਕਿਸੇ ਇਸ਼ਤਿਹਾਰ ਦੀ ਕਿਸੇ ਵੀ ਤਰ੍ਹਾਂ ਨਕਲ ਨਹੀਂ ਕਰਨੀ ਚਾਹੀਦੀ।

ਵੱਖ-ਵੱਖ ਸਾਧਨਾਂ ਲਈ ਵਿਗਿਆਪਨ/ਇਸ਼ਤਿਹਾਰ ਤਿਆਰ ਕਰਨ ਲਈ ਵੱਖ-ਵੱਖ ਲੋੜਾਂ ਹੁੰਦੀਆਂ ਹਨ ਪਰ ਹਰ ਮਾਧਿਅਮ ਲਈ ਇਸ਼ਤਿਹਾਰ ਲਿਖਣਾ ਹੀ ਪੈਂਦਾ ਹੈ। ਭਾਸ਼ਾ ਇਸ਼ਤਿਹਾਰਾਂ ਦੀ ਰੂਹ ਹੁੰਦੀ ਹੈ ਸੋ ਇਸ਼ਤਿਹਾਰ ਲਿਖਣ ਸਮੇਂ ਭਾਸ਼ਾਂ ਦੇ ਸ਼ਬਦਾਂ ਦੀ ਚੋਣ ਲੇਖਕ ਦੀ ਯੋਗਤਾ ਮੰਨੀ ਜਾਂਦੀ ਹੈ।

**ਅਭਿਆਸ** :

1. ਇਸ਼ਤਿਹਾਰ ਕੀ ਹੁੰਦਾ ਹੈ ? ਵਿਸਤਾਰ 'ਚ ਲਿਖੋ।
2. ਇਸ਼ਤਿਹਾਰ ਕਿੰਨੀ ਕਿਸਮ ਦੇ ਹੁੰਦੇ ਹਨ? ਡਿਸਪਲੇ ਇਸ਼ਤਿਹਾਰਾਂ ਬਾਰੇ ਤੁਸੀਂ ਕੀ ਜਾਣਦੇ ਹੋ?
3. ਇਸ਼ਤਿਹਾਰ ਦੇਣ ਲਈ ਕਿਹੜੇ ਸਾਧਨ ਵਰਤੇ ਜਾਂਦੇ ਹਨ ? ਵਿਸਤਾਰ 'ਚ ਲਿਖੋ।

4. ਅਖ਼ਬਾਰਾਂ ਵਿਚਲੇ ਕਲਾਸੀਫਾਈਡ ਇਸ਼ਤਿਹਾਰਾਂ ਦਾ ਅਧਿਐਨ ਕਰਕੇ ਇਕ ਰਿਪੋਰਟ ਲਿਖੋ।

5. ਦੋ ਕਲਾਸੀਫਾਈਡ ਇਸ਼ਤਿਹਾਰ ਲਿਖੋ।

(1) ਕੰਨਿਆਂ ਦੀ ਲੋੜ

(2) ਲੜਕੀਆਂ ਦਾ ਪੀ.ਜੀ.

6. ਇਕ ਮੁਬਾਇਲ ਫੋਨ ਕੰਪਨੀ ਦਾ ਡਿਸਪਲੇ ਵਿਗਿਆਪਨ ਲਿਖੋ।

**ਪਾਠ ਨੰਬਰ : 2.8** **ਲੇਖਕ : ਅਮਰਜੀਤ ਸਿੰਘ ਵੜੈਚ**

## ਇਸ਼ਤਿਹਾਰ ਖ਼ਬਰ : ਸੰਕਲਪ ਅਤੇ ਅਭਿਆਸ

**ਖ਼ਬਰ :** ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਖ਼ਬਰ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਕੋਈ ਨਵੀਂ ਸੂਚਨਾ ਜਾਂ ਜਾਣਕਾਰੀ ਅੱਜਕਲ੍ਹ ਖ਼ਬਰ ਦੇ ਮੁੱਖ ਤੌਰ ਤੇ ਅਰਥ 'ਨਿਊਜ਼' ਤੋਂ ਹੀ ਸਮਝੇ ਜਾਂਦੇ ਹਨ। ਖ਼ਬਰ ਸ਼ਬਦ ਦੇ ਨਾਲ ਕੁਝ ਹੋਰ ਸ਼ਬਦ ਜੁੜ ਜਾਣ ਤਾਂ ਇਹ ਖ਼ਬਰਸਾਰ, ਖ਼ਬਰ ਲੈਣੀ, ਖ਼ਬਰਗੀਰ, ਖ਼ਬਰਦਾਰ ਆਦਿ ਬਣਦੇ ਹਨ। ਇਹ ਸ਼ਬਦ ਖੱਖੇ ਦੇ ਪੈਰ ਬਿੰਦੀ ਨਾਲ ਲਿਖਿਆ ਜਾਂਦਾ ਹੈ ਪਰ ਹੁਣ ਪੰਜਾਬੀ ਯੂਨੀਵਰਸਿਟੀ ਦੀ ਡਿਕਸ਼ਨਰੀ ਵਿਚ ਇਹ ਬਿਨਾ ਪੈਰ-ਬਿੰਦੀ ਤੋਂ ਹੀ ਦਰਜ ਕੀਤਾ ਗਿਆ ਹੈ।

ਅਸਲ ਵਿਚ ਰੋਜ਼ਾਨਾ ਹੋਣ ਵਾਲੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ, ਵਪਾਰਕ, ਵਿਦਿਅਕ, ਖੇਡਾਂ ਆਦਿ ਦੀਆਂ ਸਰਗਰਮੀਆਂ ਨਾਲ ਸਬੰਧਿਤ ਅਖ਼ਬਾਰਾਂ ਜਾਂ ਦੂਸਰੇ ਮੀਡੀਆ ਵਿਚ ਪੇਸ਼ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਖ਼ਬਰ ਕਿਹਾ ਜਾਂਦਾ ਹੈ। ਇਹ ਖ਼ਬਰਾਂ ਹਾਦਸਿਆਂ, ਜੁਰਮ, ਚੋਰੀਆਂ ਆਦਿ ਭਾਵ ਉਨ੍ਹਾਂ ਵਿਸ਼ਿਆ ਨਾਲ ਵੀ ਸਬੰਧਿਤ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਮਾੜਾ ਜਾਂ ਗ਼ਲਤ ਮੰਨਦੇ ਹਾਂ।

ਇੱਥੇ ਅਸੀਂ 'ਇਸ਼ਤਿਹਾਰੀ ਖ਼ਬਰ' ਦੀ ਗੱਲ ਕਰਨੀ ਹੈ ਇਸ ਸ਼ਬਦ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਅਜਿਹੀ ਕਿਸਮ ਦੀਆਂ ਖ਼ਬਰਾਂ ਇਸ਼ਤਿਹਾਰ ਵਾਂਗ ਪੈਸੇ ਦੇ ਕੇ ਹੀ ਮੀਡੀਆ ਵਿਚ ਜਾਰੀ ਕੀਤੀਆਂ ਜਾਂਦੀਆ ਹਨ।

ਅੱਜ ਤੋਂ ਤਕਰੀਬਨ 20 ਵਰ੍ਹੇ ਪਹਿਲਾਂ ਤੱਕ 'ਇਸ਼ਤਿਹਾਰੀ ਖ਼ਬਰ' ਦਾ ਪ੍ਰਚਲਨ ਨਹੀਂ ਸੀ ਅੱਜ ਕੱਲ੍ਹ 'ਇਸ਼ਤਿਹਾਰੀ ਖ਼ਬਰ' ਅਖ਼ਬਾਰਾਂ/ਮੈਗ਼ਜੀਨਾਂ 'ਚ ਮਿਲਦੀ ਹੈ।

(1) ਖ਼ਬਰਾਂ ਦੇ ਰੂਪ ਵਿਚ

(2) ਆਰਟੀਕਲ ਦੇ ਰੂਪ ਵਿਚ

ਇਹ ਖ਼ਬਰਾਂ ਵੀਜੂਅਲ ਮੀਡੀਆ ਜਿਵੇਂ ਟੀ.ਵੀ. ਤੇ ਆਨਲਾਈਨ ਪੋਰਟਲਾਂ ਉਪਰ ਫੀਚਰ ਦੇ ਰੂਪ ਵਿਚ ਜਾਂ 'ਖ਼ਬਰਾਂ' ਦੇ ਰੂਪ 'ਚ ਪੇਸ਼ ਕੀਤੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਦੀਆਂ ਖ਼ਬਰਾਂ ਦਾ ਮਕਸਦ ਵੀ ਇਸ਼ਤਿਹਾਰਾਂ ਵਾਲਾ ਹੀ ਹੁੰਦਾ ਹੈ ਭਾਵ ਕੋਈ ਵਸਤੂ, ਸੇਵਾ ਜਾਂ ਕੋਈ ਮਸ਼ਹੂਰੀ ਕਰਾਉਣ ਲਈ ਇਸ ਕਿਸਮ ਦੀਆਂ ਖ਼ਬਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਕੱਲ੍ਹ ਇਸ ਕਿਸਮ ਦੇ ਇਸ਼ਤਿਹਾਰਾਂ ਨੂੰ 'Advertorial' ਵੀ ਕਿਹਾ ਜਾਂਦਾ ਹੈ। ਪਹਿਲਾਂ ਤਾਂ ਸਿਰਫ਼ 'ਖ਼ਬਰਾਂ ਹੀ ਪੈਸੇ ਦੇ ਕੇ ਅਖ਼ਬਾਰਾਂ ਜਾਂ ਟੀ.ਵੀ. ਵਿੱਚ ਦਿੱਤੀਆਂ ਜਾਂਦੀਆ ਸਨ। ਹੁਣ ਅਖ਼ਬਾਰਾਂ ਵਿਚ ਪੂਰੇ ਦਾ ਪੂਰਾ ਇਕ ਜਾਂ ਵੱਧ ਪੰਨੇ ਖ਼ਰੀਦ ਲਏ ਜਾਂਦੇ ਹਨ। ਉਨ੍ਹਾਂ ਪੰਨਿਆ ਉਪਰ ਜਾਣਕਾਰੀ ਨੂੰ ਇਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਪਾਠਕ ਨੂੰ ਉਹ ਜਾਣਕਾਰੀ

ਖ਼ਬਰਾਂ ਜਾਂ ਲੇਖਾਂ ਦਾ ਭੁਲੇਖਾ ਪਾਉਂਦੀ ਹੈ। ਇਸ ਤਰ੍ਹਾਂ ਦੇ ਪੰਨਿਆਂ ਦੇ ਉਪਰ ਛੋਟਾ ਜਿਹਾ ਕਰਕੇ 'Advertorial' ਛਪਿਆ ਹੁੰਦਾ ਹੈ।

ਆਮ ਖ਼ਬਰ ਤੇ 'ਇਸ਼ਤਿਹਾਰੀ ਖ਼ਬਰ' ਦੀ ਪਹਿਚਾਣ ਇਹ ਹੁੰਦੀ ਹੈ ਕਿ ਆਮ ਖ਼ਬਰ ਦੀ ਸ਼ੁਰੂਆਤ ਵਿਚ ਸ਼ਹਿਰ ਦਾ ਨਾਮ, ਤਾਰੀਖ ਤੇ ਬਰੈਕਟ ਵਿਚ ਪੱਤਰਕਾਰ ਜਾਂ ਖ਼ਬਰ ਏਜੰਸੀ ਦਾ ਨਾਮ ਲਿਖਿਆ ਹੁੰਦਾ ਹੈ। ਪਰ ਇਸ ਵਿਚ ਇੰਜ ਨਹੀਂ ਲਿਖਿਆ ਹੁੰਦਾ ਅਤੇ ਖ਼ਬਰ ਦੇ ਅੰਤ ਵਿਚ ਬਹੁਤ ਨਿੱਕੇ ਅੱਖਰਾਂ 'ਚ 'Advt' ਲਿਖਿਆ ਹੁੰਦਾ ਹੈ ਇਸ ਬਾਰੇ ਆਮ ਪਾਠਕ ਨੂੰ ਪਤਾ ਨਹੀਂ ਲੱਗਦਾ।

ਇਸ ਤਰ੍ਹਾਂ ਦੀਆਂ 'ਇਸ਼ਤਿਹਾਰੀ ਖ਼ਬਰਾਂ' ਦੇਣ ਦਾ ਉਦੇਸ਼ ਤਾਂ ਕੋਈ ਚੀਜ਼/ਸੇਵਾ ਵੇਚਣਾ ਹੀ ਹੁੰਦਾ ਹੈ ਤਾਂ ਕਿ ਪਾਠਕਾਂ ਤੱਕ ਵਿਸਤਾਰ 'ਚ ਜਾਣਕਾਰੀ ਦਿੱਤੀ ਜਾ ਸਕੇ। ਪਰ ਅੱਜ-ਕੱਲ੍ਹ ਸਰਕਾਰਾਂ, ਵਿੱਦਿਅਕ ਅਦਾਰੇ ਆਪਣਾ ਅਕਸ ਉਭਾਰਨ ਲਈ ਵੀ ਇਸ ਕਿਸਮ ਦੀਆਂ ਖ਼ਬਰਾਂ ਦੀ ਵਰਤੋਂ ਕਰਦੇ ਹਨ। ਅੱਜ-ਕੱਲ੍ਹ ਤਾਂ ਸਰਕਾਰਾਂ ਇਸ ਢੰਗ ਨੂੰ ਵੱਧ ਅਪਣਾ ਰਹੀਆਂ ਹਨ।

ਅਜਿਹੀਆਂ ਖ਼ਬਰਾਂ ਵਿਚ ਕਿਸੇ ਇਕ ਮਕਸਦ ਲਈ ਹੀ ਸਮੱਗਰੀ ਹੁੰਦੀ ਹੈ ਇਸ ਕਿਸਮ ਦੀਆਂ ਬਹੁਤੀਆਂ ਖ਼ਬਰਾਂ ਲੋਕ ਸਭਾ ਜਾਂ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਜ਼ਿਆਦਾ ਪ੍ਰਕਾਸ਼ਿਤ ਹੁੰਦੀਆਂ ਹਨ। ਵੈਸੇ ਅਜਿਹੀਆਂ ਕਈ ਕੰਪਨੀਆਂ ਵਪਾਰਿਕ ਉਦੇਸ਼ ਨਾਲ ਵੀ ਛਪਵਾਉਂਦੀਆਂ ਹਨ। ਇਨ੍ਹਾਂ ਨੂੰ ਹੀ Paid news ਕਿਹਾ ਜਾਂਦਾ ਹੈ ਅਜਿਹੀਆਂ ਰਾਜਨੀਤਿਕ ਖ਼ਬਰਾਂ ਤੇ ਭਾਰਤ ਸਰਕਾਰ ਦੀ ਪ੍ਰੈਸ ਕੌਂਸਲ ਆਫ਼ ਇੰਡੀਆ ਵੱਲੋਂ ਕੁਝ ਖ਼ਾਸ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਚੋਣਾਂ ਸਮੇਂ ਰਾਜਨੀਤਿਕ ਪਾਰਟੀਆਂ ਵੱਲੋਂ ਅਜਿਹੀਆਂ Paid news ਸ਼ਨਾਖਤ ਹੋ ਜਾਣ ਮਗਰੋਂ 'ਇਲੈਕਸ਼ਨ ਕਮਿਸ਼ਨ ਆਫ਼ ਇੰਡੀਆ' ਬਹੁਤ ਸਖ਼ਤ ਕਾਰਵਾਈ ਕਰ ਸਕਦਾ ਹੈ।

ਇਸ ਤਰ੍ਹਾਂ ਦੀਆਂ ਖ਼ਬਰਾਂ ਲਿਖਣ ਲਈ ਜ਼ਰੂਰੀ ਹੁੰਦਾ ਹੈ ਕਿ ਜਿਸ ਕੰਪਨੀ/ਫ਼ਰਮ ਲਈ ਖ਼ਬਰ ਲਿਖੀ ਜਾਵੇ ਉਸ ਦੀ ਵਸਤੂ/ਸੇਵਾ ਦੀ ਸਿਧੇ ਸਾਦੇ ਸ਼ਬਦਾਂ 'ਚ ਭਰਪੂਰ ਸ਼ਲਾਘਾ ਕੀਤੀ ਜਾਵੇ। ਇਸੇ ਤਰ੍ਹਾਂ ਹੀ 'ਐਡਵਰਟੋਰੀਅਲ' ਲਈ ਲੇਖ ਲਿਖਣ ਵੇਲੇ ਵੀ ਭਾਸ਼ਾ, ਵਾਕ, ਮੁਹਾਵਰੇ ਆਦਿ ਇਸ ਢੰਗ ਨਾਲ ਵਰਤਣੇ ਚਾਹੀਦੇ ਹਨ ਕਿ ਪਾਠਕ ਉਹ ਵਸਤੂ/ਸੇਵਾ ਪ੍ਰਾਪਤ ਕਰਨ ਲਈ ਤਿਆਰ ਹੋ ਜਾਵੇ ਜਾਂ ਫਿਰ ਉਸ ਵਸਤੂ/ਸੇਵਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਸਬੰਧਿਤ ਫਰਮ/ਕੰਪਨੀ ਨਾਲ ਸੰਪਰਕ ਕਰੇ।

ਇਸ ਤਰ੍ਹਾਂ ਦੀਆਂ ਖ਼ਬਰਾਂ ਲਿਖਣ ਸਮੇਂ ਵੀ ਕੰਪਨੀ ਦਾ ਪਤਾ, ਈਮੇਲ, ਸੰਪਰਕ ਕਰਨ ਵਾਲੇ ਵਿਅਕਤੀ ਆਦਿ ਬਾਰੇ ਜਰੂਰ ਜਾਣਕਾਰੀ ਦਿਤੀ ਜਾਵੇ ਅਜਿਹੀਆਂ ਖ਼ਬਰਾਂ ਲਈ ਤਸਵੀਰਾਂ ਦੀ ਵੀ ਯੋਗ ਵਰਤੋਂ ਕੀਤੀ ਜਾ ਸਕਦੀ ਹੈ।

ਇਸ ਤਰ੍ਹਾਂ ਦੀਆਂ ਸੇਵਾਵਾਂ ਦੇਣ ਲਈ ਵੀ ਕਈ ਕੰਪਨੀਆਂ ਕੰਮ ਕਰਦੀਆਂ ਹਨ ਜਿਥੇ ਹਰ ਤਰ੍ਹਾਂ ਦੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਇਸ ਤਰ੍ਹਾਂ ਦੀਆਂ ਖ਼ਬਰਾਂ ਅਖ਼ਬਾਰਾਂ, ਰੇਡੀਓ, ਟੀ.ਵੀ. ਅਤੇ ਸੋਸ਼ਲ ਮੀਡੀਆਂ ਪਲੇਟ

ਫਾਰਮਾਂ ਸਮੇਤ ਵੈਬ ਸਾਈਟਸ ਤੇ ਵੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਇਨ੍ਹਾਂ ਕੰਪਨੀਆਂ 'ਚ ਵੀ ਖ਼ਬਰਾਂ ਲਿਖਣ, ਤਸਵੀਰਾਂ ਖਿੱਚਣ, ਐਡੀਟਿੰਗ, ਵੀਡੀਓਗਰਾਫੀ ਆਦਿ ਲਈ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ।

**ਅਭਿਆਸ:**

1. ਖ਼ਬਰ ਦਾ ਮਤਲਬ ਕੀ ਹੁੰਦਾ ਹੈ ? ਆਪਣੇ ਮਨਪਸੰਦ ਵਿਸ਼ੇ ਤੇ 200 ਸ਼ਬਦਾਂ ਦੀ ਇਸ਼ਤਿਹਾਰੀ ਖ਼ਬਰ ਲਿਖੋ।
2. 'ਐਡਵਰਟੋਰੀਅਲ' ਕੀ ਹੁੰਦਾ ਹੈ ? ਵਿਸਤਾਰ 'ਚ ਲਿਖੋ।
3. Paid news ਕੀ ਹੁੰਦੀ ਹੈ ? ਇਸ ਦੀ ਵਧੇਰੇ ਵਰਤੋਂ ਹੁੰਦੀ ਹੈ, ਵਿਸਤਾਰ 'ਚ ਲਿਖੋ।
4. ਕਿਸੇ ਵੀ ਸਰਕਾਰ ਦੇ ਕਿਸੇ ਇਕ ਸਕੀਮ ਤੇ 'ਇਸ਼ਤਿਹਾਰੀ ਖ਼ਬਰ' ਲਿਖੋ।
5. 'ਇਸ਼ਤਿਹਾਰ ਖ਼ਬਰ' ਦੀਆਂ ਕੀ ਕੀ ਲੋੜਾਂ ਹੁੰਦੀਆਂ ਹਨ।

Type Setting :

Department of Distance Education, Punjabi University, Patiala.

# ਨਾਵਲ, ਨਾਵਲੈਟ ਅਤੇ ਲੰਮੀ ਕਹਾਣੀ: ਰੂਪਾਕਾਰਕ ਅੰਤਰ ਨਿਖੇੜ

ਡਾ. ਸੁਰਜੀਤ ਸਿੰਘ

(ਆਦਿ ਕਥਨ)

ਆਧੁਨਿਕ ਪੰਜਾਬੀ ਗਲਪ ਵਿੱਚ ਮੁਖ ਤੌਰ ਤੇ ਚਾਰ ਰੂਪਾਕਾਰਾਂ ਦੀ ਨਿਸ਼ਾਨ ਦੇਹੀ ਕੀਤੀ ਮਿਲਦੀ ਹੈ। ਇਹ ਰੂਪਾਕਾਰ ਹਨ ਕਹਾਣੀ (ਇਸ ਦੇ ਅੱਗੋਂ ਦੋ ਰੂਪ ਭੇਦ ਮੰਨੇ ਗਏ ਹਨ: ਨਿੱਕੀ ਕਹਾਣੀ ਅਤੇ ਲੰਮੀ-ਨਿੱਕੀ ਕਹਾਣੀ[1]), ਮਿੰਨੀ ਕਹਾਣੀ, ਨਾਵਲਿਟ (ਉਪਨਿਆਸਿਕਾ) ਤੇ ਨਾਵਲ। ਇਨ੍ਹਾਂ ਵਿੱਚੋਂ ਨਾਵਲ ਅਤੇ ਨਿੱਕੀ ਕਹਾਣੀ ਨੂੰ ਤਾਂ ਸੁਤੰਤਰ ਰੂਪਾਕਾਰ ਦੇ ਤੌਰ 'ਤੇ ਮਾਨਤਾ ਵੀ ਪ੍ਰਾਪਤ ਹੈ ਅਤੇ ਇਨ੍ਹਾਂ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਨੂੰ ਵੀ ਸਪੱਸ਼ਟ ਭਾਂਤ ਪਛਾਣਿਆ ਤੇ ਸਥਾਪਿਤ ਕੀਤਾ ਜਾ ਚੁੱਕਿਆ ਹੈ। ਇਨ੍ਹਾਂ ਦੀ ਆਪਣੀ ਮੌਲਿਕ ਪਛਾਣ ਦੇ ਸੂਤਰਾਂ ਦੇ ਨਾਲ ਨਾਲ ਇਕ ਦੂਜੇ ਦੀ ਤੁਲਨਾ ਵਿੱਚ ਨਿਖੜਵੇਂ ਲੱਛਣ ਵੀ ਉਭਾਰੇ ਗਏ ਹਨ। ਡਾ. ਜੋਗਿੰਦਰ ਸਿੰਘ ਰਾਹੀ ਨਿੱਕੀ ਕਹਾਣੀ ਅਤੇ ਨਾਵਲ ਦਾ ਰੂਪਾਕਾਰਕ ਨਿਖੇੜਾ ਕਰਦੇ ਹੋਏ ਲਿਖਦੇ ਹਨ ਕਿ, 'ਨਿੱਕੀ ਕਹਾਣੀ ਸਮੱਸਿਆਵਾਂ ਵਿੱਚ ਫਾਥੇ ਸਧਾਰਣ ਮਨੁੱਖ ਦੀਆਂ ਦੁਬਿਧਾਵਾਂ ਨੂੰ ਚਿਤਰਦੀ ਹੈ ਤੇ ਨਾਵਲ ਸਧਾਰਣ ਨਾਲੋਂ ਛੋਟੇ ਜਾਂ ਵੱਡੇ ਪੱਧਰ ਉੱਤੇ ਉੱਪਰ ਉਠ ਕੇ ਜੂਝਣ ਵਾਲੇ ਮਨੁੱਖ ਦੀਆਂ ਦੁਬਿਧਾਵਾਂ ਨੂੰ। ਨਿੱਕੀ ਕਹਾਣੀ ਦੁਬਿਧਾਵਾਂ ਦੇ ਯਥਾਰਥ ਨੂੰ ਕੇਵਲ ਉਸ ਦੇ ਮਾਨਵੀ ਸੰਦਰਭ ਵਿੱਚ ਚਿਤ੍ਰਦੀ ਹੈ ਤੇ ਨਾਵਲ ਇਤਿਹਾਸਕ ਸੰਦਰਭ ਵਿੱਚ।'[2] ਇੰਝ ਪੰਜਾਬੀ ਦੇ ਸਾਹਿਤਕ ਅਤੇ ਅਕਾਦਮਿਕ ਦਾਇਰਿਆਂ ਵਿੱਚ ਇਨ੍ਹਾਂ ਰੂਪਾਕਾਰਾਂ ਦੀ ਪਛਾਣ ਦਾ ਮਸਲਾ ਮੁਕਾਬਲਤਨ ਨਜਿੱਠਿਆ ਜਾ ਚੁੱਕਿਆ ਹੈ। ਪਰ ਇਨ੍ਹਾਂ ਰੂਪਾਕਾਰਾਂ ਦੀ ਤੁਲਨਾ ਵਿੱਚ ਲੰਮੀ ਕਹਾਣੀ, ਮਿੰਨੀ ਕਹਾਣੀ ਅਤੇ ਨਾਵਲਿਟ ਦੀ ਸਥਿਤੀ ਕੁੱਝ ਨਾਜ਼ੁਕ ਹੈ। ਲੰਮੀ ਕਹਾਣੀ ਨੂੰ ਤਾਂ ਜ਼ਿਆਦਾਤਰ ਨਿੱਕੀ ਹੁਨਰੀ ਕਹਾਣੀ ਦਾ ਹੀ ਇਕ ਰੂਪ-ਭੇਦ ਮੰਨਿਆ ਗਿਆ ਹੈ ਅਤੇ ਪੰਜਾਬੀ ਦੇ ਸਥਾਪਿਤ ਆਲੋਚਕਾਂ ਨੇ ਇਸ ਨੂੰ ਇੱਕ ਵੱਖਰੀ ਤੇ ਸੁਤੰਤਰ ਰੂਪ-ਵਿਧਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।[3] ਸਮਕਾਲ ਵਿੱਚ ਲੰਮੀ ਕਹਾਣੀ ਸਭ ਤੋਂ ਚਰਚਿਤ ਅਤੇ ਲੋਕ-ਪ੍ਰਿਯ 'ਰੂਪ-ਭੇਦ' ਹੈ। ਸ਼ਾਇਦ ਇਸ ਦਾ ਸਮਕਾਲ ਵਿੱਚ ਇਕ ਬਿਲਕੁਲ ਨਵੇਂ ਪਰ ਵਿਆਪਕ ਵਰਤਾਰੇ ਦੇ ਤੌਰ 'ਤੇ ਮੌਜੂਦ ਹੋਣਾ ਹੀ ਇਕ ਕਾਰਣ ਹੈ ਕਿ ਇਸ ਬਾਰੇ ਇਕ ਨਿਸ਼ਚਿਤ ਵਿੱਥ ਤੋਂ ਅੰਤਿਮ ਧਾਰਣਾ ਬਣਾਉਣੀ ਮੁਸ਼ਕਿਲ ਹੈ। ਇਹ ਸਾਹਿਤਕ ਵਰਤਾਰਾ ਹਾਲੇ ਬਣਨ ਦੀ ਪ੍ਰਕਿਰਿਆ ਵਿੱਚ ਹੈ ਜਿਸ ਕਰਕੇ ਇਸ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਨੂੰ ਅੰਕਿਤ ਕਰਨਾ ਜ਼ੋਖ਼ਿਮ ਭਰਿਆ ਕਾਰਜ ਹੈ। ਇਸ ਦੇ ਮੁਕਾਬਲੇ ਨਾਵਲਿਟ ਅਜਿਹਾ ਰੂਪਾਕਾਰ ਹੈ ਜਿਸ ਦੇ ਸਥਾਪਿਤ ਨਾ ਹੋਣ ਦਾ ਕਾਰਣ ਇਹ ਹੈ

Scanned with CamScanner

ਕਿ ਇਹ ਬਹੁਤ ਘੱਟ ਮਾਤਰਾ ਵਿੱਚ ਲਿਖਿਆ ਗਿਆ ਹੈ ਜਾਂ ਘੱਟੋ ਘੱਟ ਅਜਿਹੀਆਂ ਰਚਨਾਵਾਂ ਘੱਟ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਨੂੰ ਨਾਵਲਿਟ ਕਿਹਾ ਗਿਆ ਹੋਵੇ। (ਭਾਵੇਂ ਨਾਵਲਿਟ ਦੀਆਂ ਉਪਲਬਧ ਪਰਿਭਾਸ਼ਾਵਾਂ ਦੇ ਨੁਕਤੇ ਤੋਂ ਵਿਚਾਰਿਆਂ ਬਹੁਤ ਸਾਰੀਆਂ ਨਾਵਲ ਦੇ ਤੌਰ ਛਪੀਆਂ ਤੇ ਲੋਕ-ਪ੍ਰਿਯ ਹੋਈਆਂ ਰਚਨਾਵਾਂ ਨਾਵਨਿਟ ਦੇ ਚੌਖਟੇ ਦੀਆਂ ਅਨੁਸਾਰੀ ਹੀ ਨਿਕਲ ਆਉਣਗੀਆਂ।) ਸ਼ਾਇਦ ਇਸ ਕਰਕੇ ਨਾਵਲਿਟ ਨੂੰ ਵਿਕੋਲਿੱਤਰੀਆਂ ਸਾਹਿਤਕ ਘਟਨਾਵਾਂ ਦੇ ਤੌਰ 'ਤੇ ਹੀ ਸਵੀਕਾਰ ਕੀਤਾ ਗਿਆ (ਜੋ ਕਿ ਪੰਜਾਬੀ ਪਤ੍ਰਿਕਾਵਾਂ ਦੀਆਂ ਫ਼ੌਰੀ ਲੋੜਾਂ ਦੀ ਪੂਰਤੀ ਦੇ ਯਤਨਾਂ ਵਿੱਚੋਂ ਉਪਜੀਆਂ) ਨਾ ਕਿ ਇਕ ਗੰਭੀਰ ਨਿਰੰਤਰ ਵਰਤਾਰੇ ਦੇ ਤੌਰ 'ਤੇ, ਜਿਸ ਨੂੰ ਪਰਿਭਾਸ਼ਾਬੱਧ ਕਰਨਾ ਸਾਹਿਤ ਆਲੋਚਕਾਂ ਤੇ ਸਿੱਧਾਂਤਕਾਰਾਂ ਨੂੰ ਜ਼ਰੂਰੀ ਭਾਸਦਾ। ਇਸ ਤੋਂ ਉਲਟ ਮਿੰਨੀ ਕਹਾਣੀ ਕੁਝ ਜ਼ਿਆਦਾ ਹੀ ਲਿਖੇ ਜਾਣ ਕਾਰਨ ਇਕ ਗੰਭੀਰ ਸਾਹਿਤਕ ਰੂਪਾਕਾਰ ਵਜੋਂ ਪ੍ਰਵਾਨ ਨਹੀਂ ਹੋ ਸਕੀ। ਪੰਜਾਬੀ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਜ਼ਰੂਰੀ ਸਮੱਗਰੀ ਦੇ ਛਪਣ ਉਪਰੰਤ ਜੋ ਵਾਧੂ ਸਪੇਸ ਬਚ ਜਾਂਦੀ, ਉਸ ਵਿੱਚ ਕੁੱਝ ਅਜਿਹਾ ਛਾਪਣ ਦੀ ਮੰਗ ਨੇ; ਜੋ ਸੰਖੇਪ ਵੀ ਹੋਵੇ ਤੇ ਯਕਦਮ ਅਸਰ-ਅੰਦਾਜ਼ ਹੋਣ ਵਾਲਾ ਵੀ; ਪੰਜਾਬੀ ਵਿੱਚ ਮਿੰਨੀ ਕਹਾਣੀ ਦਾ ਹੜ੍ਹ ਲੈ ਆਉਂਦਾ। ਅਖ਼ਬਾਰਾਂ ਰਸਾਲਿਆਂ ਦੀ ਜ਼ਰੂਰੀ ਸਮੱਗਰੀ ਦੇ ਤੌਰ ਤੇ ਛਪਣ ਵਾਲੀਆਂ ਰਚਨਾਵਾਂ ਦੀ ਸਿਰਜਣਾਂ ਕਰਨ ਤੋਂ ਅਸਮਰੱਥ ਬਹੁਤ ਸਾਰੇ ਲੇਖਕਾਂ ਨੇ ਇਸ ਬਚੀ ਸਪੇਸ ਲਈ ਰਚਨਾ ਕਰਨੀ ਸ਼ੁਰੂ ਕਰ ਦਿੱਤੀ। ਇਸ ਕਿਸਮ ਦੀ ਪ੍ਰੇਰਣਾਂ ਕਾਰਣ ਕਲਾਤਮਕ ਉਤਕ੍ਰਿਸ਼ਟਤਾ ਤੋਂ ਸੱਖਣੀਆਂ ਰਚਨਾਵਾਂ ਦੀ ਬਹੁਤਾਤ ਨੇ ਮਿੰਨੀ-ਕਹਾਣੀ ਦੀ ਵਿਧਾ ਦੀਆਂ ਜੋ ਸੰਭਾਵਨਾਵਾਂ ਬਣ ਸਕਦੀਆਂ ਸਨ ਉਹ ਸਾਕਾਰ ਨਾ ਹੋਣ ਦਿੱਤੀਆਂ ਅਤੇ ਕੁਝ ਕੁ ਚੰਗੀਆਂ ਰਚਨਾਵਾਂ ਸਧਾਰਣ ਪੱਧਰ ਦੀਆਂ ਰਚਨਾਵਾਂ ਦੇ ਖਿਲਾਰੇ ਵਿੱਚ ਗੁੰਮ ਹੋ ਗਈਆਂ। ਇਸ ਕਾਰਣ ਮਿੰਨੀ ਕਹਾਣੀ ਗੰਭੀਰ ਚਿਤਵਨ ਤੇ ਚਿੰਤਨ ਦਾ ਪਾਤਰ ਨਹੀਂ ਬਣ ਸਕੀ ਅਤੇ ਇਸ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਸਥਗਿਤ ਕਰ ਦਿੱਤੀ ਗਈ।

ਅਜੋਕੇ ਸਮੇਂ ਵਿੱਚ ਲੰਮੀ ਕਹਾਣੀ ਅਤੇ ਨਾਵਲਿਟ ਦੀ ਸਥਿਤੀ ਉਹੋ ਜਿਹੀ ਹੈ ਜਿਹੋ ਜਿਹੀ ਕਿਸੇ ਸਮੇਂ ਨਾਵਲ ਦੀ ਹੁੰਦੀ ਸੀ। ਪਹਿਲਾਂ ਪਹਿਲ ਜਦੋਂ ਕਵਿਤਾ ਦੇ ਮੁਕਾਬਲੇ ਨਾਵਲ ਨੂੰ ਸਾਹਿਤ-ਸ਼ਾਸਤਰੀ ਨੁਕਤੇ ਤੋਂ ਗੰਭੀਰਤਾ ਨਾਲ ਨਹੀਂ ਸੀ ਲਿਆ ਜਾਂਦਾ ਤਾਂ ਨਾਵਲ ਦੇ ਹਿਮਾਇਤੀ ਇਸ ਦੀ ਪੱਖ ਪੂਰਤੀ ਵਾਸਤੇ ਬਹਿਸ ਮੁਬਾਹਸੇ ਵਿੱਚ ਪੈਂਦੇ ਸਨ ਅਤੇ ਨਾਵਲ ਦੇ ਮਹੱਤਵ ਨੂੰ ਸਥਾਪਿਤ ਕਰਨ ਲਈ ਦਲੀਲਾਂ ਦਿੰਦੇ ਸਨ। ਉਹ ਕਵਿਤਾ ਦੇ ਮੁਕਾਬਲੇ ਨਾਵਲ ਵਿੱਚ ਪੇਸ਼ ਯਥਾਰਥ ਦੀ ਵਿਸ਼ਾਲਤਾ, ਗਹਿਰਾਈ ਅਤੇ ਦਾਰਸ਼ਨਿਕ ਪ੍ਰਕਾਰਜ ਨੂੰ ਉਭਾਰਦੇ ਸਨ ਅਤੇ ਇਸ ਨੂੰ ਕਵਿਤਾ ਵਾਂਗ ਹੀ ਗੰਭੀਰਤਾ ਨਾਲ ਲੈਣ ਦੀ ਸਿਫ਼ਾਰਿਸ਼ ਕਰਦੇ ਸਨ। ਪਰ ਹੁਣ ਜਦੋਂ ਨਾਵਲ ਸਥਾਪਿਤ ਹੋ ਚੁੱਕਿਆ ਹੈ ਤਾਂ ਕੁਝ ਹੋਰ ਰੂਪਾਕਾਰ ਹਨ ਜਿਹੜੇ ਸਾਹਿਤ-ਚਿੰਤਨ ਅਤੇ ਅਕਾਦਮਿਕਤਾ ਦੇ ਦਾਇਰਿਆਂ ਵਿੱਚ ਦਾਖ਼ਿਲ ਹੋਣ ਦੀ ਇੰਤਜ਼ਾਰ ਵਿੱਚ ਹਨ। ਅਜਿਹਾ ਤਾਂ ਹੀ ਸੰਭਵ ਹੈ ਜੇ ਇਨ੍ਹਾਂ ਦੇ ਰੂਪਾਕਾਰਕ ਚੌਖਟੇ ਨੂੰ ਤੈਅ ਕਰ ਲਿਆ ਜਾਵੇ ਅਤੇ ਹੋਰ ਉਹੋ ਜਿਹੇ ਹੀ ਰੂਪਾਕਾਰਾਂ ਨਾਲੋਂ ਉਨ੍ਹਾਂ ਦੇ ਸਾਪੇਖਕ ਅੰਤਰ, ਵੱਖਰੇ ਬਿਰਤਾਂਤਕ ਸੰਗਠਨ, ਵਿਚਾਰਧਾਰਾਈ ਤੇ ਸੁਹਜ ਸ਼ਾਸਤਰੀ ਪ੍ਰਕਾਰਜ ਨੂੰ

Scanned with CamScanner

ਨਿਸ਼ਚਿਤ ਕਰ ਲਿਆ ਜਾਵੇ। ਨਾਵਲਿਟ, ਮਿੰਨੀ ਕਹਾਣੀ ਅਤੇ ਲੰਮੀ ਕਹਾਣੀ ਅਜਿਹੇ ਹੀ ਕੁਝ ਰੂਪਾਕਾਰ ਹਨ। ਇਨ੍ਹਾਂ ਦੀ ਹੋਂਦ ਸਥਾਪਤੀ ਲਈ ਨਾਵਲ ਅਤੇ ਨਿੱਕੀ ਕਹਾਣੀ ਦੇ ਮੁਕਾਬਲਤਨ ਵਧੇਰੇ ਸਪੱਸ਼ਟਤਾ ਨਾਲ ਪਰਿਭਾਸ਼ਿਤ ਚੌਖਟੇ ਨੂੰ ਤੁਲਨਾਤਮਕ ਪਰਿਪੇਖ ਵਿੱਚ ਸਾਹਮਣੇ ਰੱਖਣਾ ਜ਼ਰੂਰੀ ਹੋਵੇਗਾ।

(1)

ਪੰਜਾਬੀ ਆਲੋਚਨਾ ਅਤੇ ਸਿਧਾਂਤਕਾਰੀ ਵਿੱਚ ਨਾਵਲ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਲਈ ਸਭ ਤੋਂ ਪਹਿਲਾਂ ਡਾ. ਪਰਮਿੰਦਰ ਸਿੰਘ ਅਤੇ ਪ੍ਰੋ. ਕਿਰਪਾਲ ਸਿੰਘ ਕਸੇਲ ਦੁਆਰਾ ਲਿਖੀ ਕਿਤਾਬ 'ਸਾਹਿਤ ਦੇ ਰੂਪ' ਵਿੱਚ ਨਾਵਲ ਦੇ ਰੂਪਾਕਾਰਕ ਚੌਖਟੇ ਬਾਰੇ ਪੇਸ਼ ਧਾਰਨਾਵਾਂ ਨੂੰ ਵਿਚਾਰਿਆ ਜਾ ਸਕਦਾ ਹੈ। ਉਨ੍ਹਾਂ ਨਾਵਲ ਬਾਰੇ ਆਪਣੇ ਆਲੇਖਾਂ ਵਿੱਚ ਜੋ ਧਾਰਣਾਵਾਂ ਪੇਸ਼ ਕੀਤੀਆਂ ਹਨ ਉਨ੍ਹਾਂ ਦਾ ਨਿਚੋੜ ਇਹ ਹੈ ਕਿ ਨਾਵਲ ਇਤਿਹਾਸਕ ਵਾਸਤਵਿਕਤਾ ਨਾਲ ਮੇਲ ਖਾਂਦੇ, ਵਿਗਿਆਨਕ ਤਰਕ ਉੱਤੇ ਆਧਾਰਿਤ ਘਟਨਾਵੀ ਪ੍ਰਬੰਧ ਨੂੰ ਸਾਕਾਰ ਕਰਨ ਵਾਲੀ ਰਚਨਾ ਹੁੰਦੀ ਹੈ, ਜਿਸ ਵਿੱਚ ਜੀਵਨ-ਸਰਗਰਮੀ ਦੇ ਵਿਭਿੰਨ ਖੇਤਰਾਂ ਦੀ ਦਾਰਸ਼ਨਿਕ ਸਮਝ ਸਮਾਈ ਹੁੰਦੀ ਹੈ। ਜੀਵਨ ਨੂੰ ਪੂਰੀ ਅਤੇ ਪ੍ਰਤਿਨਿਧ ਭਾਵ ਬਿੰਬਣਾ, ਨਾਵਲ ਦਾ ਜ਼ਿੰਦਗੀ ਦੀ ਵਾਸਤਵਿਕਤਾ ਦੀ ਪੇਸ਼ਕਾਰੀ ਪ੍ਰਤਿ ਇਮਾਨਦਾਰ ਹੋਣਾ ਭਾਵ ਨਾਵਲੀ ਜਗਤ ਵਿਚਲੀਆਂ ਘਟਨਾਵਾਂ ਦਾ ਸੁਭਾਵਿਕਤਾ ਦੇ ਪੈਮਾਨੇ ਦਾ ਅਨੁਸਾਰੀ ਹੋਣਾ, ਉਸ ਦੇ ਵਸਤੂ ਦਾ ਸਮਾਜਿਕ ਜੀਵਨ ਵਿੱਚੋਂ ਲਿਆ ਹੋਣਾ, ਜੀਵਨ ਕਥਾ ਨੂੰ ਬੜੇ ਵਿਸਥਾਰ ਵਿੱਚ ਬਿਆਨ ਕਰਨਾ ਅਤੇ ਨਾਵਲ ਦੇ ਸਮੁੱਚੇ ਬਿਰਤਾਂਤ ਦਾ ਮਹਿਜ ਦਿਲ ਪਰਚਾਵੇ ਤੋਂ ਅੱਗੇ ਲੰਘ ਕੇ ਜੀਵਨ ਮਾਰਗ ਵਿੱਚ ਉੱਨਤੀ ਵਾਲੇ ਪਾਸੇ ਲਿਜਾਣ ਲਈ ਕੋਈ ਸਿੱਖਿਆ ਅਤੇ ਅਗਵਾਈ ਪ੍ਰਦਾਨ ਕਰਨਾ ਆਦਿ ਕੁਝ ਹੋਰ ਅਜਿਹੀਆਂ ਸ਼ਰਤਾਂ ਹਨ ਜਿਨ੍ਹਾਂ ਦੀ ਪੂਰਤੀ ਦੀ ਮੰਗ ਇਕ ਸਫ਼ਲ ਨਾਵਲ ਤੋਂ ਕੀਤੀ ਗਈ ਹੈ।[4] ਉਨ੍ਹਾਂ ਦੀ ਆਧੁਨਿਕ ਗਲਪ ਰੂਪ ਵਜੋਂ ਨਾਵਲ ਤੋਂ ਇਹ ਤਵੱਕੋ ਕਿ ਇਸ ਵਿੱਚ ਪੇਸ਼ ਗਲਪ ਜਗਤ 'ਇਤਿਹਾਸਕ ਦੌਰ ਤੇ ਸਮਾਜਿਕ ਜੀਵਨ ਅਨੁਸਾਰ ਜੇ ਸੱਚਾ ਨਹੀਂ ਤਾਂ ਸੱਚੇ ਵਰਗਾ ਜ਼ਰੂਰ ਹੋਵੇ' ਨਾਵਲੀ ਜਗਤ ਵਿੱਚ ਇਤਿਹਾਸ ਦੇ ਪ੍ਰਾਰੂਪਾਂ ਅਤੇ ਇਤਿਹਾਸਕ ਪਰਿਵੇਸ਼ ਦੀ ਸਿਰਜਣਾ ਦੀ ਜ਼ਰੂਰਤ ਵਲ ਹੀ ਇਸ਼ਾਰਾ ਕਰਦੀ ਹੈ।

ਡਾ. ਟੀ. ਆਰ. ਵਿਨੋਦ ਅਨੁਸਾਰ, 'ਮੋਟੇ ਤੌਰ 'ਤੇ ਨਾਵਲ 'ਵਾਰਤਕ ਵਿੱਚ ਲਿਖਿਆ ਹੋਇਆ ਲੰਮਾ ਬਿਰਤਾਂਤ ਹੈ....। ਪਰ ਵਾਰਤਕ ਵਿੱਚ ਲਿਖੇ ਬਿਰਤਾਂਤ-ਰੂਪ ਵੀ ਕਈ ਤਰ੍ਹਾਂ ਦੇ ਹੁੰਦੇ ਹਨ। ਨਿੱਕੀ ਕਹਾਣੀ ਜਾਂ ਲਘੂ ਨਾਵਲ ਨਾਲੋਂ ਨਾਵਲ ਦਾ ਨਿਖੇੜਾ ਆਕਾਰ ਦੇ ਆਧਾਰ 'ਤੇ ਸੰਭਵ ਹੈ। ਕਿਹਾ ਜਾ ਸਕਦਾ ਹੈ ਕਿ ਨਾਵਲ ਕਾਫ਼ੀ ਲੰਮੇ ਅਰਸੇ ਦੇ ਜੀਵਨ ਨੂੰ ਵਿਸਤਾਰ ਨਾਲ ਪੇਸ਼ ਕਰਨ ਵਾਲਾ ਰੂਪ ਹੈ ਜਿਸ ਕਰਕੇ ਇਸਦਾ ਆਕਾਰ ਬਹੁਤ ਵਧ ਜਾਂਦਾ ਹੈ।[5] ਡਾ. ਵਿਨੋਦ ਨਾਵਲੀ ਵਸਤੂ ਦੀ ਵਿਲੱਖਣਤਾ ਬਾਰੇ ਲਿਖਦੇ ਹਨ ਕਿ 'ਪ੍ਰਕਿਰਤੀ ਅਤੇ ਸੰਸਕ੍ਰਿਤੀ ਦੀ ਹਰੇਕ ਬਣਤਰ ਨਾਵਲ ਵਿੱਚ ਪੇਸ਼ ਹੋ ਸਕਦੀ ਹੈ। ਪਰ ਸੰਸਕ੍ਰਿਤੀ ਦੀ ਇਕ ਬਣਤਰ ਐਸੀ ਵੀ ਹੈ ਜਿਸ ਦੀ ਪੇਸ਼ਕਾਰੀ ਨਾਵਲ ਵਿੱਚ ਹੀ ਸੰਭਵ ਹੈ। ਇਸ ਦਾ ਸੰਬੰਧ ਸਧਾਰਣ ਮਨੁੱਖ ਦੇ ਰੋਜ਼-ਮੱਰਾ ਦੇ ਕਿਰਦਾਰ ਅਤੇ ਵਿਹਾਰ ਨਾਲ ਹੈ। ਇਸ ਵਰਤਾਰੇ ਦਾ ਮੁੱਖ ਲੱਛਣ 'ਤਰਲਤਾ' ਹੈ ਅਰਥਾਤ ਵਿਅਕਤੀ-ਚਰਿੱਤਰ ਦੀ

Scanned with CamScanner

ਅਨਿਸ਼ਚਿਤਤਾ ਦਾ ਹਾਲਾਤ ਦੇ ਪ੍ਰਸੰਗ ਵਿੱਚ ਵਿਸਤਾਰ-ਚਿੱਤਰ ਨਾਵਲ ਵਿੱਚ ਹੀ ਸੰਭਵ ਹੈ।[6] ਉਨ੍ਹਾਂ ਅਨੁਸਾਰ 'ਨਾਵਲ ਬਿਰਤਾਂਤ ਦੀ ਵਿਦਰੋਹੀ ਵਿਧਾ ਹੈ। ਇਹ ਸੰਸਥਾਈ ਬਣਤਰਾਂ ਨੂੰ ਸ਼ੰਕਾਵਾਦੀ ਦ੍ਰਿਸ਼ਟੀ ਤੋਂ ਵੇਖਦਾ ਹੋਇਆ ਉਨ੍ਹਾਂ ਦੀਆਂ ਸੀਮਾਵਾਂ ਦੀ ਸੋਝੀ ਪ੍ਰਦਾਨ ਕਰਦਾ ਹੈ। ਇਉਂ ਇਹ ਬੁੱਤ-ਸਿਰਜਕ ਦੀ ਨਹੀਂ ਬੁੱਤ-ਸ਼ਿਕਨ ਦੀ ਭੂਮਿਕਾ ਨਿਭਾਉਂਦਾ ਹੈ। ਨਾਵਲ-ਸ਼ਾਸਤਰੀ ਇਸ ਨੂੰ ਅਮਿੱਥੀਕਰਨ ਦੀ ਪ੍ਰਕਿਰਿਆ ਕਹਿੰਦੇ ਹਨ। ਮਨੁੱਖੀ ਚੇਤਨਾ ਨੂੰ ਭ੍ਰਾਂਤੀਆਂ ਤੋਂ ਮੁਕਤ ਕਰਨਾ ਨਾਵਲ ਦਾ ਮੁੱਖ ਉਦੇਸ਼ ਹੈ'।[7] ਡਾ. ਵਿਨੋਦ ਨੇ ਉਪਰੋਕਤ ਕਥਨਾਂ ਵਿੱਚ ਸਧਾਰਣ ਮਨੁੱਖ ਦੇ ਵਿਅਕਤੀ-ਚਰਿੱਤਰ ਦੀ ਅਨਿਸ਼ਚਿਚਤਾ ਦਾ ਹਾਲਾਤ ਦੇ ਪ੍ਰਸੰਗ ਵਿੱਚ ਵਿਸਤਾਰ-ਚਿੱਤਰ ਦੇ ਸਿਰਜਣ ਦੀ ਸੰਭਾਵਨਾ, ਸੰਸਥਾਈ ਬਣਤਰਾਂ ਨੂੰ ਸ਼ੰਕਾਵਦੀ ਦ੍ਰਿਸ਼ਟੀ ਤੋਂ ਵੇਖਣਾ ਅਤੇ ਅਮਿੱਥੀਕਰਣ ਦੀ ਪ੍ਰਕਿਰਿਆ ਨੂੰ ਨਾਵਲ ਦੇ ਲੰਮੇਰੇ ਬਿਰਤਾਂਤ ਦੇ ਮੁੱਖ ਲਛਣਾਂ ਦੇ ਤੌਰ 'ਤੇ ਉਭਾਰਿਆ ਗਿਆ।

ਪੰਜਾਬੀ ਇਹ ਨਾਵਲ ਦੀ ਰੂਪਾਕਾਰਕ ਪਛਾਣ ਨੂੰ ਵਧੇਰੇ ਨਿੱਗਰ ਤਰੀਕੇ ਨਾਲ ਨਜਿੱਠਣ ਵਿੱਚ ਡਾ. ਜੋਗਿੰਦਰ ਸਿੰਘ ਰਾਹੀ ਦਾ ਯੋਗਦਾਨ ਸਭ ਤੋਂ ਵਧੇਰੇ ਹੈ। ਉਨ੍ਹਾਂ ਅਨੁਸਾਰ, 'ਵਿਧਾ ਦੇ ਜ਼ਾਵੀਏ ਤੋਂ ਨਾਵਲ ਇਕ ਲੰਮੀ ਗਦ ਕਥਾ ਦੇ ਰੂਪ ਵਿੱਚ ਯਥਾਰਥ ਦੇ ਚਿਤਰਣ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ। ਥੀਮ ਸਿਰਜਣ ਅਤੇ ਰੂਪਨ-ਪ੍ਰਤਿਰੂਪਨ ਦੀਆਂ ਵਿਵਿਧ ਸੰਭਾਵਨਾਵਾਂ ਕਰਕੇ ਬੇਸ਼ੱਕ ਇਹ ਖੁੱਲ੍ਹਾ ਰੂਪ ਹੈ। ਮਿੱਥਕ ਤੋਂ ਯਥਾਰਥਕ ਤਕ ਅਤੇ ਯਥਾਰਥਕ ਤੋਂ ਫ਼ੰਤਾਸੀ ਤਕ ਦੀਆਂ ਜੁਗਤਾਂ ਇਸ ਵਿੱਚ ਅਨੇਕ ਰੂਪ ਲੈਂਦੀਆਂ ਹਨ। ਪਰ ਪਾਤਰਾਵਲੀ, ਕਾਰਜ ਅਤੇ ਵਾਰਤਾਲਾਪ ਆਦਿ ਵਿੱਚ ਜ਼ਿੰਦਗੀ ਦੀ ਵਾਸਤਵਿਕਤਾ ਨਾਲ ਮੇਲ ਖਾਂਦੇ ਹਵਾਲੇ ਜਿਵੇਂ ਨਾਵਲ ਵਿੱਚ ਉਭਰਦੇ ਹਨ, ਤਿਵੇਂ ਸਾਹਿਤ ਦੇ ਕਿਸੇ ਹੋਰ ਰੂਪ ਵਿੱਚ ਨਹੀਂ ਉਭਰਦੇ, ਖਾਸ ਕਰ ਪਾਤਰਾਂ ਦੀ ਉਚਾਰਣੀ ਭਾਸ਼ਾ ਦੇ ਰੂਪ ਵਿੱਚ। ਕਲਪਨਾ ਦੀ ਰਚਨਾ ਹੋਣ ਕਰਕੇ ਸਾਹਿਤ ਦੇ ਹੋਰ ਤਮਾਮ ਰੂਪਾਂ ਵਾਂਗ ਨਾਵਲ ਵੀ ਇਕ ਗਾਲਪਨਿਕ ਵਸਤੂ ਹੈ। ਪਰ ਵਾਸਤਵਿਕ ਹਵਾਲਿਆਂ ਦੀ ਕੰਗਰੋੜ ਕਰਕੇ ਯਥਾਰਥਕ ਹੋਣ ਦਾ ਜੋ ਪ੍ਰਭਾਵ ਨਾਵਲ ਤੋਂ ਮਿਲਦਾ ਹੈ, ਸਾਹਿਤ ਦੇ ਕਿਸੇ ਹੋਰ ਰੂਪ ਤੋਂ ਨਹੀਂ ਮਿਲਦਾ। ਨਾਵਲ ਦੇ ਵਿਧਾ ਸ਼ਾਸਤਰੀਆਂ ਨੇ ਨਾਵਲ ਦੇ ਖੁੱਲ੍ਹਾ ਰੂਪ ਹੋਣ ਦੇ ਬਾਵਜੂਦ ਨਾ ਸਿਰਫ਼ ਇਸ ਦਾ ਧਰਮ ਯਥਾਰਥ ਦੇ ਸਿਰਜਣ ਨੂੰ ਮੰਨਿਆਂ ਹੈ, ਬਲਕਿ ਇਸ ਸਿਰਜਣ ਦੀ ਇਕ ਖਾਸ ਵਿਧਾ ਵੀ ਨਿਸ਼ਚਿਤ ਕੀਤੀ ਹੈ। ਇਹ ਵਿਧਾ ਵਿਡੰਬਨਾ ਦੀ ਹੈ'।[8] ਡਾ. ਰਾਹੀ ਨਾਵਲ ਦੀ ਹੋਂਦ ਵਿਧੀ ਦੇ ਕੇਂਦਰੀ ਸੂਤਰ ਵਜੋਂ ਵਿਡੰਬਨਾ ਦੇ ਸੰਕਲਪ ਨੂੰ ਸਪਸ਼ਟ ਕਰਦੇ ਹੋਏ ਲਿਖਦੇ ਹਨ ਕਿ, 'ਵਿਡੰਬਨਾ ਉਸ ਦੇ (ਮਨੁੱਖ ਦੇ) ਸੁਪਨਿਆਂ ਤੇ ਉਨ੍ਹਾਂ ਦੀ ਹਕੀਕਤ ਜਾਂ ਹੋਣੀ ਵਿਚਲੇ ਤਜ਼ਾਦ ਦੀ ਤਨਜ਼ ਹੈ : ਦਿਖ ਚੜ੍ਹਤ ਵਾਲੀ ਪਰ ਅਸਲਾ ਅਸਤ ਵਾਲਾ, ਇਹ ਵਿਸੰਗਤੀ ਹੀ ਵਿਡੰਬਨਾ ਹੈ। ਦਿਖ ਅਤੇ ਵਾਸਤਵਿਕਤਾ ਜਾਂ ਵਚਨ ਅਤੇ ਹੋਣੀ ਦੇ ਇਸ ਤਨਜ਼ੀਆ ਫ਼ਰਕ ਦੀ ਪਛਾਣ ਹੀ ਵਿਡੰਬਨਾ ਦੀ ਪਛਾਣ ਹੈ। ਵਿਡੰਬਨਾ ਨੂੰ ਜਾਣਨਾ ਜ਼ਿੰਦਗੀ ਦੀ ਹਕੀਕਤ ਨੂੰ ਜਾਣਨਾ ਹੈ। ਨਾਵਲ ਜ਼ਿੰਦਗੀ ਦੀ ਹਕੀਕਤ ਨੂੰ ਨੇੜਿਉਂ ਮਿਲਣ ਵਾਲਾ ਰੂਪ ਹੈ। ਇਸ ਲਈ ਵਿਡੰਬਨਾ ਇਸ ਦੀ ਸੁਭਾਵਿਕ ਵਸਤੂ ਹੈ। ਪਰ ਵਿਡੰਬਨਾ ਸਿਰਫ਼ ਵਸਤੂ ਨਹੀਂ, ਪ੍ਰਕਿਰਿਆ ਵੀ ਹੈ: ਸੁਪਨਿਆਂ ਦੇ ਉੱਸਰਣ ਤੇ ਬਿਨਸਣ ਦੀ ਪ੍ਰਕਿਰਿਆ। ਵਿਧਾ

Scanned with CamScanner

ਸ਼ਾਸਤਰੀ ਨਾਵਲ ਦਾ ਧਰਮ ਇਸ ਪ੍ਰਕਿਰਿਆ ਦੀ ਸਿਰਜਣ ਵਿੱਚ ਧਰਦੇ ਹਨ। ਨਾਵਲ ਉਨ੍ਹਾਂ ਅਨੁਸਾਰ ਇਸ ਪ੍ਰਕਿਰਿਆ ਦੇ ਸਿਰਜਣ ਵਿੱਚੋਂ ਹੀ ਆਕਾਰ ਲੈਂਦਾ ਹੈ। ਇਸ ਰੂਪ ਵਿੱਚ ਵਿਡੰਬਨਾ ਉਨ੍ਹਾਂ ਲਈ ਮਨੁੱਖ ਦੀ ਸਮਾਜਿਕ ਹੋਂਦ ਦੀ ਖ਼ਾਸੀਅਤ ਨਹੀਂ ਰਹਿ ਜਾਂਦੀ, ਬਲਕਿ ਨਾਵਲ ਦੀ ਰੂਪ-ਵਿਧਾਈ ਵਿਸ਼ੇਸ਼ਤਾ ਬਣ ਜਾਂਦੀ ਹੈ'।[9] ਵਿਧਾ ਸ਼ਾਸਤਰੀਆਂ ਦੀ ਨਜ਼ਰ ਵਿੱਚ ਵਿਡੰਬਨਾ ਤਨਜ਼ ਅਤੇ ਸੰਜੀਦਗੀ ਦੇ ਦਰਮਿਆਨ ਕੰਬਦਾ ਹੋਇਆ ਸੰਤੁਲਨ ਹੈ। ਇਸ ਸੰਤੁਲਨ ਦਾ ਰਹੱਸ ਇਸ ਗਿਆਨ ਵਿੱਚ ਹੀ ਹੈ। ਇਸ ਗੁਣ ਕਰਕੇ ਨਾਵਲ ਨੂੰ 'ਦੂਹਰੀ ਦ੍ਰਿਸ਼ਟੀ' ਵਾਲੀ ਵਿਧਾ ਮੰਨਿਆ ਜਾਂਦਾ ਹੈ ਤੇ ਦੀਰਘ ਦ੍ਰਿਸ਼ਟੀ ਵਾਲੀ ਵੀ।[10] ਡਾ. ਰਾਹੀ ਅਨੁਸਾਰ ਨਾਵਲ ਵਿੱਚ ਮਿੱਥਕ ਸਿਰਜਣਾ ਹੁੰਦੀ ਹੈ ਪਰ ਇਸ ਦੇ ਬਿਰਤਾਂਤਕ ਜਗਤ ਵਿੱਚ ਮਿੱਥ ਦਾ ਭੰਜਨ ਹੋਣਾ ਅਨਿਵਾਰੀ ਹੈ। ਉਨ੍ਹਾਂ ਅਨੁਸਾਰ ਨਾਵਲ ਵਿੱਚ ਨਿੱਜੀ ਦੀ ਥਾਂ ਸਮਾਜਿਕ ਸੁਪਨਿਆਂ ਦਾ ਗੌਰਵਸ਼ਾਲੀ ਬਿਰਤਾਂਤ ਹੁੰਦਾ ਹੈ ਪਰ ਇਹ ਸੁਪਨੇ ਵੀ ਅਖੀਰ ਨੂੰ ਤਿੜਕਦੇ ਹਨ, ਇਨ੍ਹਾਂ ਦੇ ਖੇਰੂ-ਖੇਰੂ ਹੋਣ ਦੀ ਪ੍ਰਕਿਰਿਆ ਦਾ ਬਿਰਤਾਂਤ ਅਜਿਹਾ ਹੁੰਦਾ ਹੈ ਕਿ ਇਹ ਮਹਿਜ ਸੰਤਾਪ ਉਪਜਾਉਣ ਦੀ ਬਜਾਏ ਗਿਆਨ ਪ੍ਰਾਪਤੀ ਦਾ ਸੰਤੋਖ ਉਪਜਾਉਂਦਾ ਹੈ। ਉਨ੍ਹਾਂ ਅਨੁਸਾਰ ਨਾਵਲ ਵਿੱਚ ਪਾਤਰਾਂ ਅਤੇ ਖ਼ਾਸ ਕਰਕੇ ਕੇਂਦਰੀ ਪਾਤਰ ਨੂੰ ਰੋਮਾਂਸ ਵਾਂਗ ਅਸਲ ਨਾਲੋਂ ਵਡੇਰਾ ਤਾਂ ਦਿਖਾਇਆ ਜਾਂਦਾ ਹੈ ਪਰ ਅਖੀਰ ਨੂੰ ਉਨ੍ਹਾਂ ਨੂੰ ਆਪਣੇ ਵਾਸਤਵਿਕ ਆਕਾਰ ਵਿੱਚ ਘਟਾਇਆ ਜਾਂਦਾ ਹੈ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਰੋਮਾਂਸਕ ਫੁਲਾਉ ਦੀ ਥਾਂ ਵਿਫਲਾਉ ਦੀ ਰੀਤ ਅਪਣਾਈ ਜਾਂਦੀ ਹੈ। ਇਸ ਰੀਤ ਅਨੁਸਾਰ ਨਾਵਲੀ ਪਾਤਰਾਂ ਦੇ ਸੁਪਨਿਆਂ ਦੇ ਗੁਬਾਰੇ ਉਨ੍ਹਾਂ ਦੇ ਵਾਤਾਵਰਣ ਦੀ ਰਗੜ ਨਾਲ ਫਟਦੇ ਅਤੇ ਚੀਥੜਿਆਂ ਦੀ ਸ਼ਕਲ ਵਿੱਚ ਧਰਤੀ ਡਿਗਦੇ ਦਿਖਾਏ ਜਾਂਦੇ ਹਨ। ਪਰ ਸੁਪਨਿਆਂ ਦੇ ਸੰਤਾਪ ਨੂੰ ਨਾਵਲ ਦੀ ਵਿਧਾ ਦੇਸ਼ ਅਤੇ ਕਾਲ ਨਾਲ ਸੰਬੰਧਿਤ ਵਾਸਤਵਿਕਤਾ ਦੇ ਗਿਆਨ ਵਿੱਚ ਬਦਲ ਦਿੰਦੀ ਹੈ।[11] ਡਾ. ਰਾਹੀ ਮੁਤਾਬਿਕ ਨਾਵਲ ਯਥਾਰਥ ਚਿਤਰਣ ਦੀਆਂ ਵਸੀਹ ਸੰਭਾਵਨਾਵਾਂ ਵਾਲਾ ਖੁੱਲ੍ਹਾ ਰੂਪ ਹੈ ਜਿਸ ਦੀ ਵਸਤੂ ਅਤੇ ਵਿਧੀ ਵਿਡੰਬਨਾ ਹੈ। ਉਨ੍ਹਾਂ ਦੀ ਧਾਰਣਾਂ ਅਨੁਸਾਰ ਨਾਵਲੀ ਵਿਧਾ ਵਿੱਚ ਤਨਜ਼ ਅਤੇ ਸੰਜੀਦਗੀ ਦਰਮਿਆਨ ਸੰਤੁਲਨ ਉੱਤੇ ਟਿਕਿਆ ਨਾਵਲੀ ਜਗਤ ਆਮ ਤੋਂ ਵਡੇਰੇ ਕਾਰਜ ਵਿੱਚ ਉੱਤਰਣ ਵਾਲੇ ਪਾਤਰਾਂ ਦੇ ਸੁਪਨਿਆਂ ਦੇ ਵਿਫ਼ਲਾਉ ਵਿੱਚੋਂ ਪੈਦਾ ਹੋਣ ਵਾਲੇ ਸੰਤਾਪ ਨੂੰ ਗਿਆਨਮਈ ਸੰਤੋਖ ਵਿੱਚ ਰੂਤਾਂਤਰਿਤ ਕਰਨ ਦਾ ਪ੍ਰਕਾਰਜ ਨਿਭਾਉਂਦਾ ਹੈ।

ਡਾ. ਕੇਸਰ ਸਿੰਘ ਕੇਸਰ ਨਾਵਲ ਨੂੰ ਵਰਗ ਸੰਘਰਸ਼ ਦੇ ਗਲਪੀ ਬਿੰਬ ਦੇ ਤੌਰ ਤੇ ਪਰਿਭਾਸ਼ਿਤ ਕਰਦਾ ਹੈ। ਉਸ ਅਨੁਸਾਰ ਨਾਵਲ ਦਾ ਥੀਮਕ ਵਿਕਾਸ, ਘਟਨਾਵੀ ਤਣਾਓ, ਪਾਤਰਾਂ ਦੇ ਵਾਰਤਾਲਾਪ, ਬਹੁ-ਵਚਨੀ ਪ੍ਰਵਚਨ ਤੇ ਖੁੱਲ੍ਹੇ ਅੰਤ ਵਾਲੇ ਕਥਾਨਕ ਦੀ ਵਿਲੱਖਣ ਰਚਨਾ-ਵਿਧੀ ਆਦਿ ਦਾ ਪ੍ਰਯੋਜਨ ਵਰਗ-ਸੰਘਰਸ਼ ਦੇ ਦਵੰਦਮਈ ਵਿਵੇਕ ਨੂੰ ਪੇਸ਼ ਕਰਨਾ ਹੈ।[12] ਇਸ ਕਥਨ ਵਿੱਚ ਭਾਵੇਂ ਕੁਝ ਤੱਤ ਤਾਂ ਅਜਿਹੇ ਹਨ ਜਿਹੜੇ ਸਾਰੇ ਆਧੁਨਿਕ ਵਾਰਤਕ ਬਿਰਤਾਂਤ ਰੂਪਾਂ ਦੇ ਸਾਂਝੇ ਹਨ ਜਿਵੇਂ ਘਟਨਾਵੀ ਤਣਾਓ ਤੇ ਵਾਰਤਾਲਾਪ। ਪਰ ਇਸ ਕਥਨ ਵਿੱਚ ਨਾਵਲ ਵਿੱਚ ਇਨ੍ਹਾਂ ਤੱਤਾਂ ਦੀ ਵਿਲੱਖਣ ਹੋਂਦ ਅਤੇ ਪ੍ਰਕਾਰਜ ਵਲ ਇਸ਼ਾਰਾ ਧੁਨੀ ਰੂਪ ਵਿੱਚ ਸਮਾਇਆ ਹੋਇਆ ਹੈ। ਘਟਨਾਵੀ ਤਣਾਓ ਦੇ ਨਿਰੰਤਰ ਬਣੇ ਰਹਿਣ ਨਾਲ ਹੀ ਨਾਵਲ

Scanned with CamScanner

ਵਿੱਚ ਥੀਮਕ-ਵਿਕਾਸ ਹੁੰਦਾ ਹੈ ਅਤੇ ਪਾਤਰਾਂ ਦੇ ਆਪਸੀ ਵਾਰਤਾਲਾਪ ਵਿੱਚ ਉਚਾਰਣੀ ਭਾਸ਼ਾ ਦੀ ਵਰਤੋਂ ਨਾਲ ਯਥਾਰਥ ਦਾ ਵਧੇਰੇ ਠੋਸ ਬਿੰਬ ਉੱਸਰਦਾ ਜਾਂਦਾ ਹੈ ਅਤੇ ਇਸ ਰਾਹੀਂ ਜੀਵਨ ਹਕੀਕਤਾਂ ਪ੍ਰਤਿ ਬਹੁ-ਸੁਰੀ ਪ੍ਰਵਚਨ ਦੀ ਸਿਰਜਣਾ ਹੁੰਦੀ ਹੈ। ਇਸ ਲਿਹਾਜ਼ ਨਾਲ ਜਿਸ ਰਚਨਾ ਵਿੱਚ ਬਹੁ-ਸੁਰੀ ਪ੍ਰਵਚਨ ਦੀ ਸਿਰਜਣਾ ਦਾ ਨਾਵਲੀ ਪ੍ਰਕਾਰਜ ਪੂਰਾ ਨਹੀਂ ਹੁੰਦਾ ਉਹ ਬਹੁ-ਭਾਸ਼ਾਈ (hetroglossia) ਸਰੂਪ ਦੀ ਅਨੁਸਾਰੀ ਤਾਂ ਹੋਵੇਗੀ ਪਰ ਬਹੁ-ਸੁਰੀ ਪ੍ਰਵਚਨ (polyphonic discourse) ਦੀ ਸਿਰਜਕ ਨਹੀਂ ਬਣ ਸਕਗੀ।

ਨਾਵਲੀ ਬਿਰਤਾਂਤ ਦਾ ਵਿਸਤ੍ਰਿਤ ਆਕਾਰ, ਇਸ ਵਿੱਚ ਇਤਿਹਾਸ ਦੀਆਂ ਵਾਸਤਵਿਕ ਪ੍ਰਕਿਰਿਆਵਾਂ ਦੀ ਇਮਾਨਦਾਰ ਪੇਸ਼ਕਾਰੀ ਦੀ ਜ਼ਿੰਮੇਵਾਰੀ, ਯਥਾਰਥ ਚਿਤਰਣ ਦੀਆਂ ਵਸੀਹ ਸੰਭਾਵਨਾਵਾਂ, ਸਧਾਰਣ ਮਨੁੱਖ ਦੇ ਵਿਅਕਤੀ-ਚਰਿੱਤਰ ਦੀ ਅਨਿਸ਼ਚਿਤਤਾ ਦਾ ਹਾਲਾਤ ਦੇ ਪ੍ਰਸੰਗ ਵਿੱਚ ਵਿਸਤਾਰ-ਚਿੱਤਰ. ਸਿਰਜਣ ਦੀ ਸੰਭਾਵਨਾ, ਸੰਸਥਾਈ ਬਣਤਰਾਂ ਨੂੰ ਸ਼ੰਕਾਵਾਦੀ ਦ੍ਰਿਸ਼ਟੀ ਤੋਂ ਵੇਖਣਾ, ਬਿਰਤਾਂਤ ਵਿਚਲੀ ਅਮਿੱਥੀਕਰਣ ਦੀ ਪ੍ਰਕਿਰਿਆ, ਘਟਨਾਵੀ-ਤਣਾਓ ਦਾ ਲੰਮੇ ਵਕਫ਼ੇ ਵਿੱਚ ਫੈਲਣਾ, ਪਾਤਰਾਂ ਵਿੱਚ ਨਿਰੰਤਰ ਚੱਲਦੇ ਵਾਰਤਾਲਾਪ ਵਿੱਚ ਉਚਾਰਣੀ ਭਾਸ਼ਾ ਦੀ ਵਰਤੋਂ, ਖੁੱਲ੍ਹੇ ਅੰਤ ਵਾਲੇ ਕਥਾਨਕ ਦੀ ਵਿਲੱਖਣ ਰਚਨਾ-ਵਿਧੀ, ਵਿਭਿੰਨ ਰਚਨਾ-ਵਿਧਾਵਾਂ ਦੇ ਮੋਟਿਫ਼ਾਂ ਦੀ ਵਰਤੋਂ ਅਤੇ ਜੀਵਨ ਦੇ ਵਿਭਿੰਨ ਖੇਤਰਾਂ ਤੇ ਅਨੁਭਵਾਂ ਨੂੰ ਆਪਣੇ ਵਿੱਚ ਸਮੋ ਲੈਣ ਦੀ ਸੰਭਾਵਨਾ ਕਾਰਣ ਪੈਦਾ ਹੋਈਆਂ ਥੀਮਕ ਸੰਭਾਵਨਾਵਾਂ ਕਾਰਣ ਹੋਂਦ ਵਿੱਚ ਆਇਆ ਇਸ ਦਾ ਇਕ ਖੁੱਲ੍ਹਾ ਰੂਪ-ਵਿਧਾਈ ਚੌਖਟਾ, ਵਿਡੰਬਨਾ ਦਾ ਇਸ ਦੀ ਵਸਤੂ ਅਤੇ ਵਿਧੀ ਹੋਣਾ, ਨਾਵਲੀ ਜਗਤ ਵਿੱਚ ਆਮ ਤੋਂ ਵਡੇਰੇ ਕਾਰਜ ਵਿੱਚ ਉੱਤਰ੍ਹਣ ਵਾਲੇ ਪਾਤਰਾਂ ਦੇ ਸੁਪਨਿਆਂ ਦੇ ਵਿਫ਼ਲਾਉ ਨੂੰ ਠੋਸ ਹਕੀਕਤਾਂ ਦੇ ਪ੍ਰਸੰਗ ਵਿੱਚ ਪੇਸ਼ ਕਰਨਾ, ਸੁਪਨਿਆਂ ਦੇ ਵਿਫ਼ਲਾਉ ਵਿੱਚੋਂ ਪੈਦਾ ਹੋਣ ਵਾਲੇ ਸੰਤਾਪ ਨੂੰ ਗਿਆਨਮਈ ਸੰਤੋਖ ਵਿੱਚ ਰੂਪਾਂਤਰਿਤ ਕਰਨ ਦਾ ਪ੍ਰਕਾਰਜ ਅਤੇ ਬਹੁ-ਸੁਰੀ ਪ੍ਰਵਚਨ ਅਜਿਹੇ ਕੁਝ ਲੱਛਣ ਹਨ ਜਿਨ੍ਹਾਂ ਦੇ ਹਵਾਲੇ ਨਾਲ ਨਾਵਲੀ ਬਿਰਤਾਂਤ ਦੀ ਵਿਲੱਖਣਤਾ ਨੂੰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

ਨਾਵਲ ਦੇ ਰੂਪਾਕਾਰਕ ਸੰਗਠਨ ਦੀਆਂ ਉਪਰੋਕਤ ਵਰਣਿਤ ਖ਼ਾਸੀਅਤਾਂ ਦੀ ਤੁਲਨਾ ਵਿੱਚ ਹੁਣ ਨਾਵਲਿਟ ਅਤੇ ਲੰਮੀ ਕਹਾਣੀ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਦੀ ਚਰਚਾ ਹੋ ਸਕਦੀ ਹੈ।

(2)

ਪਹਿਲਾਂ ਅਸੀਂ ਨਾਵਲਿਟ ਦੀਆਂ ਰੂਪਾਕਾਰਕ ਖ਼ਾਸੀਅਤਾਂ ਦੀ ਗੱਲ ਕਰਾਂਗੇ। ਪੰਜਾਬੀ ਵਿੱਚ ਨਾਵਲਿਟ ਦੀ ਰਚਨਾ ਭਾਵੇਂ ਘੱਟ ਹੋਈ ਹੈ ਪਰ ਇਸ ਬਾਰੇ ਪੰਜਾਬੀ ਸਾਹਿਤਕਾਰ ਅਤੇ ਸਾਹਿਤ-ਸਿਧਾਂਤਕਾਰ ਮੁੱਢ ਤੋਂ ਹੀ ਚੇਤੰਨ ਹੈ। ਡਾ. ਸੁਤਿੰਦਰ ਸਿੰਘ ਨੂਰ ਆਪਣੇ ਇਕ ਆਲੇਖ਼ ਵਿੱਚ ਨਾਵਲਿਟ ਬਾਰੇ ਚਰਚਾ ਕਰਦੇ ਹੋਏ ਇਸ ਨੂੰ ਇਕ ਟਰਾਂਸਿਟਰੀ ਵਿਧਾ ਦੇ ਤੌਰ ਤੇ ਸਵੀਕਾਰ ਕਰਦੇ ਹਨ। ਉਨ੍ਹਾਂ ਅਨੁਸਾਰ 'ਯੂਰਪ ਵਿੱਚ ਜਦੋਂ ਨਾਵਲ ਦਾ ਵਿਕਾਸ ਹੋਣਾ ਸ਼ੁਰੂ ਹੋਇਆ ਤਾਂ ਪਹਿਲਾਂ ਪਹਿਲ ਵੱਖ ਵੱਖ ਯੂਰਪੀ ਭਾਸ਼ਾਵਾਂ ਵਿੱਚ ਇਸ ਲਈ ਸ਼ਬਦ ਨਵੇਲੋ, ਨਵਲੇ, ਨਾਵਲਿਟ ਸਾਹਮਣੇ ਆਏ ਤੇ ਫਿਰ ਨਾਵਲ। ਜੋ ਨਾਵਲ ਛੋਟੇ ਆਕਾਰ ਦੇ

Scanned with CamScanner

ਹੁੰਦੇ ਸਨ, ਉਨ੍ਹਾਂ ਨੂੰ ਨਾਵਲਿਟ ਆਖ ਲਿਆ ਗਿਆ ਤੇ ਜਦੋਂ ਨਾਵਲ ਦਾ ਰੂਪਾਕਾਰ ਸਥਾਪਿਤ ਹੁੰਦਾ ਗਿਆ, ਉਦੋਂ ਸਮੁੱਚੇ ਨਾਵਲ ਲਈ ਸ਼ਬਦ ਨਾਵਲ ਹੀ ਵਰਤਿਆ ਗਿਆ'।[13] ਇਕ ਰੂਪਾਕਾਰ ਦੇ ਤੌਰ ਤੇ ਨਾਵਲਿਟ ਅੰਗਰੇਜ਼ੀ ਅਤੇ ਜਰਮਨ ਵਿੱਚ ਵਧੇਰੇ ਮਕਬੂਲ ਰਿਹਾ ਹੈ। ਇਕ ਪਰਿਭਾਸ਼ਾ ਅਨੁਸਾਰ:

(The novella) is one of the richest and most rewarding of literary forms.....it allows for more extended development of theme and character than does the short story, without making the elaborate structural demands of the full-length book, Thus it provides an intense, detailed exploration of its subject, providing to some degree both the concentrated focus of the short story and the broad scope of the novel.[14]

ਜਰਮਨ ਲੇਖਕ ਇਸ ਲਈ ਨੌਂਵੇਲਾ ਸ਼ਬਦ ਦੀ ਵਰਤੋਂ ਕਰਦੇ ਹਨ। ਉਨ੍ਹਾਂ ਅਨੁਸਾਰ ਨੌਂਵੇਲਾ ਦਰਮਿਆਨੇ ਆਕਾਰ ਦਾ ਗਲਪੀ ਬਿਰਤਾਂਤ ਹੁੰਦਾ ਹੈ ਜਿਸ ਵਿੱਚ ਇਕ ਰੌਚਕ ਘਟਨਾਕ੍ਰਮ, ਸਥਿਤੀ ਜਾਂ ਤਣਾਉ ਦੀ ਪੇਸ਼ਕਾਰੀ ਹੁੰਦੀ ਹੈ ਜਿਸ ਦੀ ਕਹਾਣੀ ਵਿੱਚ ਇਕ ਅਣਕਿਆਸਿਆ ਮੋੜ ਆਉਂਦਾ ਹੈ। ਇਸ ਬਿਰਤਾਂਤ ਦਾ ਅੰਤ ਹੈਰਾਨੀ ਭਰਿਆ, ਉਮੀਦ ਤੋਂ ਬਾਹਰਾ ਪਰ ਤਾਰਕਿਕ ਹੁੰਦਾ ਹੈ। ਇਸ ਦੀ ਰਚਨਾ ਵਿਉਂਤ ਵਿੱਚ ਕਈ ਠੋਸ ਪ੍ਰਤੀਕ ਘੜਿਆ ਜਾਂਦਾ ਹੈ ਜੋ ਇਸ ਦੇ ਬਿਰਤਾਂਤ ਨੂੰ ਨਿਰੰਤਰਤਾ ਅਤੇ ਗਤੀ ਪ੍ਰਦਾਨ ਕਰਦਾ ਹੈ।[15] ਇਸੇ ਤਰ੍ਹਾਂ ਇਕ ਹੋਰ ਕਥਨ ਮੁਤਾਬਿਕ ਨੌਂਵੇਲਾ ਗਲਪੀ ਵਾਰਤਕ ਦੀ ਬਿਰਤਾਂਤਕ ਰਚਨਾ ਹੁੰਦੀ ਹੈ ਜੋ ਆਕਾਰ ਵਿਚ ਨਿੱਕੀ ਕਹਾਣੀ ਤੋਂ ਵਡੇਰੀ ਪਰ ਨਾਵਲ ਤੋਂ ਛੋਟੀ ਹੁੰਦੀ ਹੈ। ਇਸ ਬਾਰੇ ਸਹਿਮਤੀ ਨਹੀਂ ਕਿ ਨੌਂਵੇਲਾ ਦਾ ਆਕਾਰ ਕਿੰਨਾ ਹੋਵੇ। ਇਕ ਅਮਰੀਕੀ ਸਾਹਿਤਕ ਸੰਸਥਾ ਦੁਆਰਾ ਦਿੱਤੀ ਪਰਿਭਾਸ਼ਾ ਅਨੁਸਾਰ ਇਸ ਦਾ ਆਕਾਰ 17,500 ਤੋਂ 40,000 ਸ਼ਬਦਾਂ ਤਕ ਜਾਂ 60 ਤੋਂ 130 ਪੰਨਿਆਂ ਤਕ ਫ਼ੈਲਿਆ ਹੋ ਸਕਦਾ ਹੈ।[16]

ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਸਾਹਿਤ ਕੋਸ਼ ਵਿੱਚ ਨਾਵਲਿਟ ਦਾ ਇੰਦਰਾਜ ਉਪਨਿਆਸਿਕਾ ਦੇ ਤੌਰ ਤੇ ਕੀਤਾ ਗਿਆ ਹੈ। ਉਸ ਅਨੁਸਾਰ, 'ਉਪਨਿਆਸਿਕਾ ਜਾਂ ਲਘੂ ਉਪਨਿਆਸ (ਨਾਵਲ) ਜਾਂ ਨਾਵਲੈਟ ਗਲਪ ਸਾਹਿਤ ਦੇ ਉਸ ਰੂਪ ਨੂੰ ਆਖਦੇ ਹਨ ਜਿਹੜਾ ਆਕਾਰ ਵਿੱਚ ਸਾਧਾਰਣ ਕਹਾਣੀ ਨਾਲੋਂ ਲੰਮਾਂ ਅਤੇ ਸੰਪੂਰਣ ਉਪਨਿਆਸ ਨਾਲੋਂ ਛੋਟਾ ਹੁੰਦਾ ਹੈ। ਪੱਛਮ ਵਿੱਚ ਛਪੀਆਂ ਹੋਈਆਂ ਉਪਨਿਆਸਿਕਾਵਾਂ ਦਾ ਆਕਾਰ ਲਗਭਗ 30000 ਤੋਂ ਲੈ ਕੇ 50000 ਸ਼ਬਦਾਂ ਤਕ ਮਿਲਦਾ ਹੈ। ਉਪਨਿਅਸਿਕਾ ਜਾਂ ਨਾਵਲੈਟ ਜਰਮਨ ਸ਼ਬਦ ਨੋਵੇਲਾ (Novelle) ਦਾ ਪਰਾਇਵਾਚੀ ਹੈ ਜਿਹੜਾ ਛੋਟੇ ਆਕਾਰ ਵਾਲੇ ਨੌਂਵੇਲ ਲਈ ਵਰਤਿਆ ਜਾਂਦਾ ਹੈ। ਜਰਮਨ ਨੌਂਵੇਲਾ ਇਕ ਘਟਨਾ ਅਤੇ ਇਸ ਘਟਨਾ ਦਾ ਇਕ ਪਾਤਰ ਜਾਂ ਪਾਤਰਾਂ ਦੇ ਇਕ ਸਮੂਹ ਉੱਤੇ ਪ੍ਰਭਾਵ ਨਾਲ ਸੰਬੰਧਿਤ ਹੁੰਦਾ ਹੈ। ਉਪਨਿਆਸਿਕਾ ਵਿੱਚ 'ਛਾਇਆ ਚਿਤ੍ਰ' ਪ੍ਰਯੋਗ ਉਲੀਕ ਕੇ ਯਕਦਮ ਉਸ ਨੂੰ ਸਿਖਰ 'ਤੇ ਪਹੁੰਚਾਇਆ ਜਾਂਦਾ ਹੈ। ਸਾਧਾਰਣ ਤੌਰ 'ਤੇ ਉਪਨਿਆਸਿਕਾ ਵਿੱਚ ਉਪਨਿਆਸ ਦੇ ਸਾਰੇ ਤੱਤ ਮਿਲ ਜਾਂਦੇ ਹਨ, ਪਰੰਤੂ ਇਕ ਕਥਾ ਸੂਤਰ ਜਾਂ ਥੀਮ, ਇਕ ਕਥਾ, ਉਪ-ਕਥਾਵਾਂ ਦੀ ਅਣਹੋਂਦ, ਨਾਟਕੀ

ਵਿਅੰਗ, ਸੰਘਰਸ਼ ਅਤੇ ਸਿਖਰ ਦੀ ਨੇੜਤਾ, ਪਾਤਰਾਂ ਦੀ ਅਲਪ ਗਿਣਤੀ ਅਤੇ ਸੰਵਾਦ ਵਿੱਚ ਸੰਜਮ ਇਸ ਦੇ ਵਿਸ਼ੇਸ਼ ਗੁਣ ਹਨ।[17]

ਉਪਰੋਕਤ ਕਥਨਾਂ ਵਿੱਚ ਨਾਵਲਿਟ ਨੂੰ ਜ਼ਿਆਦਾਤਰ ਉਸ ਦੇ ਆਕਾਰ ਦੇ ਹਵਾਲੇ ਨਾਲ ਹੀ ਪਰਿਭਾਸ਼ਾਬੱਧ ਕੀਤਾ ਗਿਆ ਹੈ। ਇਨ੍ਹਾਂ ਵਿੱਚ ਇਸ ਦੇ ਵੱਖਰੇ ਬਿਰਤਾਂਤਕ ਸੰਗਠਨ ਵਲ ਤਾਂ ਕੁਝ ਸੰਕੇਤ ਕੀਤਾ ਗਿਆ ਹੈ ਪਰ ਵੱਖਰੇ ਵਿਚਾਰਧਾਰਾਈ ਅਤੇ ਸੁਹਜ-ਸ਼ਾਸਤਰੀ ਪ੍ਰਕਾਰਜ ਦੀ ਨਿਸ਼ਾਨਦੇਹੀ ਪ੍ਰਤਿ ਇਹ ਪਰਿਭਾਸ਼ਾਵਾਂ ਖ਼ਾਮੋਸ਼ ਹਨ। ਇਕਹਿਰੀ ਸਥਿਤੀ ਜਾਂ ਘਟਨਾ ਵਿੱਚ ਪੱਸਰਿਆ ਤਣਾਉ, ਇਕ ਕਥਾ ਸੂਤਰ ਜਾਂ ਥੀਮ, ਉਪ-ਕਥਾਵਾਂ ਦੀ ਅਣਹੋਂਦ, ਨਾਟਕੀ ਵਿਅੰਗ, ਤਿੱਖੇ ਘਟਨਾਵੀ ਮੋੜ ਉਪਰੰਤ ਅਣਕਿਆਸਿਆ ਅੰਤ, ਸੰਘਰਸ਼ ਅਤੇ ਸਿਖਰ ਦੀ ਨੇੜਤਾ, ਪਾਤਰਾਂ ਦੀ ਅਲਪ ਗਿਣਤੀ ਅਤੇ ਸੰਵਾਦ ਵਿੱਚ ਸੰਜਮ ਅਤੇ ਪ੍ਰਤੀਕ-ਜੁਗਤ ਨਾਵਲਿਟ ਦੇ ਬਿਰਤਾਂਤਕ ਸੰਗਠਨ ਦੀਆਂ ਕੁਝ ਖ਼ਾਸੀਅਤਾਂ ਹਨ। ਨਾਵਲਿਟ ਦੀ ਇਸ ਸਮਝ ਵਿੱਚ ਵਿਸਤਾਰ ਕਰਨ ਲਈ ਅਤੇ ਨਾਵਲ ਦੀ ਤੁਲਨਾ ਵਿੱਚ ਇਸ ਦੇ ਰੂਪ ਅਤੇ ਪ੍ਰਕਾਰਜ ਦੀ ਵਿਲੱਖਣਤਾ ਦੀ ਪਛਾਣ ਲਈ ਡਾ. ਸਵਿੰਦਰ ਸਿੰਘ ਉੱਪਲ ਦੇ ਹੇਠ ਲਿਖੇ ਕਥਨ ਨੂੰ ਵਿਚਾਰਿਆ ਜਾ ਸਕਦਾ ਹੈ।

> ਇਸ ਸਾਹਿਤਕ ਰੂਪ (ਨਾਵਲਿਟ) ਵਿੱਚ ਪਾਤਰ-ਗਿਣਤੀ ਅਤੇ ਪਾਤਰ ਵਿਸ਼ਾਲਤਾ ਵੀ ਘੱਟ ਹੁੰਦੀ ਹੈ। ਲੇਖਕ ਆਪਣੇ ਪਾਤਰਾਂ ਦਾ ਮਨੋਵਿਸ਼ਲੇਸ਼ਣ ਪੇਸ਼ ਕਰਨ ਵੇਲੇ ਬਹੁਤੀ ਡੂੰਘਾਈ ਵਿੱਚ ਨਹੀਂ ਜਾਂਦਾ। ਉਸ ਦਾ ਬਹੁਤਾ ਧਿਆਨ ਆਪਣੇ ਪ੍ਰਮੁੱਖ ਪਾਤਰ ਜਾਂ ਮੁੱਖ ਪਾਤਰਾਂ (ਨਾਇਕ, ਨਾਇਕਾ) ਵਲ ਰਹਿੰਦਾ ਹੈ; ਸਹਾਇਕ ਪਾਤਰਾਂ ਦੀ ਸ਼ਖ਼ਸੀਅਤ ਉਸਾਰਨ ਵਲ ਉਹ ਬਹੁਤਾ ਰਝੂਹ ਨਹੀਂ ਰਖਦਾ। ਮੁੱਖ ਪਾਤਰਾਂ ਦੀ ਪਾਤਰ ਉਸਾਰੀ ਕਰਨ ਵੇਲੇ ਵੀ ਉਹ ਉਹਨਾਂ ਨੂੰ ਬਹੁ-ਪੱਖੀ ਨਹੀਂ ਬਣਾਉਂਦਾ ਸਗੋਂ ਆਪਣੇ ਵਿਸ਼ੇ ਦੇ ਮੁੱਖ ਨੁਕਤੇ ਦੇ ਨੇੜੇ ਨੇੜੇ ਰਖਦਾ ਹੈ। ਇਸ ਵਿੱਚ ਵਾਤਾਵਰਣ ਕੇਵਲ ਸਹਾਇਕ ਰੂਪ ਵਿਚ ਪਰ ਸੰਖਿਪਤ ਹੁੰਦਾ ਹੈ। ਵਿਸਥਾਰ ਘੱਟ ਅਤੇ ਲੋੜੀਂਦੇ ਹੁੰਦੇ ਹਨ। ਨਿੱਕਾ ਨਾਵਲ ਦਿਲ ਨੂੰ ਜ਼ਿਆਦਾ ਅਤੇ ਦਿਮਾਗ ਨੂੰ ਘੱਟ ਟੁੰਬਦਾ ਹੈ।[18]

ਡਾ. ਉੱਪਲ ਨਾਵਲਿਟ ਲਈ ਨਿੱਕਾ ਨਾਵਲ ਜਾਂ ਉਪਨਿਆਸਿਕਾ ਪਦ ਦੀ ਵਰਤੋਂ ਕਰਦੇ ਹਨ ਅਤੇ ਨਾਵਲ ਅਤੇ ਨਾਵਲਿਟ ਦਾ ਨਿਖੇੜਾ ਕਰਦੇ ਹੋਏ ਲਿਖਦੇ ਹਨ ਕਿ

> 'ਨਿੱਕੇ ਨਾਵਲ ਅਤੇ ਪੂਰੇ ਨਾਵਲ ਨੂੰ ਵੱਖਰਿਆਉਣ ਵਾਲੀ ਅਸਲੀ ਵਸਤੂ ਵਿਸ਼ੇ ਦੀ ਚੋਣ ਅਤੇ ਉਸ ਦਾ ਨਿਭਾਹ ਹੈ। ਨਿੱਕਾ ਨਾਵਲ ਲਿਖਣ ਲਈ ਨਾਵਲਕਾਰ ਨਾ ਤਾਂ ਬਹੁਤਾ ਗੁੰਝਲਦਾਰ ਵਿਸ਼ਾ ਚੁਣਦਾ ਹੈ ਅਤੇ ਨਾ ਹੀ ਬਹੁ-ਪੱਖੀ। ਇਸ ਦਾ ਉਦੇਸ਼ ਵੀ ਬਹੁਤਾ ਮਹਾਨ ਨਹੀਂ ਹੁੰਦਾ। ਨਿਭਾਹ ਵਿੱਚ ਵੀ ਉਹ ਬਹੁਤਾ ਡੂੰਘਾਈ ਵਿੱਚ ਨਹੀਂ ਜਾਂਦਾ ਜਿਸ ਕਾਰਣ ਉਸ ਰਚਨਾ ਦਾ ਬੌਧਿਕ ਪੱਧਰ ਵੀ ਬਹੁਤਾ ਉੱਚਾ ਨਹੀਂ ਹੁੰਦਾ'।[19]

Scanned with CamScanner

ਹੁਣ ਗੱਲ ਨਾਵਲਿਟ ਦੇ ਬਿਰਤਾਂਤ ਸੰਗਠਨ ਤੋਂ ਅੱਗੇ ਉਸ ਦੇ ਕਲਾਤਮਕ ਅਤੇ ਵਿਚਾਰਧਾਰਾਈ ਪ੍ਰਕਾਰਜ ਦੀ ਪਛਾਣ ਦੀ ਕੋਸ਼ਿਸ਼ ਤੱਕ ਅੱਪੜ ਗਈ ਹੈ। ਨਾਵਲਿਟ ਦੇ ਬਿਰਤਾਂਤਕ ਪਾਸਾਰ ਵਿੱਚ ਕੇਂਦਰੀ ਪਾਤਰ ਦੇ ਮੁਕਾਬਲੇ ਤੇ ਸਹਾਇਕ ਪਾਤਰਾਂ ਦੀ ਗੌਣ ਸਥਿਤੀ ਦੇ ਨਾਲ ਨਾਲ ਇਸ ਪੱਖ ਵਲ ਇਹ ਸੰਕੇਤ ਕੀਤਾ ਗਿਆ ਹੈ ਕਿ ਇਸ ਵਿੱਚ ਨਾ ਕੇਵਲ ਮੁੱਖ ਪਾਤਰ ਦਾ ਬਹੁ-ਪੱਖੀ ਚਿੱਤਰ ਉੱਸਰਣ ਦੀ ਸੰਭਾਵਨਾ ਨਹੀਂ ਹੁੰਦੀ ਸਗੋਂ ਸਹਾਇਕ ਪਾਤਰਾਂ ਦੀ ਸ਼ਖ਼ਸੀਅਤ ਨੂੰ ਉਨ੍ਹਾਂ ਦੇ ਮਨੋ-ਹੁੰਗਾਰਿਆਂ ਸਮੇਤ ਪੇਸ਼ ਨਹੀਂ ਕੀਤਾ ਜਾਂਦਾ। ਇਸ ਸੂਰਤ ਵਿੱਚ ਜਿਸ ਕਿਸਮ ਦਾ ਬਿਰਤਾਂਤ ਸਾਹਮਣੇ ਆਉਂਦਾ ਹੈ ਉਹ ਨਿਸ਼ਚੇ ਹੀ ਇਕਹਿਰਾ ਅਤੇ ਡੂੰਘਾਈ ਤੋਂ ਸੱਖਣਾ ਹੋਵੇਗਾ। ਇਸ ਸੂਰਤ ਵਿੱਚ ਨਾਵਲਿਟ ਦਿਲ ਨੂੰ ਜ਼ਿਆਦਾ ਟੁੰਬਣਾ ਵਾਲੇ ਲਈ ਮਨੁੱਖੀ ਜੀਵਨ ਪ੍ਰਤਿ ਬੌਧਿਕ ਜਗਿਆਸਾ ਨੂੰ ਤ੍ਰਿਪਤ ਕਰਨਾ ਜਾਂ ਉਸ ਅਵਸਥਾ ਨੂੰ ਪੈਦਾ ਕਰਨਾ, ਜਿਸ ਨੂੰ ਨਾਵਲ ਵਿੱਚ ਗਿਆਨ ਦਾ ਸੰਤੋਖ ਕਿਹਾ ਗਿਆ ਹੈ, ਸ਼ਾਇਦ ਮੁਸ਼ਕਿਲ ਹੋ ਜਾਵੇਗਾ।

ਨਾਵਲਿਟ ਦੇ ਰੂਪ ਅਤੇ ਪ੍ਰਕਾਰਜ ਦੀ ਵਿਲੱਖਣਤਾ ਨੂੰ ਸਮਝਣ ਲਈ ਡਾ.ਟੀ.ਆਰ. ਵਿਨੋਦ ਦੀ ਧਾਰਣਾ ਵੀ ਸਹਾਈ ਹੋ ਸਕਦੀ ਹੈ। ਡਾ.ਟੀ.ਆਰ. ਵਿਨੋਦ ਨਾਵਲ ਦੇ ਵਿਭਿੰਨ ਆਕਾਰਾਂ ਬਾਰੇ ਚਰਚਾ ਕਰਦੇ ਹੋਏ ਨਾਵਲਿਟ ਅਤੇ ਨਾਵਲ ਦੇ ਅੰਤਰ ਸੰਬੰਧਾਂ ਵਲ ਕੁਝ ਸੰਕੇਤ ਕਰ ਦਿੰਦੇ ਹਨ। ਉਨ੍ਹਾਂ ਅਨੁਸਾਰ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦਾ ਆਕਾਰ ਲਘੂ ਨਾਵਲ ਨਾਲੋਂ ਛੋਟਾ ਹੈ, ਫੇਰ ਵੀ ਇਸ ਨੂੰ ਮਹਾਂ-ਕਾਵਿਕ ਪੱਧਰ ਦਾ ਨਾਵਲ ਗਿਣਿਆ ਜਾਂਦਾ ਹੈ। ਸਪੱਸ਼ਟ ਹੈ ਕਿ ਇਸ ਨਾਵਲ ਨੂੰ ਇਹ ਦਰਜਾ ਇਸ ਦੀ ਥੀਮਕ ਅਹਿਮੀਅਤ ਕਰਕੇ ਮਿਲਿਆ ਹੈ।[20] ਇੱਥੋਂ ਇਹ ਪ੍ਰਭਾਵ ਪੈਦਾ ਹੁੰਦਾ ਹੈ ਕਿ ਜਦੋਂ ਛੋਟੇ ਆਕਾਰ ਵਾਲੇ ਬਿਰਤਾਂਤ ਅੰਦਰ ਥੀਮਕ ਵਿਸਤਾਰ ਅਤੇ ਅਰਥਾਂ ਦੀ ਗਹਿਰਾਈ ਆ ਜਾਵੇ ਤਾਂ ਉਹ ਰਚਨਾ ਲਘੂ-ਨਾਵਲ ਜਾਂ ਨਾਵਲਿਟ ਨਾ ਹੋ ਕੇ ਨਾਵਲ ਦੀ ਕੋਟੀ ਵਿੱਚ ਹੀ ਆ ਜਾਵੇਗੀ। ਇਸ ਤੋਂ ਇਹ ਧਾਰਨਾ ਵੀ ਬਣਾਈ ਜਾ ਸਕਦੀ ਹੈ ਕਿ ਨਾਵਲ ਤੇ ਨਾਵਲਿਟ ਦਾ ਅੰਤਰ ਕੇਵਲ ਬਾਹਰੀ ਆਕਾਰ ਦਾ ਹੀ ਨਹੀਂ ਹੁੰਦਾ ਸਗੋਂ ਜ਼ਿਆਦਾ ਮਹੱਤਵਪੂਰਣ ਅੰਤਰ ਅੰਦਰੂਨੀ ਵਿਸਤਾਰ ਅਤੇ ਗਹਿਰਾਈ ਦਾ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਪੰਜਾਬੀ ਦੇ ਕਈ ਲਘੂ ਆਕਾਰ ਦੇ ਨਾਵਲ ਆਪਣੇ ਅੰਦਰਲੇ ਵਿਸਤਾਰ ਕਾਰਣ ਨਾਵਲਿਟ ਨਾ ਰਹਿ ਕੇ ਨਾਵਲ ਅਖਵਾਉਣ ਦੇ ਹੱਕਦਾਰ ਬਣ ਜਾਣਗੇ। ਜਿਵੇਂ ਫ਼ਖ਼ਰ ਜ਼ਮਾਨ ਦੀਆਂ ਦੋ ਰਚਨਾਵਾਂ 'ਬੇਵਤਨਾ' ਅਤੇ 'ਇਕ ਮਰੇ ਬੰਦੇ ਦੀ ਕਹਾਣੀ' ਆਪਣੇ ਛੋਟੇ ਆਕਾਰ ਦੇ ਬਾਵਜੂਦ ਅੰਦਰਲੇ ਵਿਸਤਾਰ ਕਾਰਣ; ਜੋ ਉਨ੍ਹਾਂ ਦੇ ਪ੍ਰਤੀਕ-ਪ੍ਰਬੰਧ ਨੂੰ ਡੀਕੋਡ ਕਰਨ ਉਪਰੰਤ ਦ੍ਰਿਸ਼ਟੀਗੋਚਰ ਹੋ ਜਾਵੇਗਾ; ਨਾਵਲ ਹੀ ਕਹੀਆਂ ਜਾਣਗੀਆਂ। ਇਸ ਦੇ ਮੁਕਾਬਲੇ ਦਲੀਪ ਕੌਰ ਟਿਵਾਣਾ ਦਾ ਨਾਵਲ 'ਇਹੋ ਹਮਾਰਾ ਜੀਵਣਾ' ਸ਼ਾਇਦ ਅੰਦਰਲੇ ਵਿਸਤਾਰ ਦੀ ਗੈਰ-ਹਾਜ਼ਰੀ ਅਤੇ ਪ੍ਰਗੀਤਕ ਸੁਭਾਅ ਕਾਰਣ ਨਾਵਲ ਦੀ ਬਜਾਏ ਨਾਵਲਿਟ ਕਿਹਾ ਜਾਵੇ ਤਾਂ ਵਧੇਰੇ ਉੱਚਿਤ ਹੋਵੇਗਾ।

ਪੰਜਾਬੀ ਵਿੱਚ ਨਾਵਲਿਟ ਦੀ ਰਚਨਾ ਏਨੀ ਨਹੀਂ ਹੋਈ ਕਿ ਇਸ ਨੂੰ ਇਕ ਸੁਤੰਤਰ ਅਤੇ ਨਿਸ਼ਚਿਤ ਰੂਪਾਕਾਰਕ ਵਰਤਾਰੇ ਦੇ ਤੌਰ 'ਤੇ ਮਾਨਤਾ ਪ੍ਰਾਪਤ ਹੋ ਸਕਦੀ। ਜਿੰਨੇ ਵੀ ਨਾਵਲਿਟ ਪੰਜਾਬੀ ਵਿੱਚ ਲਿਖੇ ਗਏ ਹਨ ਉਨ੍ਹਾਂ ਦੀ ਬਣਤਰ ਨੂੰ ਧਿਆਨ ਨਾਲ ਵਾਚੀਏ ਤਾਂ

Scanned with CamScanner

ਇਸ ਦੇ ਨਾਵਲ ਤੋਂ ਵੱਖਰੇ ਕੁੱਝ ਲੱਛਣ ਪਕੜ ਵਿੱਚ ਆ ਸਕਦੇ ਹਨ। ਨਾਵਲ ਦੇ ਸਿਰਜਿਤ ਗਲਪ ਜਗਤ ਨੂੰ ਦੋਹਰਾ ਸੰਸਾਰ ਕਿਹਾ ਜਾਂਦਾ ਹੈ। ਇਸ ਵਿੱਚ ਇਕ ਪਾਸੇ ਤਾਂ ਸਧਾਰਣ ਮਨੁੱਖ ਦੇ ਸੰਘਰਸ਼ ਤੇ ਪ੍ਰਾਕਰਮ ਦਾ ਬਿਰਤਾਂਤ ਉੱਸਰਦਾ ਹੈ ਅਤੇ ਦੂਜੇ ਪਾਸੇ ਉਸ ਦੇ ਭੌਤਿਕ ਕਾਰਜ ਦੇ ਵਸਤੂ-ਪ੍ਰਸੰਗ ਵਜੋਂ ਇਤਿਹਾਸਿਕ ਸਥਿਤੀਆਂ ਦਾ ਨਕਸ਼ਾ ਬਿਰਤਾਂਤਕ ਧਰਾਤਲ ਉੱਤੇ ਫੈਲਦਾ ਜਾਂਦਾ ਹੈ। ਇਸ ਦੇ ਮੁਕਾਬਲੇ ਨਾਵਲਿਟ ਵਿੱਚ ਬਿਰਤਾਂਤਕਾਰੀ ਦਾ ਬਹੁਤਾ ਜ਼ੋਰ ਪਾਤਰਾਂ ਦੇ ਕਾਰਜ, ਭਾਵਨਾਤਮਕ ਹੁੰਗਾਰੇ ਅਤੇ ਸੋਚ ਦੇ ਵੇਰਵਿਆਂ ਦੀ ਪੇਸ਼ਕਾਰੀ ਤੇ ਹੀ ਹੁੰਦਾ ਹੈ ਅਤੇ ਵਸਤੂ-ਪ੍ਰਸੰਗ ਜਾਂ ਤਾਂ ਬਹੁਤ ਸੀਮਿਤ ਆਕਾਰ ਵਿੱਚ ਪ੍ਰਗਟ ਹੁੰਦਾ ਹੈ ਤੇ ਜਾਂ ਫਿਰ ਪ੍ਰਤੀਕਾਤਮਕ ਤੇ ਸੰਕੇਤਕ ਪੱਧਰ ਤੇ ਹੀ ਹਾਜ਼ਰ ਹੋ ਸਕਦਾ ਹੈ। ਪੰਜਾਬੀ ਦੇ ਕਈ ਨਾਵਲਿਟਾਂ ਵਿੱਚ ਬਿਰਤਾਂਤ ਕੇਂਦਰੀ ਪਾਤਰਾਂ ਦੇ ਅਤਿ ਨੇੜੇ ਦੇ ਵੇਰਵਿਆਂ ਨੂੰ ਸਿਰਜਦਾ ਹੋਇਆ, ਉਨ੍ਹਾਂ ਦੇ ਮਨੋਭਾਵੁਕ ਹੁੰਗਾਰਿਆਂ ਦੀ ਪੇਸ਼ਕਾਰੀ ਤਕ ਸਿਮਟਿਆ ਰਹਿੰਦਾ ਹੈ। ਵਸਤੂ-ਪ੍ਰਸੰਗ ਦੀ ਨਾਮਾਲੂਮ ਹੋਂਦ ਕਾਰਣ ਅਜਿਹੀਆਂ ਰਚਨਾਵਾਂ ਜੀਵਨ ਦਾ ਜੋ ਬਿੰਬ ਘੜਦੀਆਂ ਹਨ, ਉਹ ਜ਼ਿੰਦਗੀ ਦੇ ਯਥਾਰਥ ਜਾਂ ਐਬਸਰਡਿਟੀ ਨੂੰ ਉਭਾਰਨ ਦੀ ਥਾਂ ਰੋਮਾਂਚ ਨੂੰ ਉਭਾਰਣ ਤੋਂ ਅੱਗੇ ਨਹੀਂ ਜਾ ਸਕਦੀਆਂ। ਪਰਗਟ ਸਿੰਘ ਸਿੱਧੂ ਦੇ ਨਾਵਲਿਟ 'ਪ੍ਰੀਤੋ' ਅਤੇ 'ਬੱਤਖ਼ ਦੇ ਪਰਾਂ ਜਿਹੇ ਸਫ਼ੇਦ ਦਿਨ' ਇਸ ਲਈ ਪ੍ਰਮਾਣ ਵਜੋਂ ਪੇਸ਼ ਕੀਤੇ ਜਾ ਸਕਦੇ ਹਨ।

ਨਾਵਲਿਟ ਦੇ ਬਿਰਤਾਂਤ ਵਿੱਚ ਪੇਸ਼ ਸਥਿਤੀ ਇਕਹਿਰੀ ਹੁੰਦੀ ਹੈ ਅਤੇ ਮੁੱਖ ਘਟਨਾ ਰਾਹੀਂ ਸਾਕਾਰ ਹੁੰਦੇ ਤਣਾਉ ਦਾ ਵਿਸਤਾਰ ਹੋਰ ਬਹੁਤ ਸਾਰੀਆਂ ਘਟਨਾਵਾਂ ਰਾਹੀਂ ਸਾਹਮਣੇ ਆਉਂਦਾ ਹੈ। ਇੰਝ ਇਸ ਵਿੱਚ ਨਿੱਕੀਆਂ ਨਿੱਕੀਆਂ ਕਈ ਘਟਨਾਵਾਂ ਦਾ ਬਿਰਤਾਂਤ ਉੱਸਰਦਾ ਹੈ। ਇਹ ਘਟਨਾਵਾਂ ਭਾਵੇਂ ਲੰਮੀ ਕਹਾਣੀ ਤੋਂ ਉਲਟ ਇਕ ਦੂਜੇ ਵਿੱਚੋਂ ਜਨਮ ਲੈਂਦੀਆਂ ਹਨ ਪਰ ਇਹ ਕੇਂਦਰੀ ਪਾਤਰ ਦੇ ਨੇੜੇ ਤੇੜੇ ਵਾਪਰਦੀਆਂ ਹਨ ਅਤੇ ਉਸ ਨਾਲ ਸਿੱਧੇ ਤੌਰ ਤੇ ਸੰਬੰਧਿਤ ਹੁੰਦੀਆਂ ਹਨ। ਨਾਵਲਿਟ ਵਿੱਚ ਘਟਨਾਵੀ ਬਿਰਤਾਂਤ ਕੇਂਦਰੀ ਪਾਤਰ ਤੋਂ ਦੂਰ ਇਤਿਹਾਸਕ ਪ੍ਰਕਿਰਿਆਵਾਂ ਦੀ ਪੇਸ਼ਕਾਰੀ ਤਕ ਨਹੀਂ ਪੱਸਰਦਾ, ਜਿਸ ਕਰਕੇ ਇਸ ਵਿੱਚ ਦੇ ਵਸਤੂ ਪ੍ਰਸੰਗ ਦੇ ਵੇਰਵੇ ਬਹੁਤੇ ਵਿਸਤ੍ਰਿਤ ਨਾ ਹੋ ਕੇ ਸੰਕੇਤਕ ਹੀ ਰਹਿੰਦੇ ਹਨ। ਇਸ ਨਾਲ ਜੋ ਬਿੰਬ ਉੱਸਰਦਾ ਹੈ ਉਹ ਕੇਂਦਰੀ ਪਾਤਰ ਨੂੰ ਆਮ ਨਾਲੋਂ ਸੰਵੇਦਨਸ਼ੀਲ ਤੇ ਵਡੇਰਾ ਬਣਾ ਦਿੰਦਾ ਹੈ ਪਰ ਹੋਰ ਪਾਤਰਾਂ ਦੇ ਕਾਰਜ, ਮਨੋ-ਵਿਹਾਰ ਅਤੇ ਸ਼ਖ਼ਸੀਅਤ ਦੇ ਘਟਨਾਵੀ ਪ੍ਰਸੰਗਾਂ ਦੀ ਗ਼ੈਰ-ਹਾਜ਼ਰੀ ਵਿੱਚ ਕੇਂਦਰੀ ਪਾਤਰ ਦੀ ਉਚੇਰੀ ਸਥਿਤੀ ਬਣੀ ਰਹਿੰਦੀ ਹੈ। ਇਸ ਨਾਲ ਭਾਵਨਾਤਮਕ ਟਕਰਾਓ ਵਾਲਾ ਬਿਰਤਾਂਤ ਤਾਂ ਉੱਸਰਦਾ ਹੈ ਕਾਰਜੀ-ਟਕਰਾਓ ਦੀ ਬਹੁਤੀ ਸੰਭਾਵਨਾ ਨਹੀਂ ਬਣਦੀ। ਇਨ੍ਹਾਂ ਕਾਰਣਾਂ ਕਰਕੇ ਘਟਨਾਵਾਂ ਦਾ ਏਨਾ ਵਿਸਤਾਰ ਵੀ ਸਾਹਮਣੇ ਨਹੀਂ ਆਉਂਦਾ ਕਿ ਜੀਵਨ-ਹਕੀਕਤਾਂ ਦਾ ਬਹੁ-ਪਾਸਾਰੀ ਚਿੱਤਰ ਅਤੇ ਡੂੰਘਾ ਬੋਧ ਪ੍ਰਾਪਤ ਹੋ ਸਕੇ। ਇੰਝ ਨਾਵਲਿਟ ਤੇਜ ਗਤੀ ਨਾਲ ਵਾਪਰੀਆਂ ਘਟਨਾਵਾਂ ਦੀ ਬਹੁਤਾਤ ਦੇ ਬਾਵਜੂਦ ਮੁਕਾਬਲਤਨ ਸੰਖੇਪ ਪਰ ਇਕਸੁਰੀ ਬਿਰਤਾਂਤਕ ਪ੍ਰਬੰਧ ਬਣ ਜਾਂਦਾ ਹੈ ਜਿਸ ਵਿੱਚ ਜ਼ਿੰਦਗੀ ਦੇ ਯਥਾਰਥਕ ਬੋਧ ਅਤੇ ਐਬਸਰਡਿਟੀ ਦੀ ਥਾਂ ਵਿਕਰਤ ਰੋਮਾਂਚ ਦੀ ਪ੍ਰਬਲ ਭਾਵਨਾ ਹੀ ਉਤਪੰਨ ਹੁੰਦੀ ਹੈ। ਸ਼ਾਇਦ ਇਹੀ ਕਾਰਣ ਹੈ ਕਿ ਕਿ ਇਕ ਅੰਗਰੇਜ਼ ਵਿਦਵਾਨ ਹੈਵਰਡ ਅਨੁਸਾਰ ਨਾਵਲਿਟ ਸਿਰਫ਼

Scanned with CamScanner

ਆਕਾਰ ਵਿੱਚ ਹੀ ਛੋਟਾ ਨਹੀਂ ਹੁੰਦਾ ਸਗੋਂ ਉਪਭਾਵੁਕ ਅਤੇ ਸਨਸਨੀਖ਼ੇਜ਼ ਹੁੰਦਾ ਹੈ।[21] ਡਾ. ਸਵਿੰਦਰ ਸਿੰਘ ਉੱਪਲ ਵੀ ਸ਼ਾਇਦ ਇਸੇ ਲਈ ਨਾਵਲਿਟ ਨੂੰ 'ਦਿਮਾਗ ਦੇ ਮੁਕਾਬਲੇ ਦਿਲ ਨੂੰ ਜ਼ਿਆਦਾ ਟੁੰਬਣ ਵਾਲੀ ਵਿਧਾ' ਕਹਿੰਦਾ ਹੈ।[22]

ਪੰਜਾਬੀ ਵਿੱਚ ਇਕ ਸੁਤੰਤਰ ਵਿਧਾ ਦੇ ਤੌਰ 'ਤੇ ਨਾਵਲਿਟ ਦੇ ਵਿਕਾਸ ਦੀਆਂ ਸੀਮਾਵਾਂ ਨੂੰ ਸਮਝਣ ਲਈ ਇਸ ਦੀ ਸਿਰਜਣ ਪ੍ਰਕਿਰਿਆ ਬਾਰੇ ਸੁਪ੍ਰਸਿੱਧ ਤੇ ਪ੍ਰੌਢ ਗਲਪਕਾਰ ਸੁਖਬੀਰ ਦਾ ਹੇਠ ਲਿਖਿਆ ਕਥਨ ਰੌਚਕ ਸੰਕੇਤ ਪ੍ਰਦਾਨ ਕਰਦਾ ਹੈ ਜੋ ਮਾਰਚ 2008 ਵਿੱਚ ਛਪੇ ਇਕ ਰਸਾਲੇ ਵਿੱਚ ਪ੍ਰਕਾਸ਼ਿਤ ਉਸ ਦੀ ਇਕ ਕਹਾਣੀ ਦੇ ਆਰੰਭ ਵਿੱਚ ਦਰਜ ਹੈ:

> ਫ਼ਰਵਰੀ ਅੰਕ ਵਿੱਚ ਛਪੀ ਆਪਣੀ ਇਕ ਕਹਾਣੀ, 'ਇਕ ਹੋਰ ਚਾਰਦਿਵਾਰੀ' ਦੇ ਮੁੱਖ ਪਾਤਰ, ਮਨੋਹਰ ਬਾਰੇ ਮੈਂ ਦੋ ਹੋਰ ਕਹਾਣੀਆਂ ਲਿਖੀਆਂ ਸਨ। ਤਿੰਨੋਂ ਕਹਾਣੀਆਂ ਆਪਸ ਵਿੱਚ ਜੋੜਨ ਨਾਲ ਮਨੋਹਰ ਬਾਰੇ ਨਾਵਲੈਟ ਬਣ ਜਾਂਦਾ ਹੈ। ਦਸੰਬਰ ਅੰਕ ਵਿੱਚ ਛਪੇ ਮੇਰੇ ਨਾਵਲੈਟ, 'ਟੁੱਟੀ ਹੋਈ ਲੜੀ' ਵਿੱਚ ਜਿੱਥੇ ਪੰਜ ਕਹਾਣੀਆਂ ਇਕ ਖਾਸ ਤਰਤੀਬ ਵਿੱਚ ਜੋੜਨ ਨਾਲ ਪੰਜਾਂ ਕਾਂਡਾਂ ਵਾਲਾ ਨਾਵਲੈਟ ਬਣਦਾ ਹੈ, ਉੱਥੇ 'ਇਕ ਹੋਰ ਚਾਰਦਿਵਾਰੀ' ਅਤੇ ਦੂਜੀਆਂ ਦੋ ਕਹਾਣੀਆਂ ਕਿਸੇ ਵੀ ਤਰਤੀਬ ਵਿੱਚ ਜੋੜਨ ਨਾਲ ਨਾਵਲੈਟ ਬਣ ਜਾਂਦਾ ਹੈ।[23]

ਇਸ ਕਥਨ ਵਿੱਚ 'ਮਨੋਹਰ ਬਾਰੇ' ਅਤੇ 'ਕਿਸੇ ਵੀ ਤਰਤੀਬ ਵਿੱਚ ਜੋੜਨ ਨਾਲ' ਵਾਕੰਸ਼ ਬੜੇ ਸੁਝਾਊ ਹਨ। ਕਹਾਣੀਆਂ ਦਾ ਇਕ ਪਾਤਰ ਮਨੋਹਰ ਬਾਰੇ ਹੋਣਾ ਇਹ ਦੱਸਦਾ ਹੈ ਕਿ ਇਨ੍ਹਾਂ ਦੇ ਜੋੜ ਵਿੱਚੋਂ ਪ੍ਰਾਪਤ ਨਾਵਲਿਟ ਇਕਹਿਰੀ ਬਣਤਰ ਵਾਲਾ ਹੋਵੇਗਾ ਜਿਸ ਵਿੱਚ ਬਾਕੀ ਪਾਤਰਾਂ ਦੀ ਸਥਿਤੀ ਜ਼ਿਕਰਯੋਗ ਵੀ ਨਹੀਂ ਹੋਵੇਗੀ। ਸੁਤੰਤਰ ਕਹਾਣੀਆਂ ਨੂੰ ਕਿਸੇ ਵੀ ਤਰਤੀਬ ਨਾਲ ਜੋੜਨ ਨਾਲ ਨਾਵਲਿਟ ਦਾ ਬਣ ਜਾਣਾ ਸੰਕੇਤ ਕਰਦਾ ਹੈ ਕਿ ਇਹ ਕਹਾਣੀਆਂ ਦਾ ਬਿਰਤਾਂਤ ਇਕ ਹੱਦ ਤਕ ਇਕ ਦੂਜੇ ਤੋਂ ਸੁਤੰਤਰ ਅਰਥ-ਪ੍ਰਬੰਧ ਦੀ ਧਾਰਣੀ ਵੀ ਹੋਵੇਗਾ। ਇੰਝ ਨਾਵਲਿਟ ਕੋਈ ਅਜਿਹੀ ਰਚਨਾ ਨਹੀਂ ਰਹਿੰਦਾ ਜੋ ਲੇਖਕ ਵਲੋਂ ਇਕ ਨਿਸ਼ਚਿਤ ਅਰਥ-ਪ੍ਰਬੰਧ ਨੂੰ ਸਾਕਾਰ ਕਰਨ ਲਈ ਚੇਤਨ ਤੌਰ 'ਤੇ ਸਿਰਜਿਆ ਜਾਵੇ। ਇਹ ਤਾਂ ਬਣ ਜਾਂਦਾ ਹੈ ਅਤੇ ਕੁਝ ਕਹਾਣੀਆਂ ਦਾ ਜਮ੍ਹਾਂ ਜੋੜ ਵੀ ਹੋ ਸਕਦਾ ਹੈ ਬਸ਼ਰਤੇ ਉਨ੍ਹਾਂ ਕਹਾਣੀਆਂ ਦਾ ਬਿਰਤਾਂਤ ਇਕ ਪਾਤਰ ਦੁਆਲੇ ਹੀ ਘੁੰਮਦਾ ਹੋਵੇ। ਰਚਨਾ ਪ੍ਰਕਿਰਿਆ ਦੀ ਇਸ ਅਨਿਸ਼ਚਿਤਤਾ ਕਰਕੇ ਨਾਵਲਿਟ ਪੰਜਾਬੀ ਵਿੱਚ ਸਾਹਿਤਕ ਰਸਾਲਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਹੋਂਦ ਵਿੱਚ ਆਉਣ ਵਾਲਾ ਰਚਨਾ-ਰੂਪ ਬਣ ਕੇ ਰਹਿ ਗਿਆ ਹੈ ਅਤੇ ਇਕ ਸੁਤੰਤਰ ਰੂਪਾਕਾਰਕ ਪਛਾਣ ਕਾਇਮ ਕਰਨ ਤੋਂ ਉਰ੍ਹਾਂ ਉਰ੍ਹਾਂ ਸਿਮਟ ਗਿਆ ਹੈ।

ਇੱਥੇ ਨਾਵਲਿਟ ਬਾਰੇ ਇਹ ਗੱਲ ਜ਼ਰੂਰ ਕਰਨੀ ਬਣਦੀ ਹੈ ਕਿ ਨਿਸ਼ਚੇ ਹੀ ਨਾਵਲਿਟ ਦਾ ਪ੍ਰਕਾਰਜ ਨਾਵਲ ਨਾਲੋਂ ਵੱਖਰਾ ਹੈ ਪਰ ਇਹ ਨਿਰਪੇਖ ਤੌਰ 'ਤੇ ਨਿਗੂਣਾ ਨਹੀਂ ਹੈ। ਨਾਵਲਿਟ ਇਕ ਤਰ੍ਹਾਂ ਨਾਲ ਸਾਹਿਤ ਅਧਿਐਨ ਦੀ ਪਹਿਲੀ ਸਟੇਜ 'ਤੇ ਪਾਠਕ ਪੈਦਾ ਕਰਨ ਵਾਲੀ ਵਿਧਾ ਹੈ। ਇਹ ਪਾਠਕ ਨੂੰ ਪਹਿਲਾਂ ਪਹਿਲ ਆਪਣੇ ਰੋਮਾਂਚਕ ਜਗਤ ਵਲ ਆਕਰਸ਼ਿਤ ਕਰਦੀ ਹੈ ਅਤੇ ਉਸ ਵਿੱਚ ਬਿਰਤਾਂਤਕ ਰਚਨਾਵਾਂ ਪੜ੍ਹਨ ਦੀ ਰੁਚੀ ਜਗਾਉਂਦੀ

Scanned with CamScanner

ਹੈ। ਇਕ ਵਾਰ ਨਾਵਲਿਟ ਵਰਗੀਆਂ ਹਲਕੀਆਂ ਫੁਲਕੀਆਂ ਰਚਨਾਵਾਂ ਰਾਹੀਂ ਜਦੋਂ ਪਾਠਕ ਸਾਹਿਤ ਅਧਿਐਨ ਨਾਲ ਜੁੜ ਜਾਂਦਾ ਹੈ ਤਾਂ ਉਸ ਦੀ ਜਗਿਆਸਾ ਵਧਦੀ ਜਾਂਦੀ ਹੈ। ਇਸ ਦੀ ਪੂਰਤੀ ਲਈ ਫਿਰ ਉਹ ਨਾਵਲ ਅਤੇ ਹੋਰ ਦਾਰਸ਼ਨਿਕ ਗਹਿਰਾਈ ਵਾਲੀਆਂ ਰਚਨਾਵਾਂ ਵਲ ਮੁੜ ਜਾਂਦਾ ਹੈ। ਇੰਝ ਨਾਵਲਿਟ ਦਾ ਪ੍ਰਕਾਰਜ ਨਾਵਲ ਨਾਲੋਂ ਵੱਖਰਾ ਤਾਂ ਹੋ ਜਾਂਦਾ ਹੈ ਪਰ ਇਸ ਵਿੱਚ ਕਾਮਯਾਬ ਹੋਣ ਵਾਲੀ ਰਚਨਾ ਵੀ ਸੁੱਟ ਪਾਉਣ ਵਾਲੀ ਨਹੀਂ ਹੁੰਦੀ। ਸਾਹਿਤ ਖੇਤਰ ਵਿੱਚ ਉਸ ਦੀ ਆਪਣੀ ਸਾਰਥਕਤਾ ਹੁੰਦੀ ਹੈ।

(3)

ਪੰਜਾਬੀ ਸਾਹਿਤਕ ਅਤੇ ਅਕਾਦਮਿਕ ਖੇਤਰ ਵਿੱਚ ਲੰਮੀ ਕਹਾਣੀ ਦੀ ਵਿਧਾ ਬਾਰੇ ਕੋਈ ਇਕ ਪ੍ਰਵਾਣਿਤ ਧਾਰਣਾ ਨਹੀਂ ਹੈ। ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ 'ਸਾਹਿਤ ਕੋਸ਼' ਵਿੱਚ ਐਡਗਰ ਐਲੇਨ ਪੋ ਦੀ ਧਾਰਣਾ; ਕਿ ਨਿੱਕੀ ਕਹਾਣੀ ਦਾ ਸ਼ਾਬਦਿਕ ਆਕਾਰ 2500 ਸ਼ਬਦਾਂ ਤੋਂ 10000 ਸ਼ਬਦਾਂ ਤਕ ਫੈਲਿਆ ਹੋ ਸਕਦਾ ਹੈ; ਦੀ ਤੁਲਨਾ ਵਿੱਚ ਲੰਮੀ-ਨਿੱਕੀ ਕਹਾਣੀ ਦਾ ਆਕਾਰ 10000 ਸ਼ਬਦਾਂ ਤੋਂ ਵਧੇਰੇ ਦੱਸਿਆ ਗਿਆ ਹੈ ਪਰ ਇਸ ਤੋਂ ਇਲਾਵਾ ਇਸ ਦੀਆਂ ਹੋਰ ਰੂਪਾਕਾਰਕ ਵਿਸ਼ੇਸ਼ਤਾਵਾਂ ਨੂੰ ਅੰਕਿਤ ਕਰਨ ਦਾ ਯਤਨ ਨਹੀਂ ਕੀਤਾ। ਇੰਝ ਲੰਮੀ ਕਹਾਣੀ ਨੂੰ ਇਕ ਸੁਤੰਤਰ ਵਿਧਾ ਦੀ ਬਜਾਏ ਨਿੱਕੀ ਕਹਾਣੀ ਦਾ ਆਕਾਰ ਪੱਖੋਂ ਇਕ ਭੇਦ ਹੀ ਸਵੀਕਾਰ ਕੀਤਾ ਗਿਆ ਹੈ।[24]

ਲੰਮੀ ਕਹਾਣੀ ਦਾ ਪਦ ਸ਼ਾਇਦ ਪਹਿਲੀ ਵਾਰ ਉਦੋਂ ਵਰਤੋਂ ਵਿੱਚ ਆਉਣਾ ਸ਼ੁਰੂ ਹੋਇਆ ਜਦੋਂ ਜਗਜੀਤ ਸਿੰਘ ਛਾਬੜਾ ਨੇ 1965 ਵਿੱਚ 'ਲੰਮੀ ਕਹਾਣੀ' ਨਾਮ ਦੀ ਪੁਸਤਕ ਸੰਪਾਦਿਤ ਕੀਤੀ। ਉਸ ਦੀ ਭੂਮਿਕਾ ਵਿੱਚ ਜਗਜੀਤ ਸਿੰਘ ਛਾਬੜਾ ਨੇ ਪਹਿਲੀ ਵਾਰ ਲੰਮੀ ਕਹਾਣੀ ਦੇ ਰੂਪਾਕਾਰਕ ਲੱਛਣਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਨੂੰ ਇਕ ਵਿਲੱਖਣ ਗਲਪ-ਵਿਧਾ ਦੇ ਤੌਰ 'ਤੇ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਭੂਮਿਕਾ ਵਿੱਚ ਛਾਬੜਾ ਲੰਮੀ ਕਹਾਣੀ ਨੂੰ ਨਵੀਨ ਅਨੁਭਵ ਦੀ ਸਿਰਜਣਾਤਮਕ ਲੋੜ ਦੀ ਉਪਜ ਦਸਦਾ ਹੈ।[25] ਨਿੱਕੀ ਕਹਾਣੀ ਨਾਲੋਂ ਲੰਮੀ ਕਹਾਣੀ ਨੂੰ ਨਿਖੇੜਦਾ ਹੋਇਆ ਉਹ ਲਿਖਦਾ ਹੈ ਕਿ 'ਨਿੱਕੀ ਕਹਾਣੀ ਦਾ ਕਲਾ ਰੂਪ ਅਜਿਹੇ ਨਿਯਮਾ ਦਾ ਧਾਰਣੀ ਚਲਾ ਆ ਰਿਹਾ ਹੈ ਕਿ ਅਨੁਭਵ ਨੂੰ ਪੂਰੀ ਸੁਤੰਤਰਤਾ ਨਾਲ ਪ੍ਰਗਟਾ ਕੇ ਵੀ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਅਨੁਭਵ ਨੂੰ ਕਾਫ਼ੀ ਹੱਦ ਤੱਕ ਸੁਕੇੜਨਾ ਪਿਆ ਹੈ। ਆਧੁਨਿਕ ਸੰਵੇਦਨਾ ਨੇ ਵਿਅਕਤੀ ਦ੍ਰਿਸ਼ਟੀਕੋਣ ਨੂੰ ਵਧੇਰੇ ਸਬਲ ਬਣਾ ਦਿੱਤਾ ਹੈ। ਇਹ ਵਿਅਕਤੀ ਚਿੰਤਨ ਅਨੁਭਵ ਨੂੰ ਪੂਰਣ ਤੌਰ ਤੇ ਸੁਤੰਤਰ ਅਤੇ ਮੌਲਿਕ ਰੂਪ ਵਿੱਚ ਪ੍ਰਗਟਾਉਣਾ ਲੋਚਦਾ ਹੈ।....ਇਸ ਮੌਲਿਕ ਅਤੇ ਸਬਲ ਜੀਵਨ ਅਧਿਐਨ ਨੇ ਨਿੱਕੀ ਕਹਾਣੀ ਦੇ ਆਕਾਰ ਨੂੰ ਵਿਸਤ੍ਰਿਤ ਕਰਨ ਦੇ ਨਾਲ ਨਾਲ ਇਕ ਸਫ਼ਲ ਅਤੇ ਸ਼ਕਤੀਸ਼ਾਲੀ ਦ੍ਰਿਸ਼ਟੀਕੋਣ ਦੇ ਪ੍ਰਗਟਾ ਦਾ ਵੀ ਮੰਗ ਕੀਤੀ ਹੈ।[26]

ਡਾ. ਉੱਪਲ, ਜਗਜੀਤ ਸਿੰਘ ਛਾਬੜਾ ਦੀ ਇਸ ਧਾਰਣਾ ਨਾਲ ਸਹਿਮਤ ਨਹੀਂ ਹਨ ਕਿ ਨਿੱਕੀ ਕਹਾਣੀ ਵਿੱਚ ਅਨੁਭਵ 'ਸੁਕੜਿਆ' ਹੁੰਦਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਵਿਸ਼ੇ ਅਤੇ ਮੁੱਖ ਪਾਤਰ ਦੀ ਮਾਨਸਿਕਤਾ ਦੀ ਅਸਾਧਾਰਣਤਾ ਅਸਲ ਵਿੱਚ ਲੰਮੀ ਕਹਾਣੀ ਦੀ ਰਚਨਾ ਦਾ ਆਧਾਰ ਬਣਦੀ ਹੈ।[27]

Scanned with CamScanner

ਇਕ ਹੋਰ ਲੇਖਕ ਅਮਰ ਸਿੰਘ ਅਨੁਸਾਰ, 'ਲੰਮੀ ਨਿੱਕੀ ਕਹਾਣੀ ਇਕ ਅਜਿਹਾ ਰੂਪ ਹੈ ਜਿਸ ਦੀ ਉੱਤਪਤੀ ਇਕ ਤਰ੍ਹਾਂ ਦੀ ਗਿਲਾਨੀ ਭਾਵ ਵਿੱਚੋਂ ਹੋਈ, ਜਦੋਂ ਨਿੱਕੀ ਕਹਾਣੀ ਇਕ ਸ਼ਾਬਦਿਕ ਜੁਗਤੀ (verbal artifice) ਬਣ ਕੇ ਰਹਿ ਗਈ।'[28] ਨਾਵਲ ਦੀ ਘਟਨਾਵੀਂ ਸੰਰਚਨਾ ਦੀ ਤੁਲਨਾ ਵਿੱਚ ਲੰਮੀ ਕਹਾਣੀ ਨੂੰ ਪਰਿਭਾਸ਼ਿਤ ਕਰਦਾ ਹੋਇਆ ਅਮਰ ਸਿੰਘ ਲਿਖਦਾ ਹੈ ਕਿ 'ਲੰਮੀ ਨਿੱਕੀ ਕਹਾਣੀ ਦੇ ਮੌਕੇ ਨਾਵਲ ਦੇ ਮੌਕਿਆਂ ਵਾਂਗ ਇਕ ਦੂਜੇ ਵਿੱਚੋਂ ਉੱਸਰੇ ਹੋਏ ਨਹੀਂ, ਸਗੋਂ ਇਕ ਦੂਸਰੇ ਨਾਲ ਸੰਬੰਧਿਤ ਹੁੰਦੇ ਹਨ'।[29] ਇਸ ਗੱਲ ਵਿੱਚ ਡਾ. ਉੱਪਲ ਵਿਸਤਾਰ ਕਰਦਾ ਹੈ ਕਿ 'ਇਹ ਸੰਬੰਧ ਆਮ ਤੌਰ 'ਤੇ ਮੁਖ ਪਾਤਰ ਦੀ ਮਾਨਸਿਕਤਾ ਰਾਹੀਂ ਕਾਇਮ ਕੀਤਾ ਜਾਂਦਾ ਹੈ'।[30] ਲੰਮੀ ਕਹਾਣੀ ਦੀ ਸੰਰਚਨਾ ਨੂੰ ਸਮਝਣ ਲਈ ਇਹ ਇਕ ਬਹੁਤ ਮਹੱਤਵਪੂਰਣ ਅੰਤਰ-ਦ੍ਰਿਸ਼ਟੀ ਹੈ। ਲੰਮੀ ਕਹਾਣੀ ਵਿੱਚ ਬਿਰਤਾਂਤ ਮੁੱਖ ਧਰਾਤਲ ਤੋਂ ਜਦੋਂ ਆਸ-ਪਾਸ ਜਾਂ ਅੱਗੇ-ਪਿੱਛੇ ਜਾਂਦਾ ਹੈ ਤਾਂ ਉਸ ਸਮੇਂ ਪੇਸ਼ ਹੋਣ ਵਾਲੀਆਂ ਘਟਨਾਵਾਂ ਨਾਲ ਮੁੱਖ ਬਿਰਤਾਂਤ ਦੇ ਘਟਨਾਵੀ ਕਾਰਜ ਦਾ ਕਾਰਣ-ਕਾਰਜ ਸੰਬੰਧ ਹੋਣਾ ਜ਼ਰੂਰੀ ਨਹੀਂ। ਅਜਿਹੇ ਬਿਰਤਤਕ ਖੰਡ ਮੁੱਖ ਬਿਰਤਾਂਤ ਦੇ ਕੇਂਦਰ ਵਿੱਚ ਮੌਜੂਦ ਪਾਤਰ ਦੇ ਕਾਰਜਾਂ, ਭਾਵਾਂ ਅਤੇ ਮਾਨਸਿਕ ਹੁੰਗਾਰਿਆਂ ਨੂੰ ਇਕ ਪਰਿਪੇਖ ਪ੍ਰਦਾਨ ਕਰਨ ਦਾ ਪ੍ਰਕਾਰਜ ਨਿਭਾਉਂਦੇ ਹਨ। ਇਸ ਨਾਲ ਬਿਰਤਾਂਤਕ ਕਾਰਜ ਦੇ ਅਰਥ ਨੂੰ ਇਕ ਗਹਿਰਾਈ ਪ੍ਰਾਪਤ ਹੋ ਜਾਂਦੀ ਹੈ। ਇੰਝ ਲੰਮੀ ਕਹਾਣੀ ਵਿਚਲਾ ਵਿਸਤਾਰ ਮੁੱਖ ਬਿਰਤਾਂਤ ਦੇ ਅਰਥ ਨੂੰ ਗਹਿਰਾਈ ਪ੍ਰਦਾਨ ਕਰਨ ਦਾ ਪ੍ਰਤਿਫਲ ਹੁੰਦਾ ਹੈ। ਇਸੇ ਗੱਲ ਨੂੰ ਸੁਤਿੰਦਰ ਸਿੰਘ ਨੂਰ 'ਅੰਦਰਲਾ ਵਿਸਤਾਰ' ਕਹਿੰਦਾ ਹੈ।

ਜਦੋਂ ਪਹਿਲਾਂ ਪਹਿਲ ਇਹ ਪਦ ਵਰਤਿਆ ਗਿਆ ਉਦੋਂ ਸੱਚਮੁਚ ਲੰਮੀ ਕਹਾਣੀ ਨਿੱਕੀ ਕਹਾਣੀ ਦੀ ਮੁੱਖ ਵਿਧਾ ਦੇ ਅੰਤਰਗਤ ਹੀ ਇਕ ਰੂਪ ਸੀ ਕਿਉਂਕਿ ਨਿੱਕੀ ਕਹਾਣੀ ਦੇ ਅਭਿਆਸੀ ਕਹਾਣੀਕਾਰ ਕਦੇ ਕਦਾਈਂ ਲੰਮੀ ਕਹਾਣੀ ਲਿਖਦੇ ਸਨ। ਉਦੋਂ ਅਮਰੀਕੀ ਅੰਗਰੇਜ਼ੀ ਗਲਪ ਅਤੇ ਉਰਦੂ ਗਲਪ ਵਿੱਚ ਇਹ ਵਿਧਾ ਹਰਮਨ ਪਿਆਰੀ ਹੋ ਚੁੱਕੀ ਸੀ। ਡਾ. ਉੱਪਲ ਅਨੁਸਾਰ ਲੰਮੀ ਨਿੱਕੀ ਕਹਾਣੀ ਪੰਜਾਬੀ ਵਿੱਚ ਪੱਛਮੀ ਅਤੇ ਉਰਦੂ ਦੇ ਪ੍ਰਭਾਵ ਤੋਂ ਆਈ ਹੈ।[31] ਪੰਜਾਬੀ ਕਹਾਣੀਕਾਰ ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਤਜੁਰਬੇ ਵਜੋਂ ਕਦੇ ਕਦੇ ਲੰਮੀ ਕਹਾਣੀ ਲਿਖਦੇ ਸਨ। ਪਰ ਉਨ੍ਹਾਂ ਲੇਖਕਾਂ ਨੇ ਭਵਿੱਖ ਵਿੱਚ ਇਸ ਵਿਧਾ ਦੇ ਵਿਕਾਸ ਲਈ ਮੁੱਢਲੀਆਂ ਪੈੜਾਂ ਜ਼ਰੂਰ ਧਰ ਦਿੱਤੀਆਂ ਸਨ। ਪਰੰਤੂ ਹੁਣ ਇਹ ਅਜਿਹਾ ਰੂਪਾਕਾਰ ਹੈ ਜਿਹੜਾ ਪੰਜਾਬੀ ਬੰਦੇ ਦੇ ਅਨੁਭਵ ਵਿੱਚੋਂ ਸਹਿਜ ਰੌਂ ਪੈਦਾ ਹੋਇਆ ਹੈ ਅਤੇ ਬਿਰਤਾਂਤਕ ਪ੍ਰਗਟਾਵੇ ਦੇ ਪ੍ਰਮੁਖ 'ਤੇ ਸ਼ਕਤੀਸ਼ਾਲੀ ਮਾਧਿਅਮ ਵਜੋਂ ਸਥਾਪਿਤ ਹੋ ਚੁੱਕਿਆ ਹੈ।

ਪੰਜਾਬੀ ਗਲਪ ਆਲੋਚਨਾ ਦੇ ਸਥਾਪਿਤ ਹਸਤਾਖ਼ਰ ਵੀ ਲੰਮੀ ਕਹਾਣੀ ਬਾਰੇ ਗੱਲ ਤਾਂ ਕਰਦੇ ਹਨ ਪਰ ਉਹ ਇਸ ਨੂੰ ਨਿੱਕੀ ਕਹਾਣੀ ਦਾ ਹੀ ਇਕ ਭੇਦ ਸਵੀਕਾਰ ਕਰਦੇ ਹਨ, ਇਕ ਵੱਖਰਾ ਰੂਪਾਕਾਰਕ ਵਰਤਾਰਾ ਨਹੀਂ। ਇਸੇ ਕਰਕੇ ਪੰਜਾਬੀ ਆਲੋਚਕਾਂ ਨੇ ਇਸ ਨੂੰ ਸੁਤੰਤਰ ਰੂਪਾਕਾਰ ਮੰਨਣ ਵਿੱਚ ਝਿਜਕ ਦਿਖਾਈ ਹੈ। ਇਸ ਕਿਸਮ ਦੀ ਝਿਜਕ ਦਾ ਪ੍ਰਗਟਾਵਾ ਡਾ. ਸੁਤਿੰਦਰ ਸਿੰਘ ਨੂਰ ਦੀ ਧਾਰਣਾ ਵਿੱਚ ਪ੍ਰਗਟ ਹੁੰਦਾ ਹੈ। ਉਨ੍ਹਾਂ ਅਨੁਸਾਰ, 'ਸ਼ਬਦ 'ਲੰਬੀ ਕਹਾਣੀ' ਕਹਾਣੀ ਦੇ ਵੱਖਰੇ ਰੂਪ ਜਾਂ ਪਛਾਣ ਵਲ ਸੰਕੇਤ ਕਰਦਾ ਹੈ। ਲੰਬੀ

Scanned with CamScanner

ਕਹਾਣੀ ਹੈ ਤਾਂ ਕਹਾਣੀ ਹੀ, ਫਿਰ ਵੀ ਉਸ ਦੀ ਪਛਾਣ ਵੱਖਰੀ ਹੈ। ਇਸ ਲਈ ਇਸ ਨੂੰ ਉਸ ਵਿਧਾ ਦੇ ਅੰਤਰਗਤ ਇਕ ਵੱਖਰਾ ਰੂਪ ਕਹਿ ਲੈਣਾ ਚਾਹੀਦਾ ਹੈ'।[32] ਡਾ. ਰਾਹੀ ਨੇ ਇਸ ਝਿਜਕ ਨੂੰ ਸਿੱਧਾਂਤਕ ਸ਼ਬਦਾਵਲੀ ਵਿੱਚ ਪੇਸ਼ ਕਰਕੇ ਵਧੇਰੇ ਦਲੀਲਯੁਕਤ ਬਣਾ ਦਿੱਤਾ ਹੈ। ਉਹ ਲਿਖਦੇ ਹਨ:

> ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਜਦੋਂ ਤੋਂ ਵਰਿਆਮ ਸਿੰਘ ਸੰਧੂ ਨੇ ਪੈਰ ਧਰਿਆ ਹੈ, ਤਦੋਂ ਤੋਂ ਨਿੱਕੀ ਕਹਾਣੀ ਦੇ ਟਾਕਰੇ ਵਿੱਚ 'ਲੰਮੀ ਕਹਾਣੀ' ਦਾ ਵੀ ਅਕਸਰ ਜ਼ਿਕਰ ਹੋਣ ਲੱਗ ਪਿਆ ਹੈ। ਪਰ 'ਲੰਮੀ ਕਹਾਣੀ' ਦੇ ਵਿਧਾ ਸ਼ਾਸਤਰ ਦਾ ਕਦੇ ਕਿਸੇ ਨੇ ਨਿਖੇੜਾ ਨਹੀਂ ਕੀਤਾ, ਭਾਵੇਂ ਕਿਧਰੇ ਕਿਧਰੇ ਇਹ ਨਿੱਕੀ ਕਹਾਣੀ ਤੇ ਨਾਵਲ ਦੇ ਵਿੱਚ ਵਿਚਾਲੇ ਦੀ ਕੋਈ ਚੀਜ਼ ਹੋਣ ਦਾ ਭਰਮ ਜ਼ਰੂਰ ਪੈਦਾ ਕਰਦੀ ਹੈ। ਦਰਅਸਲ, ਵਿਧਾ ਦੇ ਪੱਖ ਤੋਂ ਇਹ ਨਿੱਕੀ ਕਹਾਣੀ ਨਾਲੋਂ ਨਿਵੇਕਲੇ ਵਿਸ਼ੇਸ਼ ਵੱਖਰੇ ਗੁਣਾਂ ਜਾਂ ਲੱਛਣਾਂ ਵਾਲਾ ਬਿਰਤਾਂਤ-ਰੂਪ ਨਹੀਂ ਹੈ। ਵਰਿਆਮ ਸੰਧੂ ਦੀਆਂ ਕਹਾਣੀਆਂ ਨੂੰ ਲੰਮੀ ਕਹਾਣੀ ਦਾ ਪ੍ਰਤਿਮਾਨ ਮੰਨ ਲਈਏ ਤਾਂ ਅਸੀਂ ਵੇਖਾਂਗੇ ਕਿ ਜੋ ਚੀਜ਼ ਇਨ੍ਹਾਂ ਨੂੰ ਲੰਮੀਆਂ ਬਣਾਉਂਦੀ ਹੈ ਉਹ ਹੈ ਇਨ੍ਹਾਂ ਵਿੱਚ ਮੁਖ ਬਿਰਤਾਂਤ ਦੇ ਅੰਤਰਗਤ ਉਪ-ਬਿਰਤਾਂਤਾਂ ਦੀ ਵਰਤੋਂ। ਇਨ੍ਹਾਂ ਉਪ-ਬਿਰਤਾਂਤਾਂ ਦਾ ਮੁਖ ਪ੍ਰਕਾਰਜ ਕਹਾਣੀ ਵਿਚਲੇ ਸੰਵੇਦਨ-ਭਾਵ ਨੂੰ ਸੰਘਣਤਾ (density) ਦੇਣਾ ਹੈ। ਸ਼ਾਇਦ ਕੁਝ ਪਾਸਾਰ ਵੀ। ਬਾਕੀ ਗੱਲਾਂ ਵਿੱਚ ਇਸ ਦਾ ਮੁਖ ਕਿਰਦਾਰ ਨਿੱਕੀ ਕਹਾਣੀ ਵਾਲੀਆਂ ਮਾਨਵੀ ਦੁਬਿਧਾਵਾਂ ਨਾਲ ਹੀ ਸੰਬੰਧਿਤ ਰਹਿੰਦਾ ਹੈ।[33]

ਇਸ ਸੈਮੀਨਾਰ ਵਿੱਚ ਡਾ. ਰਾਹੀ ਦੁਆਰਾ ਪੜ੍ਹੇ ਗਏ ਪੇਪਰ ਵਿਚ ਵੀ ਇਸ ਗੱਲ ਨੂੰ ਮੁੜ ਦੁਹਰਾਇਆ ਗਿਆ ਹੈ। ਇਸ ਪੇਪਰ ਵਿੱਚ ਉਨ੍ਹਾਂ ਦੀ ਝਿਜਕ ਦੁਬਿਧਾ ਵਿੱਚ ਬਦਲ ਗਈ ਹੈ। ਉਹ ਵਰਿਆਮ ਸੰਧੂ ਦੀ ਮੁਸ਼ੱਕਤ ਨਾਲ 'ਨਿੱਸਰੀ ਲੰਮੀ ਕਹਾਣੀ ਦੀ ਫ਼ਸਲ' ਦੇ ਅਨੁਭਵ ਤੇ ਦ੍ਰਿਸ਼ਟੀ ਪਰਿਪੇਖ ਬਾਰੇ ਚਰਚਾ ਕਰਦੇ ਲਿਖਦੇ ਹਨ ਕਿ ਰਾਮਰਾਜ ਅਤੇ ਸਮਾਜਵਾਦ ਦੇ ਖ਼ਿਆਲਾਂ ਦੇ ਭਰਮ ਦੇ ਟੁੱਟਣ ਉਪਰੰਤ ਜ਼ਿੰਦਗੀ ਦੇ ਸੁਪਨਿਆਂ ਨੂੰ ਛਲਾਵਾ ਤੇ ਜ਼ਿੰਦਗੀ ਨੂੰ ਕਠੋਰ ਹਕੀਕਤ ਸਵਿਕਾਰ ਕਰਨ ਦੀ ਬਿਰਤੀ ਪੈਦਾ ਹੋਈ ਅਤੇ ਜਾਂ ਫਿਰ ਇਸ ਹੁੰਗਾਰੇ ਦੇ ਬਿਲਕੁਲ ਵਿਪਰੀਤ ਹਿੰਸਕ ਇਨਕਲਾਬ ਵਿੱਚ ਭਾਵੁਕ ਨਿਸ਼ਚੇ ਦਾ ਆਗਮਨ ਹੋਇਆ। ਪਰ ਇਸ ਭਾਵੁਕ ਨਿਸ਼ਚੇ ਦੀਆਂ ਸੰਭਾਵਨਾਵਾਂ ਦੇ ਸਿਮਟਣ ਨਾਲ ਜੋ ਵੱਖਰਾ ਅਨੁਭਵ ਪਰਿਪੇਖ ਪੈਦਾ ਹੋਇਆ ਉਹ ਲੰਮੀ ਕਹਾਣੀ ਦੀ ਉਪਜ ਦਾ ਆਧਾਰ ਬਣਿਆ। ਡਾ. ਰਾਹੀ ਅਨੁਸਾਰ ਲੰਮੀ ਕਹਾਣੀ ਵਿਧਾ ਦੀ ਦ੍ਰਿਸ਼ਟੀ ਤੋਂ ਮੁੱਢਲੀ ਨਿੱਕੀ ਕਹਾਣੀ ਨਾਲੋਂ ਕਿਸੇ ਵੀ ਲਿਹਾਜ਼ ਨਾਲ ਵੱਖਰੀ ਨਹੀਂ, ਸਿਰਫ਼ ਤਰਕੀਬਕਾਰੀ ਦੇ ਲਿਹਾਜ਼ ਨਾਲ ਵੱਖਰੀ ਹੈ। ਉਹ ਵਰਿਆਮ ਸੰਧੂ ਦੀਆਂ ਕਹਾਣੀਆਂ ਵਿੱਚ ਉਹੀ ਗੋਲਾਈ ਦੇਖਦੇ ਹਨ ਜਿਹੜੀ ਨਿੱਕੀ ਕਹਾਣੀ ਵਿੱਚ ਹੁੰਦੀ ਸੀ। ਉਨ੍ਹਾਂ ਅਨੁਸਾਰ ਫ਼ਰਕ ਸਿਰਫ਼ ਪ੍ਰਭਾਵ ਦਾ ਪਿਆ ਹੈ ਕਹਾਣੀ ਦ੍ਰਿਸ਼ਟੀ ਦੀ ਹਕੀਕਤ ਦਾ ਨਹੀਂ।[34] ਡਾ. ਰਾਹੀ ਲੰਮੀ ਕਹਾਣੀ ਦੇ ਵੱਖਰੇ ਅਨੁਭਵ ਪਰਿਪੇਖ, ਇਸ ਅੰਦਰਲੀ ਬਿਰਤਾਂਤਕ-ਸੰਰਚਨਾ (ਤਰਕੀਬ) ਦੀ ਨਵੀਨਤਾ, ਉਪ-ਬਿਰਤਾਂਤਾਂ ਰਾਹੀਂ ਸਿਰਜੇ ਜਾਂਦੇ ਸੰਵੇਦਨ-ਭਾਵ ਦੀ ਸੰਘਣਤਾ ਵਿਚੋਂ ਉਪਜਦੇ ਇਸਦੇ ਵੱਖਰੇ ਪ੍ਰਭਾਵ ਅਤੇ ਇਸ ਵਿੱਚ ਮਨੁੱਖੀ

Scanned with CamScanner

ਸਥਿਤੀ ਦੇ ਕੁਝ ਪਾਸਾਰਾਂ ਦੀ ਪੇਸ਼ਕਾਰੀ ਦੀ ਸੰਭਾਵਨਾ ਨੂੰ ਵੀ ਸਵੀਕਾਰ ਕਰ ਲੈਂਦੇ ਹਨ ਪਰ ਇਹ ਸਭ ਗੱਲਾਂ ਉਨ੍ਹਾਂ ਨੂੰ ਕਿਸੇ ਨਵੀਂ ਵਿਧਾ ਦੀ ਵੱਖਰੀ ਪਛਾਣ ਨੂੰ ਸਥਾਪਿਤ ਕਰਨ ਯੋਗ ਨਹੀਂ ਲੱਗਦੀਆਂ। ਡਾ. ਰਾਹੀ ਦੀਆਂ ਧਾਰਣਾਵਾਂ ਦਾ ਆਧਾਰ ਜ਼ਿਆਦਾਤਰ ਇਕੋ ਕਹਾਣੀਕਾਰ ਵਰਿਆਮ ਸੰਧੂ ਦੀਆਂ ਕੁਝ ਕਹਾਣੀਆਂ ਹਨ। ਉਹ ਇਸ ਨੂੰ ਇਕ ਵਿਅਕਤੀ-ਲੇਖਕ ਦੇ ਸਿਰਜਣਾਤਮਕ ਸਾਹਸਕਰਮ ਵਜੋਂ ਹੀ ਦੇਖਦੇ ਹਨ, ਇਕ ਸਿਰਜਣਾਤਮਕ ਵਰਤਾਰੇ ਵਜੋਂ ਨਹੀਂ। ਉਹ ਆਪਣੇ ਉਕਤ ਪੇਪਰ ਵਿੱਚ ਹੀ ਇਕ 'ਸੰਯੁਕਤ ਵਿਧਾ (integrated mode) ਦੇ ਹੋਂਦ ਵਿੱਚ ਆਉਣ ਦਾ ਇਸ਼ਾਰਾ ਕਰਦੇ ਹਨ, ਜਿਸ ਵਿੱਚ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚਲੇ ਪ੍ਰਕਿਰਤੀ ਅਤੇ ਸੰਸਕ੍ਰਿਤੀ' ਦੀ ਮੁਠਭੇੜ ਦਾ ਇੰਕਸਾਫ਼ ਕਰਨ ਵਾਲੇ ਇਤਿਹਾਸ-ਨਿਰਪੇਖ ਗਲਪ-ਬਿੰਬ ਦੇ ਮੁਕਾਬਲੇ ਵਿਡੰਬਨਾ ਅਤੇ ਇੰਕਸਾਫ਼ ਦੇ ਇਤਿਹਾਸ ਸਾਪੇਖ ਵਿਧਾ-ਸੰਜੋਗ ਰਾਹੀਂ ਵਡੇਰੀਆਂ ਸੰਭਾਵਨਾਵਾਂ ਉਤਪੰਨ ਹੋਈਆਂ ਹਨ। ਇਸ ਕਿਸਮ ਦੇ ਵਿਧਾ ਸੰਜੋਗ ਦੇ ਪ੍ਰਮਾਣ ਲਈ ਉਨ੍ਹਾਂ ਨੇ ਜਿਹੜੀਆਂ ਕਹਾਣੀਆਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨਾਲ ਜੇ ਉਹ ਬਲਵਿੰਦਰ ਗਰੇਵਾਲ ਦੀਆਂ ਕਹਾਣੀਆਂ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ', 'ਯੁੱਧ ਖੇਤਰ', 'ਖੰਡੇ ਦੀ ਧਾਰ' ਤੇ 'ਇਕ ਘਰ ਆਜ਼ਾਦ ਹਿੰਦੀਆਂ ਦਾ' ਅਤੇ ਗੁਰਪਾਲ ਲਿੱਟ ਤੇ ਗੁਰਦਿਆਲ ਦਲਾਲ ਦੀਆਂ ਕਹਾਣੀਆਂ ਨੂੰ ਵਿਚਾਰ ਲੈਂਦੇ ਅਤੇ ਇਨ੍ਹਾਂ ਨੂੰ ਲੰਮੀ ਕਹਾਣੀ ਦੀ ਇਕ ਪਰੰਪਰਾ ਵਜੋਂ ਜੋੜ ਕੇ ਵੇਖਦੇ ਤਾਂ ਸ਼ਾਇਦ ਉਹ ਇਸ ਨੂੰ ਮਹਿਜ ਸੰਭਾਵਨਾ ਨਾ ਕਹਿ ਕੇ ਇਕ ਮੌਜੂਦ ਵਰਤਾਰਾ ਮੰਨ ਲੈਂਦੇ। ਪਰ ਮਰਹੂਮ ਸੁਦਰਸ਼ਨ ਫ਼ਾਕਿਰ ਦੇ ਹੇਠ ਲਿਖੇ ਸ਼ਿਅਰ ਵਾਂਗ ਅਸੀਂ ਕਈ ਵਾਰ ਸਾਹਮਣੇ ਮੌਜੂਦ ਚੀਜ਼ਾਂ ਦੇ ਹੋਣ ਤੋਂ ਵੀ ਇਨਕਾਰੀ ਹੋ ਜਾਂਦੇ ਹਾਂ ਅਤੇ ਜੋ ਹੋਂਦਮਾਨ ਹੀ ਨਹੀਂ ਹੁੰਦਾ, ਉਸ ਨੂੰ ਸਭ ਕੁਝ ਸਮਝਦੇ ਰਹਿੰਦੇ ਹਾਂ।

> ਸਾਮ੍ਹਨੇ ਹੈ ਜੋ ਉਸੇ, ਲੋਗ ਬੁਰਾ ਕਹਿਤੇ ਹੈਂ,
> ਜਿਸੇ ਦੇਖਾ ਭੀ ਨਹੀਂ, ਉਸਕੋ ਖ਼ੁਦਾ ਕਹਿਤੇ ਹੈਂ।

ਲੰਮੀ ਕਹਾਣੀ ਦੀ ਸੁਤੰਤਰ ਰੂਪਾਕਾਰਕ ਪਛਾਣ ਬਾਰੇ ਡਾ.ਟੀ.ਆਰ. ਵਿਨੋਦ ਦਾ ਰਵੱਈਆਂ ਰੋਚਕ ਹੈ। ਉਹ ਆਪਣੀ ਕਿਤਾਬ 'ਪੰਜਾਬੀ ਕਹਾਣੀ ਅਧਿਐਨ' ਵਿੱਚ ਲੰਮੀ ਕਹਾਣੀ ਨੂੰ ਨਿੱਕੀ ਕਹਾਣੀ ਦਾ ਹੀ ਇਕ ਰੂਪ ਮੰਨਦਾ ਹੈ ਅਤੇ ਇਸ ਦੀ ਰਚਨਾ ਵਿਧੀ ਦੀ ਵਿਲੱਖਣਤਾ ਨੂੰ ਪਛਾਣਦਾ ਹੋਇਆ ਲਿਖਦਾ ਹੈ, 'ਆਧੁਨਿਕ ਨਿੱਕੀ ਕਹਾਣੀ ਦੇ ਘੇਰੇ ਵਿੱਚ ਅਜਿਹੀਆਂ ਸੰਸਾਰ ਪ੍ਰਸਿੱਧ ਕਹਾਣੀਆਂ ਵੀ ਸ਼ਾਮਿਲ ਹਨ ਜਿਨ੍ਹਾਂ ਦਾ ਰਚਨਾ-ਵਿਧਾਨ ਅਤੇ ਪ੍ਰਕਾਰਜ ਵਖਰੀ ਭਾਂਤ ਦਾ ਹੈ। ਇਹ ਕਹਾਣੀਆਂ ਵੀ ਇਕਹਿਰੀ ਘਟਨਾ ਦਾ ਬਿਰਤਾਂਤ ਹਨ। ਪਰ ਇਨ੍ਹਾਂ ਵਿੱਚ ਇਸ ਦੇ ਇਕ ਤੋਂ ਜ਼ਿਆਦਾ ਪਾਸਾਰ ਮੂਰਤੀਮਾਨ ਕੀਤੇ ਹੁੰਦੇ ਹਨ। ਇਸ ਪ੍ਰਕਾਰ ਅਜਿਹੀਆਂ ਕਹਾਣੀਆਂ ਦਾ ਪ੍ਰਯੋਜਨ ਘਟਨਾ ਵਿਚਲੀ 'ਗੱਲ' ਦੇ ਚਮਤਕਾਰਕ ਸੰਚਾਰ ਦੀ ਬਜਾਇ, ਘਟਨਾ ਦੇ ਸਮੁੱਚੇ ਯਥਾਰਥ ਨੂੰ ਉਜਾਗਰ ਕਰਨ ਵਾਲਾ ਹੁੰਦਾ ਹੈ। ਇਨ੍ਹਾਂ ਕਹਾਣੀਆਂ ਦੀ ਗਤੀ ਜੀਵਨ ਦੀ ਮੱਠੀ ਤੋਰ ਦੀ ਤਰ੍ਹਾਂ ਸਹਿਜ-ਭਾ ਹੁੰਦੀ ਹੈ। ਇਹ ਸਹਿਜ-ਭਾ ਆਰੰਭ ਹੁੰਦੀਆਂ, ਵਿਕਾਸ ਕਰਦੀਆਂ ਅਤੇ ਮੁੱਕ ਜਾਂਦੀਆਂ ਹਨ। ਇਨ੍ਹਾਂ ਵਿੱਚ ਪੇਸ਼ ਸਧਾਰਣ ਜੀਵਨ ਦਾ ਜਟਿਲ ਯਥਾਰਥ ਆਪਣੇ ਆਪ ਵਿੱਚ ਹੀ ਸੁਹਜਮਈ ਹੁੰਦਾ ਹੈ ਜਿਸ

Scanned with CamScanner

ਕਰਕੇ ਜਟਿਲ ਯਥਾਰਥ ਦਾ ਬੋਧ ਹੀ ਕਹਾਣੀ ਦੀ ਕੇਂਦਰੀ ਗੱਲ ਹੋ ਨਿਬੜਦਾ ਹੈ। ਸਿਖਰ ਵਲ ਤੇਜੀ ਨਾਲ ਵਧਦੇ ਘਟਨਾਵੀ ਲਟਕਾਉ ਅਤੇ ਸਿੱਧਾਂਤਕ ਸੁਝਾਉ ਤੋਂ ਮੁਕਤ ਇਹ ਕਹਾਣੀਆਂ ਕੇਂਦਰੀ ਸਥਿਤੀ ਦੀਆਂ ਵਿਭਿੰਨ ਪਰਤਾਂ, ਪਾਸਾਰਾਂ, ਦਬਾਵਾਂ ਅਤੇ ਦਿਸ਼ਾਵਾਂ ਦਾ ਵੇਰਵਾ ਪ੍ਰਸਤੁਤ ਕਰਦੀਆਂ ਹਨ। ਵੇਰਵੇ ਦਾ ਸਧਾਰਣ ਜੀਵਨ ਦੀ ਇਕਹਿਰੀ ਘਟਨਾ ਨਾਲ ਸੰਬੰਧ ਹੋਣ ਕਰਕੇ, ਅਜਿਹੀ ਕਹਾਣੀ ਨਾਵਲੀ ਰੂਪ ਗ੍ਰਹਿਣ ਨਹੀਂ ਕਰਦੀ ਅਤੇ ਵੇਰਵੇ ਦੀ ਹੋਂਦ ਕਰਕੇ ਸਰਲੀਕਰਣ ਦੀ ਰੁਚੀ ਦਾ ਸ਼ਿਕਾਰ ਨਹੀਂ ਹੁੰਦੀ। ਅਸਲ ਵਿੱਚ ਜਿਹੜੇ ਕਹਾਣੀਕਾਰ 'ਗੱਲ' ਰੜਕਾਉਣ ਲਈ ਕਹਾਣੀ ਰਚਦੇ ਹਨ, ਉਹ ਪਹਿਲੀ ਭਾਂਤ ਦੀ ਰਚਨਾ ਜੁਗਤ ਵਰਤਦੇ ਹਨ। ਪਰ ਜਿਨ੍ਹਾਂ ਦੀ ਰੁਚੀ ਸਥਿਤੀ ਦਾ ਅਨੁਭਵ ਉਜਾਗਰ ਕਰਨ ਉੱਤੇ ਕੇਂਦਰਿਤ ਹੁੰਦੀ ਹੈ, ਉਨ੍ਹਾਂ ਨੂੰ ਦੂਸਰੀ ਭਾਂਤ ਦੀ ਰਚਨਾ ਜੁਗਤ ਰਾਸ ਆਉਂਦੀ ਹੈ।[35]

ਆਪਣੇ ਇਸ ਆਲੇਖ ਤੋਂ ਕੁਝ ਸਾਲ ਬਾਅਦ ਟੀ.ਆਰ.ਵਿਨੋਦ ਆਪਣੇ ਇਕ ਹੋਰ ਆਲੇਖ ਵਿੱਚ ਲੰਮੀ ਕਹਾਣੀ ਨੂੰ 'ਲੰਮੀ-ਨਿੱਕੀ ਕਹਾਣੀ' ਦੀ ਸੰਗਿਆ ਦਿੰਦਾ ਹੈ ਅਤੇ ਇਸ ਨੂੰ ਇਕ ਨਵੀਂ ਵਿਧਾ ਵੀ ਕਹਿ ਦਿੰਦਾ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ 'ਨਵੀਂ ਆਧੁਨਿਕ ਕਹਾਣੀ ਦੇ ਜਿਨ੍ਹਾਂ ਸਰੋਕਾਰਾਂ ਦੀ ਅਸੀਂ ਗੱਲ ਕੀਤੀ ਹੈ, ਉਹ ਨਵੇਂ ਨਹੀਂ ਹਨ। ਨਵਾਂ ਉਨ੍ਹਾਂ ਦੀ ਪੇਸ਼ਕਾਰੀ ਦਾ ਅੰਦਾਜ਼ ਹੈ, ਜਾਂ ਜਾਵੀਆ। ਇਸ ਸੰਬੰਧ ਵਿੱਚ ਪਹਿਲੀ ਗੱਲ ਤਾਂ ਇਹ ਹੋਈ ਹੈ ਕਿ ਜ਼ਿੰਦਗੀ ਦੀ ਨਿੱਤ-ਵਧ-ਰਹੀ ਪੇਚੀਦਗੀ ਦੀ ਪੇਸ਼ਕਾਰੀ ਲਈ ਨਵੇਂ ਕਹਾਣੀਕਾਰਾਂ ਨੇ ਲੰਮੀ-ਨਿੱਕੀ ਕਹਾਣੀ ਦੀ ਨਵੀਂ ਵਿਧਾ ਸਿਰਜੀ ਹੈ। ਇਸ ਵਿਧਾ ਦੀ ਸਿਰਜਣਾਂ ਦੇ ਪਿੱਛੇ ਇਹ ਸੋਚ ਕੰਮ ਕਰਦੀ ਹੈ ਕਿ ਨਿੱਕੇ ਤੋਂ ਨਿੱਕੇ ਸਰੋਕਾਰ ਦੀਆਂ ਵੀ ਇਕ ਤੋਂ ਵੱਧ ਪਰਤਾਂ ਹੁੰਦੀਆਂ ਹਨ ਜਿਨ੍ਹਾਂ ਦੇ ਅੰਤਰ ਸੰਬੰਧਾਂ ਦਾ ਯਥਾਰਥ ਮੂਰਤੀਮਾਨ ਕਰਨ ਲਈ ਕਲਾਸਿਕ ਕਹਾਣੀ ਦਾ ਛਿੱਲਿਆ ਤਰਾਸ਼ਿਆ ਮਾਡਲ ਕਾਫ਼ੀ ਨਹੀਂ ਹੈ। ਦੂਸਰੇ ਵਾਸਤਵਿਕ ਅਤੇ ਉਸਦੇ ਮਾਨਸਿਕ ਅਕਸ ਦੇ ਜਿਹੜੇ ਸਮੀਕਰਣ ਬਣਦੇ ਹਨ, ਉਹ ਵੰਨ-ਸੁਵੰਨੇ ਤਾਂ ਹੁੰਦੇ ਹੀ ਹਨ, ਅੰਤਰ ਅਤੇ ਅੰਤਰਾ ਵਿਰੋਧੀ ਵੀ ਹੁੰਦੇ ਹਨ ਜਿਨ੍ਹਾਂ ਦੀ ਪੇਸ਼ਕਾਰੀ ਲਈ ਵਿਰੋਧਾਭਾਸ ਅਤੇ ਵਿਡੰਬਨਾ ਵਰਗੀਆਂ ਆਧੁਨਿਕ ਜੁਗਤਾਂ ਦੀ ਵਰਤੋਂ ਦੀ ਜ਼ਰੂਰਤ ਹੁੰਦੀ ਹੈ। ਇਹ ਜੁਗਤਾਂ ਨਿਰ-ਅੰਤੀ ਕਹਾਣੀ ਨੂੰ ਜਨਮ ਦਿੰਦੀਆਂ ਹਨ। ਘਟਨਾਵੀ ਰਹੱਸ ਜਾਂ ਉਤਸੁਕਤਾ ਭਰਪੂਰ ਗਤੀ ਇਨ੍ਹਾਂ ਕਹਾਣੀਆਂ ਦੀ ਦਿਲਚਸਪੀ ਦਾ ਕੇਂਦਰ ਨਹੀਂ। ਇਹ ਤਾਂ ਸਥਿਤੀ ਦੇ ਅੰਤਰ-ਦਵੰਦਾਂ ਦੇ ਵਰਣਨ ਤਕ ਮਹਿਦੂਦ ਹੁੰਦੀਆਂ ਹਨ ਅਤੇ ਇਨ੍ਹਾਂ ਅੰਤਰ-ਦਵੰਦਾਂ ਦੀ ਸੋਝੀ ਪ੍ਰਦਾਨ ਕਰਨ ਵਿੱਚ ਹੀ ਇਨ੍ਹਾਂ ਦੀ ਸਾਰਥਕਤਾ ਹੁੰਦੀ ਹੈ'।[36]

ਇਨ੍ਹਾਂ ਪੰਜਾਬੀ ਆਲੋਚਕਾਂ ਦੀ ਇਸ ਦੁਬਿਧਾ-ਪੂਰਣ ਸਥਿਤੀ ਦੇ ਮੁਕਾਬਲੇ ਤੇ ਕੁਝ ਹੋਰ ਵੀ ਵਿਦਵਾਨ ਲੇਖਕ ਹਨ ਜਿਹੜੇ ਲੰਮੀ ਕਹਾਣੀ ਦੀ ਵਿਧਾ ਦੇ ਵਿਲੱਖਣ ਰਚਨਾ ਵਿਧਾਨ ਦੀ ਨਿਸ਼ਾਨਦੇਹੀ ਕਰਦੇ ਹੋਏ ਇਸ ਦੀ ਨਿਵੇਕਲੀ ਰੂਪਾਕਾਰਕ ਪਛਾਣ ਨੂੰ ਸਥਾਪਿਤ ਕਰਨ ਦਾ ਯਤਨ ਕਰਦੇ ਹਨ। ਉਹ ਭਾਵੇਂ ਲੰਮੀ ਕਹਾਣੀ ਦੀ ਸੰਗਿਆ ਦੀ ਵਰਤੋਂ ਤਾਂ ਨਹੀਂ ਕਰਦੇ ਪਰ 'ਆਧੁਨਿਕ ਕਹਾਣੀ' ਜਾਂ 'ਹੁਣ ਦੀ ਕਹਾਣੀ' ਦੇ ਲੱਛਣ ਗਿਣਵਾਉਂਦਿਆਂ ਅਸਲ ਵਿੱਚ ਲੰਮੀ ਕਹਾਣੀ ਦੇ ਰੂਪਾਕਾਰਕ ਪਛਾਣ-ਚਿਨ੍ਹਾਂ ਦੀ ਰੂਪਰੇਖਾ ਉਲੀਕਦੇ ਹਨ। ਡਾ. ਗੁਰਪਾਲ ਸਿੰਘ ਅਨੁਸਾਰ 'ਆਧੁਨਿਕ ਕਹਾਣੀ ਵਿੱਚ ਬਿਰਤਾਂਤ ਸਿੱਧਾ ਇਕ ਲਕੀਰੀ ਜਾਂ ਕਾਲ-ਕ੍ਰਮਿਕ

Scanned with CamScanner

ਨਹੀਂ ਰਿਹਾ। ਇਹ ਵਰਤਮਾਨ ਵਿਚਦੀ ਭੂਤ ਤੇ ਭਵਿੱਖ ਨੂੰ ਦੇਖਦੀ ਹੈ, ਸਮੇਂ ਦਾ ਸਿੱਧਾ ਸੰਕਲਪ ਉਡ ਪੁਡ ਗਿਆ ਹੈ। ਇਸ ਕਰਕੇ ਪਰੰਪਰਾਗਤ ਕਹਾਣੀ ਵਾਲੀ ਬਿਰਤਾਂਤ ਦੀ ਇਕਰਸ ਕ੍ਰਮਿਕ ਚਾਲ ਨਹੀਂ ਰਹੀ। ਹੋ ਸਕਦਾ ਹੈ ਇਹ ਗੱਲ ਅਜੋਕੇ ਮਨੁੱਖ ਦੀ ਖਿੰਡ ਰਹੀ ਇਕਾਗਰਤਾ ਕਰਕੇ ਹੋਵੇ। ਅੱਜ ਦੇ ਕਹਾਣੀਕਾਰ ਨੂੰ ਇਸ ਖਿੰਡਾਉ ਦੀ ਸਮਝ ਲੱਗੀ ਹੈ। ਅੱਜ ਮਨੁੱਖ ਨੂੰ ਯਥਾਰਥ ਦੀ ਜਟਿਲਤਾ, ਬਹੁ-ਪਸਾਰਤਾ, ਤਰਲਤਾ ਤੇ ਚੰਚਲਤਾ ਵਧੇਰੇ ਤੀਬਰਤਾ ਨਾਲ ਮਹਿਸੂਸ ਹੋ ਰਹੀ ਹੈ। ਇਸ ਨੂੰ ਪਕੜਨ ਲਈ ਬਿਰਤਾਂਤ ਵੀ ਇਸੇ ਤਰ੍ਹਾਂ ਦਾ ਜਟਿਲ, ਬਹੁਪਾਸਾਰੀ ਤਰਲ ਤੇ ਚੰਚਲ ਹੋ ਗਿਆ ਹੈ'।[37] ਇਸ ਤਰ੍ਹਾਂ ਡਾ. ਧਨਵੰਤ ਕੌਰ, ਵੀਹਵੀਂ ਸਦੀ ਦੇ ਆਖਰੀ ਦਹਾਕੇ ਦੀ ਕਹਾਣੀ ਦੇ ਪਛਾਣ-ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਦੀ ਹੋਈ ਬਹੁਸੁਰੀ ਬਿਰਤਾਂਤ ਨੂੰ ਇਸ ਦੇ ਬਿਰਤਾਂਤ-ਸ਼ਾਸਤਰੀ ਲੱਛਣ ਵਜੋਂ ਪੇਸ਼ ਕਰਦੀ ਹੈ। ਉਸ ਦੇ ਲਫ਼ਜ਼ਾਂ ਵਿੱਚ 'ਬਿਰਤਾਂਤ ਸ਼ਾਸਤਰੀ ਦ੍ਰਿਸ਼ਟੀ ਤੋਂ ਇਸ ਦਹਾਕੇ ਦੀ ਕਹਾਣੀ ਦਾ ਪਛਾਣ (ਚਿੰਨ੍ਹ) ਇਸ ਦਾ ਬਹੁਸੁਰਵਾਦੀ ਅੰਦਾਜ਼ ਬਣਿਆ ਹੈ। ਬਹੁਸੁਰਵਾਦੀ ਹੋਣ ਤੋਂ ਭਾਵ ਹੈ ਕਥਾਨਕੀ ਬਣਤਰ ਵਿੱਚ ਇਕੋ ਵੇਲੇ ਬਹੁਤ ਸਾਰੀਆਂ ਖ਼ੁਦਮੁਖ਼ਤਾਰ ਧੁਨੀਆਂ/ਸੁਰਾਂ/ਚੇਤਨਾਵਾਂ ਦੀ ਗੁੰਜਾਇਸ਼ ਬਣਾਉਣਾ।[38] ਇਸੇ ਤਰ੍ਹਾਂ ਇਹੀ ਵਿਦਵਾਨ ਲੇਖਿਕਾ ਮਨੁੱਖ ਦੀ ਜ਼ਖ਼ਮੀ ਮਾਨਸਿਕਤਾ ਨੂੰ ਇਸ ਦੇ ਬਹੁ-ਪਰਿਪੇਖਾਂ ਸਹਿਤ ਬਿਰਤਾਂਤਣ ਨੂੰ ਇਸ ਦੌਰ ਦੀ ਕਹਾਣੀ ਦਾ ਇਕ ਹੋਰ ਪਛਾਣ ਚਿੰਨ੍ਹ ਮੰਨਦੀ ਹੈ।[39]

ਵਰਿਆਮ ਸਿੰਘ ਸੰਧੂ ਜੋ ਖ਼ੁਦ ਪੰਜਾਬੀ ਵਿੱਚ ਲੰਮੀ ਕਹਾਣੀ ਦੀ ਵਿਧਾਗਤ ਵਿਲੱਖਣਤਾ ਨੂੰ ਨਿਖਾਰਨ ਵਾਲਾ ਕਹਾਣੀਕਾਰ ਹੈ, ਇਸ ਕਿਸਮ ਦੀ ਕਹਾਣੀ ਦੀਆਂ ਖ਼ਾਸੀਅਤਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਲਿਖਦਾ ਹੈ ਕਿ 'ਹੁਣ ਕਹਾਣੀ' 'ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤਕ ਦਾ ਸਫ਼ਰ' ਜਾਂ 'ਸਰਪਟ ਘੋੜ ਦੌੜ ਨਾ ਰਹਿ ਗਈ। ਲੇਖਕ ਸਿੱਧਾ ਨੱਕ ਦੀ ਸੇਧੇ ਸ਼ੂਟ ਵੱਟ ਕੇ ਦੌੜਨ ਦੀ ਥਾਂ ਥੋੜ੍ਹਾ ਥੋੜ੍ਹਾ ਆਸੇ ਪਾਸੇ ਵੇਖ ਕੇ ਹੌਲੀ ਹੌਲੀ ਤੁਰਨ ਲੱਗਾ। ਆਸੇ ਪਾਸੇ ਬੜਾ ਕੁਝ ਸੋਹਣਾ-ਕੁਸੋਹਣਾ ਅਜਿਹਾ ਸੀ ਜੋ ਕਹਾਣੀ ਦੇ ਕੇਂਦਰੀ ਨੁਕਤੇ ਨੂੰ ਹੋਰ ਗੂੜ੍ਹਾ, ਪ੍ਰਭਾਵਸ਼ਾਲੀ ਤੇ ਜਾਨਦਾਰ ਬਣਾਉਣ ਵਿੱਚ ਅਸਰ-ਅੰਦਾਜ਼ ਹੁੰਦਾ ਸੀ। ਕਹਾਣੀਕਾਰ ਦੀ ਇਸ ਸਹਿਜ ਤੋਰ ਨੇ ਕਹਾਣੀ ਦੇ ਬਿਰਤਾਂਤ ਉੱਤੇ ਵੀ ਅਸਰ ਪਾਇਆ। ਲੇਖਕ ਹੁਣ ਕਹਾਣੀ ਪਾਉਣ ਦੀ ਥਾਂ ਕਹਾਣੀ ਵਿਖਾਉਣ ਲੱਗਾ। ਉਹ ਚੁੱਪ ਰਹਿ ਕੇ ਪਾਤਰਾਂ, ਸਥਿਤੀਆਂ ਅਤੇ ਘਟਨਾਵਾਂ ਦੇ ਟਕਰਾਉ ਵਿੱਚੋਂ ਕਹਾਣੀ ਦਾ ਸੱਚ ਉਜਾਗਰ ਕਰਨ ਲੱਗਾ। ਇਹੋ ਕਾਰਣ ਹੈ ਕਿ ਕਹਾਣੀ ਸਥਿਤੀ ਕੇਂਦਰਿਤ ਹੋਣ ਲੱਗੀ। ਪਹਿਲਾਂ ਵਾਂਗ ਨਿਸ਼ਚਿਤ ਆਦਿ, ਮੱਧ, ਸਿਖਰ ਤੇ ਅੰਤ ਵੱਲ ਵਧਣ ਦੀ ਥਾਂ ਕਹਾਣੀ ਵਿੱਚ ਛੋਟੇ ਛੋਟੇ ਕਈ ਕੇਂਦਰ ਬਿੰਦੂ ਉੱਭਰਨ ਲੱਗੇ। ਇਨ੍ਹਾਂ ਛੋਟੇ ਛੋਟੇ ਕੇਂਦਰ ਬਿੰਦੂਆਂ ਦੇ ਵੱਖਰੇ ਛੋਟੇ ਛੋਟੇ ਸਿਖਰ ਉੱਸਰਨ ਲੱਗੇ। ਪਹਿਲਾਂ ਵਾਂਗ ਪਰਤਵੀਂ ਲਿਸ਼ਕੋਰ ਦੀ ਥਾਂ ਇਹ ਸਿਖਰ ਫਟ ਕੇ ਆਪਣੇ ਕੇਂਦਰ ਬਿੰਦੂ ਅਤੇ ਜੀਵਨ ਦੇ ਛੋਟੇ ਛੋਟੇ ਪਹਿਲੂਆਂ ਨੂੰ ਰੌਸ਼ਨ ਕਰਨ ਲੱਗੇ। ਪਰ ਇਹ ਛੋਟੇ ਕੇਂਦਰ-ਬਿੰਦੂ ਇਕ, ਕੇਂਦਰੀ ਸੂਤਰ ਨਾਲ ਜੁੜੇ ਹੋਣ ਕਰਕੇ ਸਮੁੱਚੀ ਕਹਾਣੀ ਮੁੱਢ ਤੋਂ ਲੈ ਕੇ ਅਖੀਰ ਤੱਕ ਨਵੇਂ ਅਤੇ ਡੂੰਘੇ ਅਰਥਾਂ ਵਿੱਚ ਲਿਸ਼ਕ ਉੱਠੀ। ਅਜਿਹੀ ਕਹਾਣੀ ਦਾ ਇਕ ਨਿਸ਼ਚਿਤ ਅਤੇ ਬੰਦ ਅੰਤ ਹੋਣਾ ਸੁਭਾਵਕ ਨਹੀਂ ਸੀ। ਇਸੇ ਲਈ ਖੁੱਲ੍ਹੇ ਅੰਤ ਵਾਲੀ ਕਹਾਣੀ

Scanned with CamScanner

ਲਿਖੀ ਜਾਣ ਲੱਗੀ ਅਤੇ ਕਹਾਣੀ ਦੇ ਅਰਥ ਕਹਾਣੀ ਦੀ ਸੰਰਚਨਾ ਵਿੱਚ ਡੂੰਘੇ ਉੱਤਰ ਕੇ ਵੇਖੇ ਤੇ ਪਛਾਣੇ ਜਾਣ ਲੱਗੇ।'[40] ਭਾਵੇਂ ਸਿਰਜਣਾਤਮਕ ਭਾਸ਼ਾ ਵਿੱਚ ਹੀ ਸਹੀ, ਵਰਿਆਮ ਸੰਧੂ ਨੇ ਲੰਮੀ ਕਹਾਣੀ ਦੇ ਕਹਾਣੀ ਨਾਲੋਂ ਕੁਝ ਮਹੱਤਵਪੂਰਣ ਨਿੱਖੜਵੇਂ ਲੱਛਣਾਂ ਵਲ ਸੰਕੇਤ ਕੀਤਾ ਹੈ। ਇਕ ਸਿਖਰ ਦੀ ਥਾਂ ਕਈ ਸਿਖਰਾਂ ਅਤੇ ਇਕ ਪ੍ਰਕਾਸ਼ ਬਿੰਦੂ ਦੀ ਥਾਂ ਕਈ ਪ੍ਰਕਾਸ਼ ਬਿੰਦੂਆਂ ਵਾਲੀ ਬਿਰਤਾਂਤ-ਯੋਜਨਾ ਲੰਮੀ ਕਹਾਣੀ ਦੀ ਖ਼ਾਸੀਅਤ ਬਣ ਜਾਂਦੀ ਹੈ। ਇਸ ਨਾਲ ਸਥਿਤੀ ਦੇ ਚਮਤਕਾਰ ਦੀ ਬਜਾਏ ਸਥਿਤੀ ਦਾ ਗਹਿਰਾ ਅਨੁਭਵ ਪੈਦਾ ਹੁੰਦਾ ਹੈ।

ਇਸਰਾਈਲੀ ਕਹਾਣੀਕਾਰ ਯੋਸਫ਼ ਐਗਨਾਨ ਦੀਆਂ ਲੰਬੀਆਂ ਕਹਾਣੀਆਂ ਦੇ ਹਵਾਲੇ ਨਾਲ ਡਾ. ਨੂਰ ਲੰਬੀ ਕਹਾਣੀ ਦੇ ਪਛਾਣ-ਚਿੰਨ੍ਹਾਂ ਨੂੰ ਨਿਸ਼ਚਿਤ ਕਰਦੇ ਹੋਏ ਦੱਸਦੇ ਹਨ ਕਿ ਉਸ ਦੀਆਂ ਕਹਾਣੀਆਂ ਵਿੱਚ ਕੇਂਦਰ ਤਾਂ ਭਾਵੇਂ ਇਕ ਦੋ ਜਾਂ ਸੰਬੰਧਤ ਪਾਤਰ ਤੇ ਉਨ੍ਹਾਂ ਦੀਆਂ ਸਥਿਤੀਆਂ ਹੀ ਹੁੰਦੀਆਂ ਹਨ ਪਰ, ਪਰ ਥੀਮ ਵਿਚਲੀਆਂ ਜਟਿਲਤਾਵਾਂ ਇੰਨੀਆਂ ਵਿਸਤ੍ਰਿਤ ਹੁੰਦੀਆਂ ਹਨ ਕਿ ਉਨ੍ਹਾਂ ਦਾ ਮਹੱਤਵ ਵਿਸ਼ੇਸ਼ ਤੌਰ ਤੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੰਰਚਨਾ ਵਿੱਚ ਬਣਦਾ ਹੈ। ਇੰਝ ਹੀ ਕਾਫ਼ਕਾ ਦੀ ਕਹਾਣੀ ਦੇ ਹਵਾਲੇ ਵਿੱਚ ਉਹ ਸਥਾਪਿਤ ਕਰਦੇ ਹਨ ਕਿ ਲੰਬੀ ਕਹਾਣੀ ਦਾ ਪ੍ਰਤੀਕਾਤਮਕ ਤੌਰ ਤੇ ਅੰਦਰੋਂ ਵਿਸਤ੍ਰਿਤ ਜਟਿਲ ਤੇ ਡੂੰਘੇ ਅਰਥਾਂ ਵਾਲੀ ਹੋਣਾ ਸੁਭਾਵਿਕ ਹੈ। ਉਨ੍ਹਾਂ ਅਨੁਸਾਰ ਅਜਿਹੀ ਕਹਾਣੀ ਇੰਨੀ ਸਮਰੱਥ ਹੋ ਜਾਂਦੀ ਹੈ ਕਿ ਪ੍ਰਸ਼ਨ ਕੇਵਲ ਉਨ੍ਹਾਂ ਸਥਿਤੀਆਂ ਦਾ ਵਿਸ਼ੇਸ਼ ਇਕ ਸਮਾਜ ਜਾਂ ਕਾਲ ਵਿੱਚ ਨਹੀਂ ਰਹਿ ਜਾਂਦਾ, ਸਗੋਂ ਕਿਸੇ ਵੀ ਕਾਲ ਵਿੱਚ ਉਹੋ ਜਿਹੀਆਂ ਸਥਿਤੀਆਂ ਕਿਸੇ ਵੀ ਸਮਾਜ ਵਿੱਚ, ਇਹ ਪ੍ਰਸ਼ਨ ਬਣ ਜਾਂਦਾ ਹੈ। ਕਹਾਣੀ ਇਕੋ ਸਮੇਂ ਦੇਸ਼ ਕਾਲ ਵਲ ਸੰਕੇਤ ਵੀ ਕਰਦੀ ਹੈ ਤੇ ਉਸ ਤੋਂ ਪਾਰ ਇਕ ਸਦੀਵੀਂ ਅਰਥ ਵੀ ਪ੍ਰਾਪਤ ਕਰ ਲੈਂਦੀ ਹੈ। ਲੰਬੀ ਕਹਾਣੀ ਦੂਜੀ ਕਹਾਣੀ ਦੇ ਮੁਕਾਬਲੇ ਵਿੱਚ ਆਕਾਰ ਵਿੱਚ ਫੈਲੀ ਹੁੰਦੀ ਹੈ, ਪਰ ਉਸ ਦਾ ਅੰਦਰੋਂ ਉਪਰੋਕਤ ਵਿਧੀ ਵਿੱਚ ਵਿਸਤ੍ਰਿਤ ਹੋਣਾ ਜ਼ਰੂਰੀ ਹੈ।[41]

ਪੰਜਾਬੀ ਅਕਾਦਮਿਕਤਾ ਦੇ ਖੇਤਰ ਵਿੱਚ ਲੰਮੀ ਕਹਾਣੀ ਨੂੰ ਇਕ ਵਿਲੱਖਣ ਰੂਪਾਕਾਰਕ ਵਰਤਾਰੇ ਦੇ ਤੌਰ ਮਾਨਤਾ ਪ੍ਰਾਪਤ ਹੋਣ ਵੱਲ ਇਕ ਕਦਮ ਇਹ ਵੀ ਪੁੱਟਿਆ ਗਿਆ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿੱਚ ਪੀਐਚ.ਡੀ. ਦੀ ਡਿਗਰੀ ਲਈ 'ਪੰਜਾਬ ਲੰਮੀ ਕਹਾਣੀ ਦਾ ਸੰਰਚਨਾਤਮਕ ਅਧਿਐਨ' ਨਾਮੀ ਵਿਸ਼ਾ ਰਜਿਸਟਰ ਕੀਤਾ ਗਿਆ ਹੈ। ਇਸ ਵਿਸ਼ੇ ਤੇ ਖੋਜ ਕਰ ਰਹੀ ਖੋਜਾਰਥੀ ਨੇ ਆਪਣੇ ਰਜਿਸਟਰੇਸ਼ਨ ਪੇਪਰ ਵਿੱਚ ਲੰਮੀ ਕਹਾਣੀ ਦੀ ਰੂਪਾਕਾਰਕ ਪਛਾਣ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਅਨੁਸਾਰ, 'ਇਕ ਲੰਮੀ ਕਹਾਣੀ ਸੰਬੰਧੀ ਜੋ ਪ੍ਰਤੀਮਾਨ ਸਥਾਪਿਤ ਹੋ ਰਹੇ ਹਨ, ਉਹਨਾਂ ਵਿੱਚ ਸਿਰਫ਼ ਆਕਾਰ ਨੂੰ ਹੀ ਮਹੱਤਤਾ ਨਹੀਂ ਦਿੱਤੀ ਜਾ ਰਹੀ, ਸਗੋਂ ਉਸ ਦੇ ਬਹੁਪਰਤੀ ਪਾਸਾਰਾਂ ਨੂੰ ਸਮਝਿਆ ਗਿਆ ਹੈ। ਕਥਾ ਵਿੱਚ ਖਾਸ ਤੌਰ ਤੇ ਘਟਨਾਵੀ ਕ੍ਰਮ/ ਇਕਸਾਰਤਾ ਨੂੰ ਤੋੜ ਕੇ ਕਿਵੇਂ ਦੂਸਰਾ ਬਿਰਤਾਂਤ ਘੜ ਲਿਆ ਜਾਂਦਾ ਹੈ ਅਤੇ ਉਹ ਨਵਾਂ ਘੜਿਆ ਬਿਰਤਾਂਤ ਕਿਵੇਂ ਕਹਾਣੀ ਦੇ ਮੁਖ ਨੁਕਤਿਆਂ ਨੂੰ ਗਹਿਰਾਈ ਦਿੰਦਾ ਜਾਂਦਾ ਹੈ, ਅਜਿਹੀ ਸੰਰਚਨਾਤਮਕ ਵਿਸ਼ੇਸ਼ਤਾ ਨੂੰ ਲੰਮੀ ਕਹਾਣੀ ਦੇ ਪ੍ਰਸੰਗ ਵਿੱਚ ਵਿਚਾਰਿਆ ਜਾਂਦਾ ਰਿਹਾ ਹੈ।[42]

Scanned with CamScanner

ਆਪਣੇ ਇਸ ਖੋਜ-ਪੱਤਰ ਵਿੱਚ ਕਮਲਜੀਤ ਕੌਰ ਇਕ ਅੰਗਰੇਜ਼ ਵਿਦਵਾਨ ਰਿਚਰਡ ਹੈਨਰੀ ਦੀ ਕਿਤਾਬ 'ਸਟ੍ਰੈਟਜੀਜ਼ ਆਫ਼ ਫ਼ਿਕਸ਼ਨ' ਵਿੱਚ 'ਸ਼ਿਫ਼ਟਸ ਆਫ਼ ਰਜਿਸਟਰ' ਦੇ ਸੰਕਲਪ ਦੀ ਰੌਸ਼ਨੀ ਵਿੱਚ ਲੰਮੀ ਕਹਾਣੀ ਦੀ ਸੰਰਚਨਾਤਮਕ ਵਿਲੱਖਣਤਾ ਨੂੰ ਸਥਾਪਿਤ ਕਰਨ ਦਾ ਆਹਰ ਕਰਦੀ ਹੈ। ਉਸ ਦੁਆਰਾ ਦਿੱਤੇ ਹਵਾਲੇ ਅਨੁਸਾਰ, 'ਲੰਮੀ ਕਹਾਣੀ ਦੀ ਸੰਰਚਨਾ ਦੀ ਪਛਾਣ ਕਰਦੇ ਸਮੇਂ ਇਕ ਇਹ ਵਿਲੱਖਣਤਾ ਵੀ ਵੇਖਣ ਵਿੱਚ ਆਉਂਦੀ ਹੈ ਕਿ ਲੰਮੀ ਕਹਾਣੀ ਵਿੱਚ ਕਥਾ ਕਿਸੇ ਸਧਾਰਣ ਕੜੀ ਵਿੱਚ ਪਰੋਈ ਹੋਈ ਨਹੀਂ ਹੁੰਦੀ, ਸਗੋਂ ਕਥਾ ਵਿੱਚ ਪ੍ਰਾਪਤ ਰਜਿਸਟਰ ਲਗਾਤਾਰ ਆਪਣੀ ਸਥਿਤੀ ਬਦਲਦੇ ਰਹਿੰਦੇ ਹਨ। ਲੰਮੀ ਕਹਾਣੀ ਆਪਣੀ ਉਘੜ ਦੁਘੜ ਮੈਟਾਫ਼ਰ ਰਚਨਾ ਰਾਹੀਂ ਗੂੜ੍ਹ ਅਰਥਾਂ ਨੂੰ ਨਿਰੰਤਰ ਘੜਦੀ ਜਾਂਦੀ ਹੈ, ਛੱਡਦੀ ਜਾਂਦੀ ਹੈ ਅਤੇ ਉਹਨਾ ਛੱਡੇ ਹੋਏ ਅਰਥਾਂ ਨੂੰ ਮੁੜ ਗਤੀ ਪ੍ਰਦਾਨ ਕਰਦੀ ਹੈ। ਲੰਮੀ ਕਹਾਣੀ ਦੀ ਸੰਰਚਨਾ ਵਿੱਚ ਕਿਤੇ ਕਿਤੇ ਇਕ ਪਾਸਾਰ ਇਹ ਵੀ ਸਾਹਮਣੇ ਆਉਂਦਾ ਹੈ ਕਿ ਇਸ ਕਹਾਣੀ ਵਿੱਚ ਛੋਟੇ ਛੋਟੇ ਤਰਕ ਨਿਰੰਤਰ ਪੈਦਾ ਹੁੰਦੇ ਰਹਿੰਦੇ ਹਨ ਪਰ ਇਕ ਪੂਰਣ ਜਾਂ ਅਜਿਹੇ ਤਰਕ ਦੀ ਅਣਹੋਂਦ ਰਹਿੰਦੀ ਹੈ, ਜਿਸ ਕਾਰਣ ਪਾਠਕ ਲਈ ਸਥਿਤੀ ਦੀ ਨਿੱਜ-ਪਰਕ ਪਾਰਦਰਸ਼ਤਾ ਬਣਦੀ-ਵਿਗੜਦੀ ਰਹਿੰਦੀ ਹੈ। ਇਸੇ ਪਾਰਦਰਸ਼ਤਾ ਵਿੱਚੋਂ ਹੀ ਪਾਠਕ ਜਾਂ ਆਲੋਚਕ ਲਈ ਬਹਿਸ ਦੀ ਸੰਭਾਵਨਾ ਵੱਧ ਤੋਂ ਵੱਧ ਬਣਦੀ ਹੈ।[43]

ਲੰਮੀ ਕਹਾਣੀ ਦੀਆਂ ਰੂਪਾਕਾਰਕ ਖ਼ਾਸੀਅਤਾਂ ਦੀ ਨਿਸ਼ਾਨਦੇਹੀ ਲਈ ਇਸ ਵਿੱਚ ਘਟਨਾਵਾਂ ਦੇ ਸਰੂਪ ਅਤੇ ਪ੍ਰਕਾਰਜ ਨੂੰ ਵਿਚਾਰਿਆ ਜਾ ਸਕਦਾ ਹੈ। ਲੰਮੀ ਕਹਾਣੀ ਵਿੱਚ ਨਿੱਕੀ ਕਹਾਣੀ ਦੇ ਮੁਕਾਬਲੇ ਘਟਨਾਵਾਂ ਦੀ ਬਹੁਤਾਤ ਤਾਂ ਹੁੰਦੀ ਹੈ ਪਰ ਉਸ ਵਿੱਚ ਘਟਨਾਵਾਂ ਤਣਾਓ ਦੀ ਨਿਰੰਤਰਤਾ ਅਤੇ ਵਿਸਤਾਰ ਨੂੰ ਚਿੰਨ੍ਹਿਤ ਕਰਨ ਦੀ ਬਜਾਏ ਤਣਾਓ ਦੀ ਵਿਆਖਿਆ ਦੇ ਮਨੋਰਥ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਰਾਹੀ ਮੁਖ ਬਿਰਤਾਂਤ ਦੇ ਕੇਂਦਰੀ ਪਾਤਰਾਂ ਦੀਆਂ ਮਨੋ-ਗੁੰਝਲਾਂ ਅਤੇ ਵਿਹਾਰ ਦਾ ਪ੍ਰਸੰਗ ਸਿਰਜਿਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਮੁੱਖ ਬਿਰਤਾਂਤ ਦੇ ਅਰਥ ਨੂੰ ਸੰਘਣਾ ਕਰਦੀਆਂ ਹਨ। ਇਸ ਨਾਲ ਜੀਵਨ ਦੇ ਬਹੁ-ਪਾਸਾਰਾਂ ਦੀ ਬਜਾਏ ਬਿਰਤਾਂਤਕ ਕਾਰਜ ਅਤੇ ਮਨੁੱਖੀ ਵਿਵਹਾਰ ਦੀਆਂ ਡੂੰਘੀਆਂ ਪਰਤਾਂ ਉੱਘੜ ਆਉਂਦੀਆਂ ਹਨ। ਇਸ ਕਿਸਮ ਦੇ ਬਿਰਤਾਂਤ ਵਿੱਚ ਪ੍ਰਸਤੁਤ ਮਨੁੱਖੀ ਸਥਿਤੀ ਬਾਰੇ ਬਹੁ-ਸੁਰੀ ਪ੍ਰਵਚਨ ਦੀ ਸਿਰਜਣਾਂ ਤਾਂ ਭਾਵੇਂ ਨਹੀਂ ਹੋ ਸਕਦੀ ਹੁੰਦੀ ਪਰ ਉਸ ਸਥਿਤੀ ਦੀ ਬਹੁ-ਪਰਤੀ ਤੇ ਗਹਿਰੀ ਵਿਆਖਿਆ ਜ਼ਰੂਰ ਸਾਹਮਣੇ ਆ ਜਾਂਦੀ ਹੈ। ਇਸ ਵਿੱਚ ਜੋ ਵਿਭਿੰਨ ਸੁਰਾਂ ਪੈਦਾ ਹੁੰਦੀਆਂ ਹਨ ਉਹ ਇਕ ਦੂਜੇ ਵਿੱਚ ਧਸ ਕੇ ਜਟਿਲ ਤੇ ਬਹੁ-ਸੁਰੀ ਬਿਰਤਾਂਤ ਦੀ ਸਿਰਜਣਾ ਕਰਨ ਤੋਂ ਉਰਾਂ ਉਰਾਂ ਇਕ ਦੂਜੇ ਤੋਂ ਸੁਤੰਤਰ ਅਤੇ ਕਈ ਵਾਰ ਵਿਰੋਧੀ ਰੂਪ ਵਿੱਚ ਸਾਕਾਰ ਹੋ ਜਾਂਦੀਆਂ ਹਨ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਮੁਕਤੀ-1 ਤੇ ਮੁਕਤੀ-2 ਵਿੱਚ ਅਜਿਹੀਆਂ ਹੀ ਵਿਭਿੰਨ ਸੁਰਾਂ ਨੂੰ ਸਾਕਾਰ ਕੀਤਾ ਗਿਆ ਹੈ ਜਿਹੜੀਆਂ ਇਕੋ ਸਥਿਤੀ ਦੀ ਵੱਖੋ ਵੱਖਰੀ ਵਿਆਖਿਆ ਤਾਂ ਪੇਸ਼ ਕਰਦੀਆਂ ਹਨ ਪਰ ਇਹ ਵਿਆਖਿਆਵਾਂ ਇਕ ਦੂਜੇ ਤੋਂ ਬਿਲਕੁਲ ਸੁਤੰਤਰ ਰੂਪ ਵਿੱਚ ਹੀ ਹੋਂਦਮਾਨ ਹਨ। ਇਸੇ ਤਰ੍ਹਾਂ ਵਰਿਆਮ ਸੰਧੂ ਦੀ ਬਹੁ-ਚਰਚਿਤ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਅਰਥਾਂ ਦੀ ਜਟਿਲਤਾ ਨੂੰ ਤਾਂ ਸਾਕਾਰ ਕਰਦੀ ਹੈ ਅਤੇ ਉਸ ਦੀ ਪ੍ਰਾਪਤੀ ਪ੍ਰਮਾਣਿਕ ਪੰਜਾਬੀ ਬੰਦੇ ਦੇ

Scanned with CamScanner

ਨੁਕਤੇ ਤੋਂ ਪੰਜਾਬ ਦੇ ਤਤਕਾਲੀ ਸੰਕਟੀ ਦੌਰ ਦੀ ਸਮੁੱਚੀ ਸਥਿਤੀ ਦੀ ਜਟਿਲਤਾ ਨੂੰ ਸੰਯੋਜਿਤ- ਦ੍ਰਿਸ਼ਟੀ ਤੋਂ ਸਮਝਣ ਅਤੇ ਇਸ ਦੇ ਅਨੁਸਾਰੀ ਬਿਰਤਾਂਤ ਵਿੱਚ ਢਾਲਣ ਵਿੱਚ ਹੈ ਜਿਸ ਦੇ ਪ੍ਰਤਿਫਲ ਵਜੋਂ ਅਰਥ ਵਿੱਚ ਸੰਘਣਤਾ ਆਉਂਦੀ ਹੈ ਪਰ ਇਹ ਉਸ ਕਿਸਮ ਦਾ ਬਹੁਸੁਰੀ ਬਿਰਤਾਂਤ ਨਹੀਂ ਹੈ ਜਿਹੋ ਜਿਹਾ ਨਾਵਲ ਵਿੱਚ ਸਾਕਾਰ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਕਹਾਣੀ ਵਿੱਚ ਇਕ ਵਿਰਾਟ ਸੰਕਟੀ ਸਥਿਤੀ ਦਾ ਬੋਧ ਤਾਂ ਪ੍ਰਾਪਤ ਹੁੰਦਾ ਹੈ ਪਰ ਇਹ ਬੋਧ ਆਮ ਪ੍ਰਚਿਲਿਤ ਦ੍ਰਿਸ਼ਟੀਆਂ ਦਾ ਨਿਸ਼ੇਧ ਕਰਦਾ ਹੋਇਆ ਸਥਿਤੀ ਦੇ ਡੂੰਘੇ ਵਿਸ਼ਲੇਸ਼ਣ ਤੋਂ ਹਾਸਿਲ ਉਚੇਰੇ ਤੇ ਨਵੇਂ ਬੋਧ ਵਜੋਂ ਪ੍ਰਗਟ ਹੁੰਦਾ ਹੈ।

ਸਾਹਿਤ ਰੂਪਾਕਾਰਾਂ ਦੇ ਉਦੈ ਦਾ ਆਪਣਾ ਨਿਸ਼ਚਿਤ ਸਮਾਜ-ਸ਼ਾਸਤਰੀ ਤਰਕ ਵੀ ਹੁੰਦਾ ਹੈ। ਪੰਜਾਬ ਵਿੱਚ ਨਿੱਕੀ-ਕਹਾਣੀ ਉਦੋਂ ਹੋਂਦ ਗ੍ਰਹਿਣ ਕਰਦੀ ਹੈ ਜਦੋਂ ਪੰਜਾਬੀ ਬੰਦੇ ਦੀ ਸੰਵੇਦਨਾ ਅੰਦਰ ਆਧੁਨਿਕਤਾ ਦਾ ਦਾਖ਼ਿਲਾ ਹੁੰਦਾ ਹੈ। ਇਹ ਉਹ ਦੌਰ ਹੈ ਜਦੋਂ ਪੂੰਜੀਵਾਦੀ ਰਾਜਸੀ ਆਰਥਿਕਤਾ ਆਪਣੇ ਪ੍ਰਗਤੀਸ਼ੀਲ ਦੌਰ ਵਿੱਚੋਂ ਗੁਜ਼ਰਦੀ ਹੋਈ ਸਮਾਜਿਕ ਸਰਗਰਮੀ ਵਿੱਚ ਸਾਧਾਰਣ ਮਨੁੱਖ ਦੇ ਮਹੱਤਵ ਨੂੰ ਸਥਾਪਿਤ ਕਰਦੀ ਹੈ। ਇਸ ਦੌਰ ਵਿੱਚ ਆਰਥਿਕ ਖੇਤਰ ਵਿੱਚ ਉਤਪਾਦਨ ਅਤੇ ਮਾਰਕੀਟਿੰਗ ਦਾ ਫ਼ੋਕਸ ਇਕ ਗ੍ਰਾਹਕ ਅਤੇ ਉਪਭੋਗਤਾ ਦੇ ਤੌਰ ਤੇ ਸਧਾਰਣ ਮਨੁੱਖ ਉੱਤੇ ਆ ਜਾਂਦਾ ਹੈ ਅਤੇ ਰਾਜਨੀਤਕ ਸਰਗਰਮੀ ਵਿੱਚ ਸਧਾਰਣ ਮਨੁੱਖ ਦੀ ਸ਼ਮੂਲੀਅਤ ਫ਼ੈਸਲਾਕੁਨ ਸਮਝੀ ਜਾਂਦੀ ਹੈ। ਇਸ ਦੌਰ ਵਿੱਚ ਸਾਡਾ ਕਹਾਣੀਕਾਰ ਵਿਸ਼ੇਸ਼ ਨਾਲੋਂ ਸਧਾਰਣ ਵਿੱਚ ਦਿਲਚਸਪੀ ਲੈਣ ਲੱਗਦਾ ਹੈ ਅਤੇ ਸਧਾਰਣ ਮਨੁੱਖ ਦੇ ਸਧਾਰਣ ਪਰ ਅਣਗੌਲੇ ਪੱਖਾਂ ਨੂੰ ਮਾਸੂਮੀਅਤ ਭਰੀ ਹੈਰਾਨੀ ਨਾਲ ਵੇਖਦਾ ਹੈ। ਨਿੱਕੀ ਕਹਾਣੀਂ ਦੇ ਪ੍ਰਮੁਖ ਰਚਨਾਕਾਰ ਸਧਾਰਣ ਮਨੁੱਖੀ ਸੁਭਾਅ ਦੇ ਅਜਿਹੇ ਪੱਖਾਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਰੌਸ਼ਨ ਕਰਦੇ ਹਨ ਅਤੇ ਇਨ੍ਹਾਂ ਪੱਖਾਂ ਦੀ ਸਵਿਕ੍ਰਿਤੀ ਲਈ ਮਾਹੌਲ ਉਪਜਾਉਂਦੇ ਆਧੁਨਿਕ ਸੰਵੇਦਨਾ ਵਿੱਚ ਇਜ਼ਾਫ਼ਾ ਕਰਦੇ ਹਨ। ਇਸ ਦੇ ਮੁਕਾਬਲੇ ਲੰਮੀ ਕਹਾਣੀ ਉਸ ਦੌਰ ਦੀ ਪੈਦਾਵਾਰ ਜਦੋਂ ਅਸੀਂ ਮਾਸੂਸੀਅਤ ਭਰੇ ਹੁੰਗਾਰੇ ਤੋਂ ਅਗਾਂਹ ਲੰਘ ਕੇ ਮਨੁੱਖੀ ਸੁਭਾਅ ਦੀ ਜਟਿਲਤਾ ਅਤੇ ਇਸ ਨੂੰ ਉਪਜਾਉਣ ਵਾਲੇ ਜਟਿਲ ਸਮਾਜਿਕ ਵਰਤਾਰੇ ਨੂੰ ਸਮਝਣ ਦੇ ਰਸਤੇ ਪੈਂਦੇ ਹਾਂ। ਇਸ ਦੌਰ ਵਿੱਚ ਪੂੰਜੀਵਾਦ ਆਪਣੇ ਪ੍ਰੌਢ ਰੂਪ ਵਿੱਚ ਵਧੇਰੇ ਜਟਿਲ ਹੋ ਜਾਂਦਾ ਹੈ ਅਤੇ ਇਸ ਵਿੱਚ ਸ਼ੋਸ਼ਣ ਦੀ ਪ੍ਰਕਿਰਿਆ ਵਧੇਰੇ ਸੂਖਮ ਅਤੇ ਅਦਿੱਖ ਹੋ ਜਾਂਦੀ ਹੈ ਅਤੇ ਪੂੰਜੀਵਾਦੀ ਬਜ਼ਾਰ ਦੁਆਰਾ ਉਤਪੰਨ ਬਿੰਬਾਂ ਦੇ ਘੜਮੱਸ ਵਿੱਚ ਬੰਦੇ ਦੀ ਚੇਤਨਾ ਉਝੜ ਰਾਹੇ ਪੈ ਜਾਂਦੀ ਹੈ। ਵਿਸ਼ਵ ਅਰਥ-ਵਿਵਸਥਾ ਅਤੇ ਰਾਜਸੀ ਸੰਤੁਲਨਾ ਵਿੱਚ ਵੱਡਾ ਫੇਰ ਬਦਲ ਵਾਪਰਨ ਨਾਲ ਜ਼ਿੰਦਗੀ ਅਤੇ ਇਸ ਦੀ ਵਿਆਖਿਆ ਵਧੇਰੇ ਜਟਿਲ ਅਤੇ ਧੁੰਦਲੀ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਪੰਜਾਬੀ ਕਹਾਣੀਕਾਰ ਮਨੁੱਖੀ ਸੁਭਾਅ ਅਤੇ ਸਮਾਜਿਕ ਵਰਤਾਰੇ ਦੇ ਅਛੋਹ ਪਹਿਲੂਆਂ ਬਾਰੇ ਮਹਿਜ਼ ਮਾਸੂਮੀਅਤ ਭਰੀ ਹੈਰਾਨੀ ਪ੍ਰਗਟ ਕਰਨ ਦੀ ਬਜਾਏ ਡੂੰਘੇ ਵਿਸ਼ਲੇਸ਼ਣ ਦਾ ਰਸਤਾ ਅਖ਼ਤਿਆਰ ਕਰਦਾ ਹੈ ਅਤੇ ਉਨ੍ਹਾਂ ਸੰਰਚਨਾਵਾਂ ਨੂੰ ਸਮਝਣ ਤੇ ਨਸ਼ਰ ਕਰਨ ਦੇ ਮਨੋਰਥ ਨਾਲ ਜਟਿਲ ਬਿਰਤਾਂਤ ਦੀ ਵਿਧੀ ਦੀ ਈਜਾਦ ਕਰਦਾ ਹੈ। ਰੌਚਕ ਗੱਲ ਇਹ ਹੈ ਕਿ ਹੁਣ ਨਿੱਕੀ ਕਹਾਣੀ ਦੀ ਰਚਨਾ ਤਾਂ ਭਾਵੇਂ ਕਾਫ਼ੀ ਮਾਤਰਾ ਵਿੱਚ ਹੁੰਦੀ ਹੈ। ਪਰ ਕੋਈ ਨਿੱਕੀ ਕਹਾਣੀ ਬਹੁਤੀ ਚਰਚਾ ਵਿੱਚ

Scanned with CamScanner

ਨਹੀਂ ਆਉਂਦੀ ਜਿਵੇਂ ਕਿ ਲੰਮੀਆਂ ਕਹਾਣੀਆਂ ਚਰਚਾ ਵਿੱਚ ਆ ਰਹੀਆਂ ਹਨ। ਨਿੱਕੀ ਕਹਾਣੀ ਦੀ ਵਿਧੀ ਦੇ ਅਭਿਆਸ ਵਿੱਚ ਪ੍ਰਪੱਕ ਕਹਾਣੀਕਾਰ ਹੁਣ ਘੱਟ ਹੀ ਕਹਾਣੀ ਲਿਖਦੇ ਹਨ ਅਤੇ ਕੁਝ ਲੰਮੀ ਕਹਾਣੀ ਦੀ ਰਚਨਾ ਕਰਨ ਲੱਗ ਪਏ ਹਨ। ਇੰਝ ਲੰਮੀ ਕਹਾਣੀ ਨਿੱਕੀ-ਕਹਾਣੀ ਦਾ ਇਕ ਸਮਕਾਲੀ ਰੂਪ-ਭੇਦ ਨਾ ਰਹਿ ਕੇ ਇਕ ਅਗਲੇਰੇ ਇਤਿਹਾਸਕ ਦੌਰ ਦਾ ਨਵਾਂ ਰੂਪਾਕਾਰ ਬਣ ਕੇ ਉਭਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 655.
2. ਜੋਗਿੰਦਰ ਸਿੰਘ ਰਾਹੀ, ਜੋਤ-ਜਗਤ ਕੀ ਬਾਰਤਾ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2005 ਪੰਨਾ 56
3. ਜੋਗਿੰਦਰ ਸਿੰਘ ਰਾਹੀ, ਉਹੀ, ਪੰਨਾ 57-58
4. ਡਾ. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਾਹੌਰ ਬੁਕ ਸ਼ਾਪ, ਲੁਧਿਆਣਾ, ਚੌਥੀ ਵਾਰ 1977, ਪੰਨਾ 119-122
5. ਡਾ.ਟੀ.ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 ਪੰਨਾ 63
6. ਡਾ.ਟੀ.ਆਰ. ਵਿਨੋਦ, ਉਹੀ, ਪੰਨਾ 64
7. ਡਾ.ਟੀ.ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 ਪੰਨਾ 64
8. ਡਾ. ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1992 ਪੰਨਾ 14
9. ਉਹੀ, ਪੰਨਾ 20-21
10. ਉਹੀ, ਪੰਨਾ 21
11. ਉਹੀ, ਪੰਨਾ 18-21
12. ਕੇਸਰ ਸਿੰਘ ਕੇਸਰ, ਗਲਪ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006 ਪੰਨਾ 19
13. ਸੁਤਿੰਦਰ ਸਿੰਘ ਨੂਰ, ਮਸਲਾ ਕਹਾਣੀ, ਮਿੰਨੀ ਕਹਾਣੀ, ਲੰਮੀ ਕਹਾਣੀ, ਨਾਵਲ, ਨਾਵਲਿਟ ਅਤੇ ਮਿੰਨੀ ਨਾਵਲ ਦਾ, ਪੰਜਾਬੀ ਟ੍ਰਿਬਿਊਨ, 15 ਦਸੰਬਰ 1996 ਪੰਨਾ 5
14. Silverberg, Robert, *Sailing to Byzantium.* New York: ibooks, inc., 2000. as quoted in Wikipedia, the free encyclopedia
15. For the German writer, a novella is a fictional narrative of indeterminate length—a few pages to hundreds—restricted to a single, suspenseful event, situation, or conflict leading to an unexpected turning point (*Wendepunkt*), provoking a *logical,* but surprising end; *Novellen* tend to contain a con-


Scanned with CamScanner

crete symbol, which is the *narration's* steady point. Wikipedia, the free encyclopedia

16. A **novella** is a narrative work of prose fiction longer than a short story but shorter than a novel. While there is some disagreement of what length defines a novella, the *Science Fiction and Fantasy Writers of America Nebula Awards for science fiction* define the novella as having a word count between 17,500 and 40,000 or 60 to 130 pages. http://www.sfwa.org/awards/faq.htm Science Fiction and Fantasy Writers of America Awards FAQ. (Accessed 2/21/07) as quoted in Wikipedia, the free encyclopedia.
17. ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 18
18. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ: ਸਰੂਪ ਸਿੱਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 11
19. ਉਹੀ
20. ਟੀ.ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਨਾ 63
21. J.H. Hayward as quoted in ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ (ਡਾ. ਸਵਿੰਦਰ ਸਿੰਘ ਉੱਪਲ), ਪੰਨਾ 10
22. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ: ਸਰੂਪ ਸਿੱਧਾਂਤ ਤੇ ਵਿਕਾਸ, ਪੰਨਾ 11
23. ਸੁਖਬੀਰ, ਇਕ ਮ੍ਰਿਗਤ੍ਰਿਸ਼ਨਾ (ਕਹਾਣੀ), ਧਰਤੀ ਦਾ ਸੂਰਜ, ਲੜੀ-47, ਮਾਰਚ 2008, ਪੰਨਾ 7
24. ਸਾਹਿਤ ਕੋਸ਼, ਪੰਨਾ 655.
25. ਜਗਜੀਤ ਸਿੰਘ ਛਾਬੜਾ, ਉਧਰਿਤ ਪੰਜਾਬੀ ਕਹਾਣੀ : ਸਰੂਪ ਸਿੱਧਾਂਤ ਤੇ ਵਿਕਾਸ (ਡਾ. ਸਵਿੰਦਰ ਸਿੰਘ ਉੱਪਲ), ਪੰਨਾ 12
26. ਉਹੀ
27. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ : ਸਰੂਪ ਸਿੱਧਾਂਤ ਤੇ ਵਿਕਾਸ, ਪੰਨਾ 12
28. ਅਮਰ ਸਿੰਘ, ਉੱਧਰਿਤ : ਪੰਜਾਬੀ ਕਹਾਣੀ: ਸਰੂਪ ਸਿੱਧਾਂਤ ਤੇ ਵਿਕਾਸ (ਡਾ. ਸਵਿੰਦਰ ਸਿੰਘ ਉੱਪਲ), ਪੰਨਾ 12-13
29. ਉਹੀ
30. ਡਾ. ਸਵਿੰਦਰ ਸਿੰਘ ਉੱਪਲ, ਉਹੀ ਪੰਨਾ 13
31. ਉਹੀ ਪੰਨਾ 14
32. ਸੁਤਿੰਦਰ ਸਿੰਘ ਨੂਰ, 'ਮਸਲਾ ਕਹਾਣੀ, ਮਿੰਨੀ ਕਹਾਣੀ, ਲੰਮੀ ਕਹਾਣੀ, ਨਾਵਲ, ਨਾਵਲਿਟ ਅਤੇ ਮਿੰਨੀ ਨਾਵਲ ਦਾ'
33. ਜੋਗਿੰਦਰ ਸਿੰਘ ਰਾਹੀ, ਜੋਤ-ਜਗਤ ਕੀ ਬਾਰਤਾ, ਪੰਨਾ 57-58
34. ਜੋਗਿੰਦਰ ਸਿੰਘ ਰਾਹੀ, ਆਧੁਨਿਕ ਪੰਜਾਬੀ ਗਲਪ ਦੀਆਂ ਰੂਪ-ਵਿਧਾਵਾਂ ਤੇ ਉਨ੍ਹਾਂ ਦਾ

Scanned with CamScanner

ਰੂਪਾਂਤਰਣ, 'ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਤੇ ਰੂਪਾਂਤਰਣ' ਵਿਸ਼ੇ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ ਤਿੰਨ ਰੋਜ਼ਾ ਸੈਮੀਨਾਰ (5-7 ਮਾਰਚ 2008) ਦੌਰਾਨ ਪ੍ਰਸਤੁਤ ਖੋਜ-ਪੱਤਰ, ਪੰਨਾ 3

35. ਟੀ.ਆਰ. ਵਿਨੋਦ, ਪੰਜਾਬੀ ਕਹਾਣੀ ਅਧਿਐਨ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1988 ਪੰਨਾ 21-22

36. ਟੀ.ਆਰ. ਵਿਨੋਦ, ਪੁਰਾਣੀ ਬਨਾਮ ਨਵੀਂ: ਆਧੁਨਿਕ ਪੰਜਾਬੀ ਕਹਾਣੀ, ਪੰਜਾਬੀ ਕਹਾਣੀ ਆਲੋਚਨਾ: ਰੂਪ ਤੇ ਰੁਝਾਨ, ਵਰਿਆਮ ਸਿੰਘ ਸੰਧੂ (ਸੰਪਾਦਕ), ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, 1995, ਪੰਨਾ 124

37. ਗੁਰਲਾਲ ਸਿੰਘ, ਅਜੋਕੀ ਪੰਜਾਬੀ ਕਹਾਣੀ ਵਿੱਚ ਪਰੰਪਰਾਗਤ ਤੇ ਆਧੁਨਿਕ, ਪੰਜਾਬੀ ਕਹਾਣੀ ਆਲੋਚਨਾ: ਰੂਪ ਤੇ ਰੁਝਾਨ, ਪੰਨਾ 77

38. ਡਾ. ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003, ਪੰਨਾ 54

39. ਡਾ. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, ਦਿੱਲੀ, 1994

40. ਵਰਿਆਮ ਸਿੰਘ ਸੰਧੂ, 'ਦੋ ਇਤਿਹਾਸਕ ਸਮਾਗਮ ਤੇ ਨਵੀਂ ਪੰਜਾਬੀ ਕਹਾਣੀ', ਪੰਜਾਬੀ ਕਹਾਣੀ ਆਲੋਚਨਾ: ਰੂਪ ਤੇ ਰੁਝਾਨ, ਪੰਨਾ 24-25

41. ਸੁਤਿੰਦਰ ਸਿੰਘ ਨੂਰ, 'ਮਸਲਾ ਕਹਾਣੀ, ਮਿੰਨੀ ਕਹਾਣੀ, ਲੰਮੀ ਕਹਾਣੀ, ਨਾਵਲ, ਨਾਵਲਿਟ ਅਤੇ ਮਿੰਨੀ ਨਾਵਲ ਦਾ'

42. ਕਮਲਜੀਤ ਕੌਰ, ਪੰਜਾਬੀ ਲੰਮੀ ਕਹਾਣੀ ਦਾ ਸੰਰਚਨਾਤਮਕ ਅਧਿਐਨ, ਪੀਐਚ.ਡੀ. ਰਜਿਸਟਰੇਸ਼ਨ ਲਈ ਪ੍ਰਸਤੁਤ ਖੋਜ-ਪੱਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005 ਪੰਨਾ 3

43. ਉਹੀ

Scanned with CamScanner